# ਵਤਨ

www.watanpunjabi.ca

ਜੁਲਾਈ-ਸਤੰਬਰ 2009

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਪਾਲ ਬਿਨਿੰਗ

ਇਸ ਅੰਕ ਵਿੱਚ


| ਇਸ ਅੰਕ ਵਿੱਚ | | | ਸਫਾ |
|---|---|---|---|
| ਸੰਪਰਕ | | | 2 |
| ਕਵਿਤਾਵਾਂ | | | |
| | ਦੋ ਕਵਿਤਾਵਾਂ | ਕੁਲਵਿੰਦਰ ਖਹਿਰਾ | 3 |
| | ਦੋ ਗ਼ਜ਼ਲਾਂ | ਦਾਦਰ ਪੰਡੋਰਵੀ | 4 |
| | ਦੋ ਕਵਿਤਾਵਾਂ | ਨਦੀਮ ਪਰਮਾਰ | 31 |
| ਸ਼ਰਧਾਂਜਲੀ | | | |
| | ਗੁਰਦੇਵ ਸਿੰਘ ਗਰੇਵਾਲ ਨਹੀਂ ਰਹੇ | | 5 |
| ਲੇਖ | | | |
| | ਗੁਰਦਾਸ ਰਾਮ ਆਲਮ: ਵੀਹਵੀਂ ਬਰਸੀ 'ਤੇ ਯਾਦ ਕਰਦਿਆਂ | ਸੁਖਦੇਵ ਸਿੱਧੂ | 6 |
| | ਅੰਮ੍ਰਿਤਾ ਸ਼ੇਰਗਿੱਲ | ਜਗਤਾਰਜੀਤ | 51 |
| ਕਹਾਣੀ | | | |
| | ਝੁਮਕੇ | ਕੁਲਜੀਤ ਮਾਨ | 16 |
| ਲੜੀਵਾਰ ਨਾਵਲ | ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 33 |
| ਵਿਅੰਗ | | | |
| | ਆਓ ਜਾਨੀ ਦੇ ਪੈਰ ਚੁੰਮੀਏ | ਸਾਧੂ ਬਿਨਿੰਗ | 62 |
| ਟਿੱਪਣੀ | | | |
| | ਮਦਰਜ਼ ਡੇਅ | ਬਲਰਾਜ ਚੀਮਾ | 65 |
| ਪੁਸਤਕ ਰੀਵੀਊ | | | |
| | ਹੀਰਾ ਮੰਡੀ ਲਾਹੌਰ ਦੀ | ਸੁਖਵੰਤ ਹੁੰਦਲ | 68 |

---

## ਸੰਪਰਕ


| | | |
|---|---|---|
| **ਸੁਖਵੰਤ ਹੁੰਦਲ** | shundal@sfu.ca | **604-595-5767** |
| **ਸਾਧੂ ਬਿਨਿੰਗ** | sadhu.binning@gmail.com | **604-437-9014** |
| **ਹਰਪ੍ਰੀਤ ਸੇਖਾ** | hsekha@hotmail.com | **604-599-4986** |
| **ਪਾਲ ਬਿਨਿੰਗ** | paulbinning67@gmail.com | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3


---

## ਕਾਪੀਰਾਇਟ ਨੋਟਿਸ


ਜਿਹੜੀ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। – ਅਦਾਰਾ ਵਤਨ


---

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.

All officeholders and members of Watan, past and present, have been and are honorary associates.

---

## ਕੀਮਤ

ਔਨਲਾਈਨ www.watanpunjabi.ca ਮੁਫਤ।

ਪ੍ਰਿੰਟਿਡ ਕਾਪੀ ਇੱਕ ਅੰਕ: 5 ਡਾਲਰ

ਸਾਲਾਨਾ ਚੰਦਾ ਡਾਕ ਰਾਹੀਂ (ਸਿਰਫ ਉੱਤਰੀ ਅਮਰੀਕਾ ਲਈ): 25 ਡਾਲਰ

ਆਪਣੇ ਚੈੱਕ ਸੁਖਵੰਤ ਹੁੰਦਲ ਜਾਂ ਹਰਪ੍ਰੀਤ ਸਾਰਾ ਦੇ ਨਾਂ ਬਣਾਉ।

---

# ਦੋ ਕਵਿਤਾਵਾਂ

## ਕੁਲਵਿੰਦਰ ਖਹਿਰਾ

### ਧੌਲ਼ਾ

1.

ਧੌਲ਼ਾ ਹੁਣ ਉਹ ਨਹੀਂ ਰਿਹਾ
ਚੁੱਕ ਸਕੇ ਜੋ ਧਰਤੀ ਦਾ ਭਾਰ
ਹਫ਼ ਗਿਆ ਹੈ ਧੌਲ਼ਾ
ਆਪਣੇ ਹੀ ਘਰ ਦੀ
ਡਿਗਦੀ ਛੱਤ ਨੂੰ
ਥੰਮ੍ਹਦਾ ਥੰਮ੍ਹਦਾ!
ਕਿਰਦੇ ਹੋਏ ਮਲਬੇ ਹੇਠ
ਭੁੱਲਦੀ ਜਾ ਰਹੀ ਹੈ ਖੁਲ੍ਹਣਾ
ਉਸ ਦੀ ਤੀਸਰੀ ਅੱਖ
ਤੇ ਛਤੀਰ ਘਰ ਦਾ
ਬਣ ਗਿਆ ਹੈ-
ਉਸ ਦੇ ਸਿਰ ਦਾ ਤੀਸਰਾ ਸਿੰਙ
ਧੌਲ਼ੇ ਕੋਲ਼
ਹੱਥ ਨਹੀਂ-ਸਿਰਫ ਸਿੰਙ ਹਨ
ਸਿੰਙ ਜੋ ਪਲੋਸਣਾ ਨਹੀਂ ਜਾਣਦੇ
ਜਿਨ੍ਹਾਂ ਦੀ ਛੋਹ ਵਿੱਚ ਕੋਮਲਤਾ ਨਹੀਂ ਹੁੰਦੀ
ਤੇ ਕਦੋਂ ਸਹਿੰਦੀ ਹੈ
ਘਰਾਂ ਦੀ ਨਾਜ਼ੁਕਤਾ
ਸਿੰਙਾਂ ਦਾ ਨੋਕੀਲਾਪਨ!
ਹਵਾ 'ਚ ਡੋਲਦੀ ਧਰਤੀ ਨੂੰ ਤੱਕਦਾ ਧੌਲ਼ਾ
ਘਬਰਾਉਂਦਾ ਹੈ
ਛਟਪਟਾਉਂਦਾ ਹੈ
ਧਰਤ ਨੂੰ ਜਾ ਥੰਮ੍ਹਣਾ ਚਾਹੁੰਦਾ ਹੈ
ਡੋਲਦੀ ਹੋਈ ਧਰਤ 'ਤੇ
ਉਸ ਨੂੰ ਆਪਣਾ ਥਿੜਕਦਾ ਘਰ ਨਜ਼ਰ ਆਉਂਦਾ ਹੈ
ਧੌਲ਼ੇ ਦੇ ਸਿੰਙ ਹਿਲਦੇ ਹਨ
ਖੁਰ ਧੂੜ ਉਡਾਉਂਦੇ ਹਨ
ਹਿਲਦੇ ਹੋਏ ਸਿੰਙ
ਧੂੜਾਂ ਪੁੱਟਦੇ ਖੁਰ
ਕਦ ਹੱਥਾਂ ਦਾ ਫ਼ਰਜ਼ ਨਿਭਾਉਂਦੇ ਹਨ?
ਡੋਲਦੀ ਧਰਤ
ਤੇ ਆਪਣੇ ਘਰ ਦੀ ਡਿਗਦੀ ਛੱਤ ਨੂੰ ਵੇਖਦਾ
ਚੀਕਦਾ ਹੈ ਬੇਵੱਸ ਧੌਲ਼ਾ
ਫ਼ਿਜ਼ਾ ਨੂੰ ਉਸ ਦੀ ਚੀਕ ਨਹੀਂ
ਸਿਰਫ ਬੜ੍ਹਕ ਸੁਣਾਈ ਦਿੰਦੀ ਹੈ
ਬੇਜ਼ੁਬਾਨਾ
ਬੇਹੱਥਾ
ਆਪਣੇ ਹੀ ਘਰ ਦੀ ਡਿਗਦੀ ਛੱਤ
ਥੰਮ੍ਹਣੋਂ ਬੇਵੱਸਾ
ਧੌਲ਼ਾ ਹੁਣ ਉਹ ਨਹੀਂ ਰਿਹਾ
ਚੁੱਕ ਸਕੇ ਜੋ ਧਰਤੀ ਦਾ ਭਾਰ!

2.

ਧੌਲ਼ਾ!
ਜੋ ਧਰਤ ਨੂੰ ਸਿੰਙਾਂ 'ਤੇ ਚੁੱਕੀ
ਹਵਾਵਾਂ 'ਚ ਉਡਦਾ ਸੀ ਕਦੇ
ਡਰਦਾ ਹੈ ਬੜਾ ਹੀ
ਅਪਣੇ ਹੀ ਘਰ ਦੇ ਦੀਵੇ ਕੋਲ਼ੋਂ
ਜਾਣ ਗਿਆ ਹੈ ਜਦ ਦਾ
ਕਿ ਰੁਸ਼ਨਾਉਂਦੇ ਹੀ ਨਹੀਂ
ਜਲਾਉਂਦੇ ਵੀ ਨੇ
ਘਰਾਂ ਨੂੰ ਚਿਰਾਗ਼!
ਕਿ ਸਿਰਫ ਥੰਮ੍ਹ ਹੀ ਨਹੀਂ
ਲੱਗੀ ਅੱਗ ਤੋਂ
ਬਾਲਣ ਵੀ ਬਣਦੇ ਨੇ ਛਤੀਰ!
ਚਿਰਾਗ਼ਾਂ ਦੇ ਖ਼ੌਫ਼
ਤੇ ਘਰਾਂ ਦੀ ਨਾਜ਼ੁਕਤਾ 'ਚ ਘਿਰਿਆ
ਆਪਣੇ ਘਰ ਦੇ ਛਤੀਰਾਂ ਨੂੰ
ਚਿਰਾਗ਼ਾਂ ਤੋਂ ਬਚਾਉਂਦਾ
ਧੌਲ਼ਾ ਹੁਣ ਉਹ ਨਹੀਂ ਰਿਹਾ
ਚੁੱਕ ਸਕੇ ਜੋ ਧਰਤੀ ਦਾ ਭਾਰ!

### ਬੇਦਾਵਾ

ਬੇਦਾਵਾ ਲਿਖਣਾ ਚਾਹੁੰਦੇ ਨੇ
ਉਹ
ਸ਼ਬਦਾਂ ਦੇ ਅਰਥਾਂ ਦੀ
ਗਹਿਰਾਈ ਜਾਣਦੇ ਨੇ ਜੋ।

ਜਾਣਦੇ ਨੇ ਜੋ
ਕਿ ਬੇਦਾਵਾ ਨਾ ਲਿਖਣ ਦਾ ਅਰਥ
ਵਫ਼ਾਦਾਰੀ ਹੀ ਨਹੀਂ
ਕਾਇਰਤਾ ਵੀ ਹੁੰਦਾ ਹੈ
ਕਦੀ ਕਦੀ।

ਬੇਦਾਵਾ ਮਹਾਂ ਸਿੰਘ ਹੀ ਨਹੀਂ ਲਿਖਦੇ
ਨਾਨਕ ਵੀ ਲਿਖਦਾ ਹੈ ਬੇਦਾਵਾ
ਜੰਜੂ ਤੋਂ ਮੁਕਤ ਹੋਣ ਲਈ
ਬੁੱਤਕਦੇ 'ਚੋਂ ਬਾਹਰ ਆਉਣ ਲਈ
ਮੱਕੇ ਦੀ ਹੋਂਦ ਫੈਲਾਉਣ ਲਈ!
"ਨਾ ਹਮ ਹਿੰਦੂ
ਨਾ ਮੁਸਲਮਾਨ" ਅਖਵਾਉਣ ਲਈ।

ਹਰਗੋਬਿੰਦ ਵੀ ਲਿਖਦਾ ਹੈ-
ਅਰਜਨ ਨੂੰ ਬੇਦਾਵਾ

ਹੋ 'ਭਾਣੇ' ਦੀ 'ਮਿੱਠਤ' ਤੋਂ ਇਨਕਾਰੀ
ਦੁਆਵਾਂ ਲਈ ਜੁੜਦੇ ਹੱਥਾਂ ਨੂੰ ਜਦ
ਤਲਵਾਰਾਂ ਦੇ ਦਸਤੇ
ਪਲੋਸਣੇ ਸਿਖਾਉਂਦਾ ਹੈ।
ਇੱਕ ਨਵਾਂ ਰਸਤਾ ਅਮੀਰੀ ਦਾ
ਅਪਨਾਉਂਦਾ ਹੈ।

ਬੰਦਾ ਵੀ ਲਿਖਦਾ ਹੈ ਬੇਦਾਵਾ
'ਸਰਬੱਤ ਦੇ ਭਲੇ' ਤੋਂ ਮੁਨਕਰ ਹੋ
ਸਿਖਾਉਂਦਾ ਹੈ ਜਦ
ਸਰਹਿੰਦ ਨੂੰ 'ਸਬਕ'!!!

"ਉਹ" ਵੀ
ਲਿਖਣਾ ਚਾਹੁੰਦੇ ਨੇ ਬੇਦਾਵਾ
ਤਰਸ ਜਾਂਦੇ ਨੇ ਜੋ
"ਮਨ ਚਿੰਦੇ" ਫਲ਼ਾਂ ਨੂੰ
ਉਡੀਕਦੇ ਉਡੀਕਦੇ!
ਜਿਨ੍ਹਾਂ ਦੇ ਮੱਥਿਆਂ 'ਚ ਉੱਗ ਆਏ ਨੇ ਸਵਾਲ
ਕਿ "ਭਾਣਾ" ਸਦਾ
ਉਨ੍ਹਾਂ ਨੂੰ ਹੀ ਕਿਉਂ ਮੰਨਣਾ ਪੈਂਦਾ ਹੈ?
ਕਿ ਹੱਥ 'ਸ਼ਕਤੀਮਾਨ' ਦਾ ਸਦਾ
ਕਿਉਂ 'ਸ਼ਕਤੀਵਾਨਾਂ' ਦੇ ਸਿਰੀ ਹੀ ਰਹਿੰਦਾ ਹੈ??
ਕਿ ਬਿਨਾਂ ਬੇਦਾਵਿਆਂ ਕਦ
ਨਵਾਂ ਕੋਈ ਪੂਰਨਾ ਪੈਂਦਾ ਹੈ?

ਬੇਦਾਵਾ ਲਿਖਣ ਤੋਂ ਜੋ ਡਰਦੇ ਨੇ
ਉਹ ਖੋਪਿਆਂ ਦਾ ਸਰਾਪ ਜਰਦੇ ਨੇ।
ਲੀਹਾਂ 'ਚ ਜੀਂਦੇ
ਲੀਹਾਂ 'ਚ ਮਰਦੇ ਨੇ।

ਬੇਦਾਵਾ ਲਿਖਣਾ ਚਾਹੁੰਦੇ ਨੇ ਉਹ!
ਸ਼ਬਦਾਂ ਦੇ ਅਰਥਾਂ ਦੀ
ਗਹਿਰਾਈ ਜਾਣਦੇ ਨੇ ਜੋ।

●●

## ਦੋ ਗ਼ਜ਼ਲਾਂ

### 'ਦਾਦਰ' ਪੰਡੋਰਵੀ

1.

ਜਲਾ ਕੇ ਦੀਪ ਤੁਰ ਪੈਂਦੇ ਨੇ ਉਹ ਸੱਦਣ ਹਵਾਵਾਂ ਨੂੰ,
ਮਸੀਹੇ ਕਿਸ ਤਰ੍ਹਾਂ ਦੇ ਸੌਂਪ ਆਏ ਹਾਂ ਗਰਾਂਵਾਂ ਨੂੰ!

ਸਫ਼ਰ ਦੇ ਮੋੜ ਤੇ ਇਹ ਕਿਸ ਤਰ੍ਹਾਂ ਦਾ ਹਾਦਸਾ ਹੋਇਆ,
ਮੁਸਾਫਿਰ ਭੁਲ ਗਏ ਮਹਿਸੂਸ ਕਰਨਾ ਧੁੱਪਾਂ-ਛਾਵਾਂ ਨੂੰ!

ਸਦੀਵੀ ਪਿੰਜਰੇ ਪੈ ਜਾਣ ਦਾ ਵੀ ਡਰ ਜਿਹਾ ਲਗਦੈ,
ਉਡਾਰੀ ਭਰਨ ਦੀ ਸੋਚਾਂ ਜਦੋਂ ਪੱਛਮ- ਦਿਸ਼ਾਵਾਂ ਨੂੰ!

ਮਸਾਂ ਹੀ ਵਕਤ ਮਿਲਿਆ ਸੀ, ਨਹੀਂ ਸੀ ਭਾਰਤ ਉਹ ਕੋਈ,
ਕਿਵੇਂ ਫਿਰ ਰਾਜ਼-ਗੱਦੀ ਤੇ ਬਿਠਾ ਦਿੰਦਾ ਖੜਾਵਾਂ ਨੂੰ!

ਸਫ਼ਰ ਵਿਚ ਕੁਝ ਨਾ ਕੁਝ ਤਾਂ ਹੁੰਦੀਆਂ ਨੇ ਤਲਖ਼ੀਆਂ ਆਖ਼ਿਰ,
ਨਾ ਖ਼ਾਬਾਂ ਚੋਂ ਕਰੀਂ ਮਨਫ਼ੀ, ਚਿਰਾਗ਼ਾਂ ਨੂੰ ਤੇ ਛਾਵਾਂ ਨੂੰ!

ਜਗਾ ਕੇ ਝੀਲ ਸੁੱਤੀ ਤਾਂਈਂ ਅੱਧੀ ਰਾਤ ਨੂੰ ਅਕਸਰ,
ਪਿਲਾਉਂਦਾ ਹੈ ਉਹ ਪਾਣੀ ਤੜਪਦੀਆਂ ਆਤਮਾਵਾਂ ਨੂੰ!

ਤੁਸੀਂ ਅਹਿਸਾਸ ਮੁਕਤੀ ਦੇਣ ਦਾ ਜੇ ਕਰ ਲਿਆ ਖ਼ਾਰਿਜ਼,
ਅਸੀਂ ਵੀ ਮੌਲਣੋ ਮੁਨਕਰ ਹਾਂ, ਪਾਣੀ ਲਾ ਨਾ ਚਾਵਾਂ ਨੂੰ!

ਚਮਨ ਦੇ ਨਾਲ ਕੈਸਾ ਇਸ਼ਕ ਹੈ ਇਹ ਬਾਗ਼ਬਾਨਾਂ ਦਾ?
ਹੈ ਮੁੱਦਤ ਹੋ ਗਈ, ਨਾ ਫੁਲ, ਨਾ ਫ਼ਲ ਲੱਗੇ ਸ਼ਖ਼ਾਵਾਂ ਨੂੰ!

2.

ਮੇਰਾ ਬੇਟਾ ਹੁਣੇ ਮੇਰੀ ਨਸੀਹਤ ਸਮਝਦਾ ਹੈ,
ਖਿਡਾਉਣੇ ਕੀਮਤੀ, ਬਟੂਏ ਦੀ ਹਾਲਤ ਸਮਝਦਾ ਹੈ!

ਪਰਿੰਦੇ ਆਲ੍ਹਣੇ ਦੇ ਵਾਸਤੇ ਰੁਖ ਮੰਗਦੇ ਨੇ,
'ਤੇ ਵੇਖੋ ਸੋਚ ਜੰਗਲ ਦੀ ਬਗ਼ਾਵਤ ਸਮਝਦਾ ਹੈ!

ਅਸੀਂ ਇਨਸਾਨ ਹਾਂ, ਇਹ ਤਾਂ ਅਸੀਂ ਹੀ ਸਮਝਦੇ ਹਾਂ,
ਮਗਰ ਕੀੜੇ-ਮਕੌੜੇ ਸਾਨੂੰ 'ਭਾਰਤ' ਸਮਝਦਾ ਹੈ!

ਘਰਾਂ ਵਿਚ ਆਉਣਾ-ਜਾਣਾ ਆਦਮੀ ਨੇ ਰੋਕ ਦਿੱਤਾ,
ਕਮੀ ਚਿੜੀਆਂ ਦੀ ਨੂੰ ਫਿਰ ਵੀ 'ਇਹ' ਆਫ਼ਤ ਸਮਝਦਾ ਹੈ ?

ਅਗਰ ਖ਼ਾਮੋਸ਼ ਪੱਥਰ ਹੋ ਗਏ ਨੇ ਕੁਝ ਦਿਨਾਂ ਤੋਂ,
ਉਹ ਸ਼ੀਸ਼ੇ ਦੇ ਮਕਾਨਾਂ ਨੂੰ ਸਲਾਮਤ ਸਮਝਦਾ ਹੈ!

ਕਿਵੇਂ ਪ੍ਰਬੰਧ ਨੇ ਸ਼ੱਕੀ ਬਣਾਈਆਂ ਨੇ ਉਡਾਨਾਂ,
ਪਰਿੰਦਾ ਪਿੰਜ਼ਰੇ ਵਿਚ ਹੀ ਹਿਫ਼ਾਜ਼ਤ ਸਮਝਦਾ ਹੈ!

ਸਕੂਲੇ ਜਾਣ ਬਦਲੇ ਮੰਗਦੈ ਜੇ ਜੇਬ ਖ਼ਰਚਾ,
ਤਾਂ ਸਮਝੋ ਬੱਚਾ ਵੀ ਅਜਕਲ੍ਹ ਸਿਆਸਤ ਸਮਝਦਾ ਹੈ!

ਸਿਫ਼ਾਰਸ਼ ਨਾਲ, ਰਿਸ਼ਵਤ ਨਾਲ ਸਭ ਕੁਝ ਮਿਲ ਰਿਹੈ, ਪਰ
ਇਹ ਸਾਡਾ ਮੁਲਕ ਇਸ ਨੂੰ ਵੀ ਸਹੂਲਤ ਸਮਝਦਾ ਹੈ!

ਮੁਕੱਦਰ ਆਪਣਾ ਚੂਰੀ ਨੂੰ ਹੀ ਉਹ ਸਮਝ ਬੈਠਾ,
ਪਰਿੰਦਾ ਪਿੰਜਰੇ ਨੂੰ ਅਪਣੀ ਵਸੀਅਤ ਸਮਝਦਾ ਹੈ!

# ਗੁਰਦੇਵ ਸਿੰਘ ਗਰੇਵਾਲ ਨਹੀਂ ਰਹੇ

ਗੁਰਦੇਵ ਸਿੰਘ ਗਰੇਵਾਲ ਕਨੇਡਾ ਦੇ ਮੁੱਢਲੇ (ਪਾਇਨੀਅਰ) ਪੰਜਾਬੀਆਂ ਵਿੱਚੋਂ ਸਨ ਜਿਨ੍ਹਾਂ ਨੇ ਵੋਟ ਦੇ ਹੱਕ ਲਈ ਚੱਲੇ ਲੰਮੇ ਸੰਘਰਸ਼ ਵਿਚ ਹਿੱਸਾ ਲਿਆ। ਉਹ 87 ਸਾਲ ਦੇ ਸਨ ਤੇ ਉਨ੍ਹਾਂ ਦੀ ਮੌਤ ਵੈਨਕੂਵਰ ਹਸਪਤਾਲ ਵਿਚ ਬੁੱਧਵਾਰ 2 ਸਤੰਬਰ ਨੂੰ ਹੋਈ। ਉਹ ਬਾਰ੍ਹਾਂ ਸਾਲ ਦੀ ਉਮਰੇ 1934 ਵਿਚ ਕਨੇਡਾ ਆਏ। ਉਨ੍ਹਾਂ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਕਨੇਡਾ ਵਿਚ ਲੰਘਾਇਆ ਪਰ ਦੂਜੀ ਵੱਡੀ ਜੰਗ ਤੋਂ ਬਾਅਦ 1978 ਤੱਕ ਉਹ ਕਨੇਡਾ ਤੋਂ ਜਾ ਕੇ ਵਿਚ ਵਿਚ ਆਪਣੇ ਪਿੰਡ ਨੌਰੰਗਵਾਲ ਵੀ ਰਹਿੰਦੇ ਰਹੇ।

ਗੁਰਦੇਵ ਸਿੰਘ ਨਿੱਘੇ, ਮਿਲਣਸਾਰ ਤੇ ਹਮੇਸ਼ਾ ਸਮਾਜ ਦੀ ਬਿਹਤਰੀ ਬਾਰੇ ਸੋਚਣ ਵਾਲੇ ਇਨਸਾਨ ਸਨ। ਉਹ ਅਗਾਂਹਵਧੂ ਖਿਆਲਾਂ ਦੇ ਧਾਰਨੀ ਸਨ ਤੇ ਉਨ੍ਹਾਂ ਨੇ ਦਰਸ਼ਨ ਸਿੰਘ ਕਨੇਡੀਅਨ ਵਰਗੇ ਪੰਜਾਬੀ ਭਾਈਚਾਰੇ ਦੇ ਵਧੀਆ ਆਗੂਆਂ ਨਾਲ ਮਿਲ ਕੇ ਲੋਕਾਂ ਨੂੰ ਵੋਟ ਦੇ ਸੰਘਰਸ਼ ਲਈ ਜਥੇਬੰਦ ਕਰਨ ਦਾ ਕੰਮ ਕੀਤਾ। ਕਨੇਡਾ ਦੇ ਸਭ ਤੋਂ ਵੱਧ ਸਤਿਕਾਰ ਵਾਲੇ ਪੰਜਾਬੀ ਬੁੱਧੀਮਾਨ ਡਾਕਟਰ ਸਾਧੂ ਸਿੰਘ ਧਾਮੀ ਹੋਰਾਂ ਨਾਲ ਵੀ ਉਨ੍ਹਾਂ ਦੀ ਨੇੜਤਾ ਸੀ। ਉਨ੍ਹਾਂ ਇਕ ਵਾਰ ਭਾਰਤ ਤੋਂ ਕਨੇਡਾ ਤੱਕ ਦਾ ਸਮੁੰਦਰੀ ਸਫਰ ਇਕੱਠਿਆ ਕੀਤਾ।

ਚੰਗਾ ਸਾਹਿਤ ਪੜ੍ਹਨਾ ਤੇ ਪੜ੍ਹੇ ਬਾਰੇ ਵਿਚਾਰ ਵਟਾਂਦਰਾ ਕਰਨਾ ਉਨ੍ਹਾਂ ਦੀ ਸ਼ਖਸੀਅਤ ਦਾ ਵਿਸ਼ੇਸ਼ ਗੁਣ ਸੀ। ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਉਹ ਲੰਮਾ ਸਮਾਂ ਮੈਂਬਰ ਰਹੇ ਤੇ ਬਾਕਾਇਦਾ ਮੀਟਿੰਗਾਂ ਵਿਚ ਆਉਂਦੇ ਤੇ ਬਹੁਤ ਸਾਰੇ ਵਿਸ਼ਿਆਂ ਬਾਰੇ ਆਪਣੀ ਰਾਏ ਦਿੰਦੇ। ਉਹ ਪਹਿਲਾਂ ਵਤਨੋਂ ਦੂਰ ਤੇ ਫੇਰ ਵਤਨ ਦੇ ਗੰਭੀਰ ਪਾਠਕ ਸਨ। ਕਨੇਡਾ ਦੇ ਪਿਛੋਕੜ ਬਾਰੇ ਸਾਨੂੰ ਉਨ੍ਹਾਂ ਤੋਂ ਹਮੇਸ਼ਾ ਵਧੀਆ ਜਾਣਕਾਰੀ ਮਿਲਦੀ। ਸਾਡੀਆਂ ਕਿਤਾਬਾਂ 'ਸੰਘਰਸ਼ ਦੇ ਸੌ ਵਰ੍ਹੇ: ਕਨੇਡਾ ਵਿਚ ਪੰਜਾਬੀ ਪ੍ਰਗਤੀਸ਼ੀਲ ਲਹਿਰ' ਤੇ 'ਭਾਰਤੀਆਂ ਨੇ ਕਨੇਡਾ ਵਿਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ' ਉਨ੍ਹਾਂ ਨੇ ਗੰਭੀਰਤਾ ਨਾਲ ਪੜ੍ਹੀਆਂ। ਇਨ੍ਹਾਂ ਵਿਚ ਪੇਸ਼ ਜਾਣਕਾਰੀ ਨੂੰ ਉਨ੍ਹਾਂ ਵਲੋਂ ਮਿਲੀ ਮਾਨਤਾ ਸਾਡੇ ਲਈ ਵਿਸ਼ੇਸ਼ ਮਹੱਤਤਾ ਵਾਲੀ ਗੱਲ ਸੀ।

ਪਿਛਲੇ ਕੁਝ ਵਰ੍ਹਿਆਂ ਦੌਰਾਨ ਪੰਜਾਬੀ ਭਾਈਚਾਰੇ ਵਿਚ ਰੇਡੀਓ ਦੇ 'ਟਾਕ-ਸ਼ੋਅ' ਕਾਫੀ ਵਿਕਸਤ ਹੋਏ ਹਨ। ਗੁਰਦੇਵ ਸਿੰਘ ਗਰੇਵਾਲ ਇਸ ਮਾਧਿਅਮ ਰਾਹੀਂ ਆਪਣੇ ਸਾਫ ਸੁਥਰੇ ਤੇ ਅਗਾਂਹਵਧੂ ਵਿਚਾਰ ਲੋਕਾਂ ਤੱਕ ਪਹੁੰਚਾਉਂਦੇ। ਭਾਵੇਂ ਹੁਣ ਕੁਝ ਸਮੇਂ ਤੋਂ ਉਨ੍ਹਾਂ ਦੀ ਆਵਾਜ਼ ਠੀਕ ਨਹੀਂ ਸੀ ਰਹੀ ਪਰ ਉਹ ਫੇਰ ਵੀ ਆਪਣੀ ਪਸੰਦ ਦੇ ਵਿਸ਼ਿਆਂ ਬਾਰੇ ਆਪਣੇ ਵਿਚਾਰ ਪੇਸ਼ ਕਰਦੇ। ਰੇਡੀਓ ਇੰਡੀਆ ਦੇ ਹੋਸਟ ਗੁਰਪ੍ਰੀਤ ਸਿੰਘ ਵਲੋਂ ਉਨ੍ਹਾਂ ਨਾਲ ਵਿਸ਼ੇਸ਼ ਮੁਲਾਕਤਾਂ ਵੀ ਪੇਸ਼ ਕੀਤੀਆਂ ਗਈਆਂ। ਉਨ੍ਹਾਂ ਦੀ ਮੌਤ ਬਾਰੇ ਪੰਜਾਬੀ ਭਾਈਚਾਰੇ ਦੇ ਐਮ ਐਲ ਏ ਸ੍ਰੀ ਹੈਰੀ ਬੈਂਸ ਨੇ ਵਿਕਟੋਰੀਆ ਅਸੈਂਬਲੀ ਵਿਚ ਅਫਸੋਸ ਦਾ ਮਤਾ ਰੱਖਿਆ ਅਤੇ ਸ਼ਰਧਾਂਜਲੀ ਦਿੱਤੀ।

ਗੁਰਦੇਵ ਸਿੰਘ ਗਰੇਵਾਲ ਕਨੇਡਾ ਦੇ ਅਜੋਕੇ ਪੰਜਾਬੀ ਭਾਈਚਾਰੇ ਨੂੰ ਪਿਛੋਕੜ ਨਾਲ ਜੋੜਨ ਵਾਲੀ ਮਹੱਤਵਪੂਰਨ ਕੜੀ ਸਨ। ਉਨ੍ਹਾਂ ਦੇ ਤੁਰ ਜਾਣ ਨਾਲ ਪਿਆ ਘਾਟਾ ਕਦੇ ਪੂਰਾ ਹੋਣ ਵਾਲਾ ਨਹੀਂ। - ਸੰਪਾਦਕ

---

## ਪਾਠਕਾਂ ਦੇ ਨਾਂ

ਇਹ ਕਾਰਪੋਰੇਟ ਮੀਡੀਆ ਦਾ ਜ਼ਮਾਨਾ ਹੈ। ਇਸ ਮੀਡੀਏ ਵਿੱਚ ਸਿਰਫ ਉਹ ਹੀ ਜਾਣਕਾਰੀ ਦਿੱਤੀ ਜਾਂਦੀ ਹੈ ਜੋ ਕਾਰਪੋਰੇਟ ਹਿਤਾਂ ਦੇ ਹੱਕ ਵਿੱਚ ਭੁਗਤਦੀ ਹੋਵੇ। ਹਰ ਉਹ ਜਾਣਕਾਰੀ ਜੋ ਇਹਨਾਂ ਹਿਤਾਂ ਦੇ ਖਿਲਾਫ ਜਾਂਦੀ ਹੋਵੇ ਜਾਂ ਤਾਂ ਪ੍ਰਕਾਸ਼ਿਤ ਹੀ ਨਹੀਂ ਕੀਤੀ ਜਾਂਦੀ ਜਾਂ ਹਾਸ਼ੀਏ ਉੱਤੇ ਧੱਕ ਦਿੱਤੀ ਜਾਂਦੀ ਹੈ। ਮੀਡੀਏ ਦੇ ਇਸ ਵਾਤਾਵਰਣ ਵਿੱਚ ਆਮ ਲੋਕਾਂ ਤੱਕ ਉਹਨਾਂ ਦੇ ਹਿਤਾਂ ਬਾਰੇ ਜਾਣਕਾਰੀ ਪਹੁੰਚਾਉਣ ਲਈ ਆਮ ਲੋਕਾਂ ਅਤੇ ਸੰਸਥਾਂਵਾਂ ਵਲੋ ਆਪਣੇ ਆਪਣੇ ਪੱਧਰ ਉੱਤੇ ਪ੍ਰਕਾਸ਼ਿਤ ਕੀਤੇ ਜਾਂਦੇ ਮੈਗਜ਼ੀਨਾਂ, ਵੈੱਬਸਾਈਟਾਂ, ਪੈਂਫਲਿਟਾਂ, ਕਿਤਾਬਾਂ, ਕਿਤਾਬਚਿਆਂ ਆਦਿ ਦੀ ਮਹੱਤਤਾ ਬਹੁਤ ਵੱਧ ਹੈ। ਇਸ ਲਈ ਇਸ ਸਮੇਂ ਦੁਨੀਆਂ ਭਰ ਵਿੱਚ ਇਸ ਤਰ੍ਹਾਂ ਦੇ ਲੱਖਾਂ ਯਤਨ ਕੀਤੇ ਜਾ ਰਹੇ ਹਨ। ਸਾਡੇ ਵੱਲੋਂ ਪ੍ਰਿੰਟ ਅਤੇ ਆਨ ਲਾਈਨ ਮੈਗਜ਼ੀਨ ਦੇ ਰੂਪ ਵਿੱਚ ਪ੍ਰਕਾਸ਼ਤ ਕੀਤਾ ਜਾਂਦਾ *ਵਤਨ* ਵੀ ਦੁਨੀਆਂ ਵਿੱਚ ਹੋ ਰਹੇ ਇਹਨਾਂ ਲੱਖਾਂ ਯਤਨਾਂ ਦਾ ਇਕ ਛੋਟਾ ਜਿਹਾ ਹਿੱਸਾ ਹੈ।

ਪਰ *ਵਤਨ* ਵਰਗੇ ਛੋਟੇ ਯਤਨਾਂ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੁੰਦੀ ਹੈ ਕਿ ਇਹਨਾਂ ਦੀ ਹੋਂਦ ਬਾਰੇ ਲੋਕਾਂ ਨੂੰ ਕਿਸ ਤਰ੍ਹਾਂ ਜਾਣੂ ਕਰਵਾਇਆ ਜਾਵੇ ਅਤੇ ਇਹਨਾਂ ਨੂੰ ਲੋਕਾਂ ਤੱਕ ਕਿਵੇਂ ਪਹੁੰਚਾਇਆ ਜਾਵੇ। ਕਾਰਪੋਰੇਟ ਮੀਡੀਏ ਕੋਲ ਤਾਂ ਆਪਣਾ ਪ੍ਰਚਾਰ ਕਰਨ ਲਈ ਲੱਖਾਂ ਡਾਲਰਾਂ ਦੇ ਬੱਜਟ ਅਤੇ ਵੱਡਾ ਸਟਾਫ ਹੁੰਦਾ ਹੈ ਜੋ ਲਗਾਤਾਰ ਲੋਕਾਂ ਵਿੱਚ ਆਪਣਾ ਪ੍ਰਚਾਰ ਕਰਦੇ ਰਹਿੰਦੇ ਹਨ। ਪਰ *ਵਤਨ* ਵਰਗੇ ਛੋਟੇ ਯਤਨਾਂ ਕੋਲ ਅਜਿਹੇ ਸਾਧਨ ਨਹੀਂ ਹੁੰਦੇ ਅਤੇ ਆਪਣੇ ਪ੍ਰਚਾਰ ਲਈ ਉਹਨਾਂ ਨੂੰ ਆਪਣੇ ਪਾਠਕਾਂ ਉੱਤੇ ਨਿਰਭਰ ਹੋਣਾ ਪੈਂਦਾ ਹੈ। ਇਸ ਲਈ *ਵਤਨ* ਬਾਰੇ ਹੋਰ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਲਈ ਸਾਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਜੇ ਤੁਸੀਂ *ਵਤਨ* ਨੂੰ ਵੈੱਬਸਾਈਟ ਉੱਤੇ ਪੜ੍ਹਦੇ ਹੋ ਪਰ ਸਾਡੀ ਈ-ਮੇਲ ਲਿਸਟ ਦੇ ਮੈਂਬਰ ਨਹੀਂ ਹੋ ਤਾਂ ਬੇਨਤੀ ਹੈ ਕਿ ਤੁਸੀਂ ਸਾਨੂੰ ਈ-ਮੇਲ ਭੇਜ ਕੇ ਇਸ ਦੇ ਮੈਂਬਰ ਬਣੋ। ਇਸ ਨਾਲ ਅਸੀਂ ਤੁਹਾਨੂੰ ਹਰ ਤਿੰਨ ਮਹੀਨਿਆਂ ਬਾਅਦ *ਵਤਨ* ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਸੂਚਨਾ ਭੇਜਾਂਗੇ। ਇਸ ਤੋਂ ਇਲਾਵਾ ਸਾਨੂੰ ਇਹ ਵੀ ਪਤਾ ਲੱਗੇਗਾ ਕਿ ਸਾਡੇ ਪਾਠਕਾਂ ਦਾ ਘੇਰਾ ਕਿੰਨਾ ਕੁ ਵੱਡਾ ਹੈ। ਤੁਸੀਂ ਆਪਣੀ ਈ ਮੇਲ ਇਹਨਾਂ ਪਤਿਆਂ ਉੱਤੇ ਭੇਜ ਸਕਦੇ ਹੋ: shundal@sfu.ca; ਜਾਂ sadhu.binning@gmail.com; ਜਾਂ hsekha@hotmail.com. ਈ-ਮੇਲ ਵਿੱਚ ਸਿਰਫ ਏਨਾ ਹੀ ਲਿਖੋ: **Please add my name to the Watan mailing list.**

ਇਸ ਤੋਂ ਇਲਾਵਾ *ਵਤਨ* ਦੇ ਵੈੱਬਸਾਈਟ www.watanpunjabi.ca ਬਾਰੇ ਆਪਣੇ ਕਿਸੇ ਅਜਿਹੇ ਦੋਸਤ/ਮਿੱਤਰ ਨੂੰ ਦੱਸੋ, ਜੋ ਤੁਹਾਡੇ ਖਿਆਲ ਵਿੱਚ ਇਸ ਨੂੰ ਪੜ੍ਹਨ ਦਾ ਇੱਛੁਕ ਹੋ ਸਕਦਾ ਹੈ। ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਅਜੇ ਇੰਟਰਨੈੱਟ ਦੀ ਵਰਤੋਂ ਨਹੀਂ ਕਰਦਾ ਤਾਂ ਉਸ ਨੂੰ *ਵਤਨ* ਦੇ ਪ੍ਰਿੰਟ ਅੰਕ ਬਾਰੇ ਦੱਸੋ ਅਤੇ ਉਸ ਨੂੰ *ਵਤਨ* ਦਾ ਚੰਦਾ ਭੇਜ ਕੇ ਰੈਗੂਲਰ ਪਾਠਕ ਬਣਨ ਲਈ ਪ੍ਰੇਰੋ। ***

# ਗੁਰਦਾਸ ਰਾਮ ਆਲਮ: ਵੀਹਵੀਂ ਬਰਸੀ 'ਤੇ ਯਾਦ ਕਰਦਿਆਂ



**ਸੁਖਦੇਵ ਸਿੱਧੂ**

**ਨਾ** ਮੈਂ ਜਾਣਾ ਆਲਮ ਕੌਣ। ਨਾ ਇਹਦੇ ਮੈਹਨੇ ਪਤਾ। ਨਾ ਪਤਾ, ਬਈ ਇਹ ਕਿਸੇ ਬੰਦੇ ਦਾ ਨਾਂ ਹੈ। ਜਾਂ ਇਹ ਕੀ ਕਰਦਾ ਏ; ਜਾਂ ਕਿੱਥੋਂ ਦਾ ਏ। ਇਹਦੇ ਨਾਲ ਮੇਰੀ ਜਾਣ ਪਛਾਣ ਸੁੱਤੇ-ਸਿੱਧ ਹੋਈ ਸੀ।

ਸਬੱਬ ਇਹ ਬਣਿਆ ਕਿ ਨਿੱਕੇ ਹੁੰਦਿਆਂ ਮੇਰੇ ਹੱਥ ਇਕ ਕਿਤਾਬ ਆ ਗਈ। ਮੈਨੂੰ ਇਹ ਅਜੇ ਵੀ ਨਹੀਂ ਪਤਾ ਕਿ ਇਹ ਕਿਤਾਬ ਕਿੱਥੋਂ ਆਈ ਸੀ। ਕਿਹਨੇ ਦਿੱਤੀ ਸੀ। ਇਹਦੇ ਲਿਖਾਰੀ ਦਾ ਵੀ ਮੈਨੂੰ ਨਹੀਂ ਸੀ ਪਤਾ। ਹਾਂ ਕਦੇ ਕਦੇ ਆਖ਼ਰੀ ਜਾਂ ਆਖ਼ਰੀ ਤੋਂ ਪਹਿਲੀ ਸਤਰ 'ਚ ਸ਼ਬਦ 'ਆਲਮ' ਆਉਂਦਾ ਸੀ। ਕਿਤਾਬ ਦਾ ਰੰਗ ਘਸਮੈਲ਼ਾ ਸੀ- ਮਿੱਟੀ ਰੰਗਾ। ਕਿਤਾਬ ਦੇ ਪੰਜ ਸਤ ਅਗਲੇ ਤੇ ਪਿਛਲੇ ਵਰਕੇ ਹੈ ਨਾ ਸੀ। ਇਹੋ ਮੇਰੀ ਆਲਮ ਨਾਲ ਪਹਿਲੀ ਸਿਆਣ ਸੀ। ਇਹੋ ਮੇਰਾ ਸਿਆਸੀ ਕਵਿਤਾ ਨਾਲ ਪਿਆ ਪਹਿਲਾ ਵਾਹ ਸੀ।

ਸੁਖੈਲ ਸੁਵੱਲੀਆਂ ਕਵਿਤਾਵਾਂ ਮੇਰੇ ਚੇਤੇ 'ਚ ਇਕ ਇਕ ਕਰਕੇ ਚੜ੍ਹਦੀਆਂ ਗਈਆਂ; ਮੂੰਹ-ਜ਼ਬਾਨੀ ਯਾਦ ਹੋ ਗਈਆਂ। ਦਹਾਕੇ ਲੰਘ ਗਏ ਨੇ, ਪਰ ਕਈ ਕਵਿਤਾਵਾਂ ਅਜੇ ਵੀ ਮੈਨੂੰ ਅੱਧ-ਪਚੱਧੀਆਂ ਯਾਦ ਹਨ। ਇਨ੍ਹਾਂ ਕਰਕੇ ਮੇਰੀ ਪਿੰਡ ਦੇ ਸਿਆਣੇ ਬੰਦਿਆਂ 'ਚ ਪੁੱਛ ਪ੍ਰਤੀਤ ਬਣੀ। ਓਹ ਮੈਨੂੰ ਬੀਬਾ ਮੁੰਡਾ ਗਿਣਦੇ। ਮੈਥੋਂ ਕਵਿਤਾਵਾਂ ਸੁਣਦੇ। ਅਜੇ ਪਹਿਲੀ ਮਸਾਂ ਨਿਬੜਦੀ, ਇਹ ਮੈਨੂੰ ਅਗਲੀ ਸੁਣਨ ਦੀ ਫਰਮਾਇਸ਼ ਕਰਦੇ। ਮੈਂ ਸੁਣਾਉਂਦਾ:

ਨੀ ਅਜ਼ਾਦੀਏ ਡੱਬ ਖੜੱਬੀਏ ਨੀ,
ਕਿਉਂ ਨਹੀਂ ਦਿਲ ਮਜ਼ਲੂਮਾਂ ਨੂੰ ਲਾਉਣ ਦਿੰਦੀ।
ਕੰਨ ਬੰਦ ਕਰ ਲੈ ਜੇ ਤੈਨੂੰ ਬੁਰਾ ਲਗਦਾ,
ਨਾ ਤੂੰ ਰੋਣ ਦੇਵੇਂ ਨਾ ਤੂੰ ਸੌਣ ਦਿੰਦੀ।

ਲੱਖਾਂ ਲਾਲ ਲੈ ਕੇ ਮੂੰਹ ਵਿਖਾਈ ਸਾਥੋਂ,
ਨੇੜੇ ਆਪਣੇ ਅਜੇ ਨਹੀਂ ਆਉਣ ਦਿੰਦੀ।
ਆਪ ਖ਼ੁਦਮੁਖਤਾਰੀ ਦੀ ਚੱਕੀ ਹੋਈਂ ਏਂ
ਸਾਨੂੰ ਛੱਪੜ ਦੇ ਵਿਚ ਵੀ ਨਹੀਂ ਨ੍ਹਾਉਣ ਦਿੰਦੀ।

ਤੈਨੂੰ ਟੋਹ ਲਿਆ ਏ ਤੂੰ ਵੱਡਿਆਂ ਘਰਾਂ ਦੀ ਏਂ
ਤੇਰੇ ਬਿਰਲਾ, ਮਮਦੋਟ ਨਿਜ਼ਾਮ ਨੇ ਪੁੱਤ।
ਅਸੀਂ ਕਿਸੇ ਵੀ ਮੁਲਕ ਵਿਚ ਨਹੀਂ ਸੁਣਿਆ,
ਪਿਓ ਅਜ਼ਾਦ ਤੇ ਜੀਹਦੇ ਗ਼ੁਲਾਮ ਨੇ ਪੁੱਤ।

ਚਾਹੇ ਸਾਬਤ ਕਰ ਕਿ ਮੈਂ ਹਿੰਦੋਸਤਾਨ ਦਾ ਨਹੀਂ
ਲੈਂਦਾ ਫੇਰ ਮੈਂ ਕਿਸੇ ਕੋਲ਼ ਨਾਂ ਕੋਈ ਨਹੀਂ।
ਇਕ ਬਾਪ ਦੇ ਅਸੀਂ ਹਾਂ ਪੁੱਤ ਸਾਰੇ
ਵੱਖੋ ਵੱਖਰਾ ਸਾਡਾ ਗਿਰਾਂ ਕੋਈ ਨਹੀਂ।

ਦੇਖਣ ਵਾਲਾ ਮੁਸੱਵਰ ਤੇ ਕਰੂ ਗੁੱਸਾ,
ਇਸ ਤਸਵੀਰ ਦਾ ਮੂੰਹ ਤੇ ਬਾਂਹ ਕੋਈ ਨਹੀਂ।
ਹਿੰਦੁਸਤਾਨ ਵਿਚ ਇਕ ਆਜ਼ਾਦ ਹਿੰਦੀ,
ਰੁੜੀ ਸੁਟਣ ਨੂੰ ਜੀਹਦੇ ਕੋਲ਼ ਥਾਂ ਕੋਈ ਨਹੀਂ।


ਏਦਾਂ ਦੀ ਸਿੱਧੀ ਸਪਾਟ ਕਵਿਤਾ ਨੂੰ ਕਿਸੇ ਵਿਆਖਿਆ ਦੀ ਲੋੜ ਨਹੀਂ ਹੁੰਦੀ। ਸਾਫ਼ ਸਾਫ਼ ਤਾਂ ਗੱਲਾਂ ਸੀ। ਲੋਕਾਂ ਦੇ ਦੁੱਖ ਦਰਦ ਦੀਆਂ; ਆਮ ਲੋਕਾਂ ਲਈ ਆਖੀਆਂ ਗੱਲਾਂ। ਆਮ ਲੋਕਾਂ ਦੀ ਸਮਝ 'ਚ ਆ ਜਾਣ ਵਾਲੀਆਂ। ਕਵਿਤਾ ਦਾ 'ਕੱਲਾ 'ਕੱਲਾ ਬੋਲ ਜਗਮਗ ਜਗਮਗ ਕਰਦਾ ਉੱਠਦਾ, ਚਾਨਣ ਬਿਖੇਰਦਾ ਉਡ ਪੁਡ ਜਾਂਦਾ। ਸ਼ਬਦ ਠਾਹ ਠਾਹ ਕਰਦੇ, ਪਟਾਕੇ ਪਾਉਂਦੇ ਜਾਂਦੇ ਤੇ ਟਿਕਾਣੇ ਜਾ ਕੇ ਮਾਰ ਕਰਦੇ। ਪ੍ਰੋਫ਼ੈਸਰ ਮੋਹਣ ਸਿੰਘ ਦੀ ਕੀਤੀ ਲੋਕਾਂ ਤੇ ਜੋਕਾਂ ਦੀ ਵੰਡ, ਆਲਮ ਦੀ ਕਵਿਤਾ ਵਿਚ ਹੋਰ ਤਿੱਖੀ ਹੋ ਕੇ ਨਿਖਰਦੀ। ਸਰੋਤੇ ਤਾਂ ਮੈਨੂੰ ਸਾਹ ਵੀ ਨਹੀਂ ਸੀ ਲੈਣ ਦਿੰਦੇ। ਇਨ੍ਹਾਂ ਦਾ ਨਗਾਲ਼ ਸੁੱਕ ਜਾਂਦਾ ਸੀ। ਏਹਦਾ ਬਰਾਬਰੀ ਦਾਅਵਾ ਦੇਖੋ:

ਹੋਈ ਏ ਵੰਡ ਮਨੁੱਖਾਂ ਦੀ ਜਿਸ ਵੇਲੇ,
ਕੀਤਾ ਹਿੰਦ ਦਾ ਜਾਂ ਤੇ ਗਿਲਾ ਨਹੀਂ ਮੈਂ।
ਸਾਡੇ ਪਿੰਡ ਦੀ ਜਾਂ ਪੰਚੈਤ ਆਖੇ,
ਕਿ ਵੱਡੇ ਵੀਰ ਦਾ ਛੋਟਾ ਭਰਾ ਨਹੀਂ ਮੈਂ।

ਗੱਲਾਂ ਜੇ ਇਹ ਸਾਰੀਆਂ ਸੱਚੀਆਂ ਨੇ
ਤਾਂ ਮਨ ਮਾਰ ਕੇ ਫਾਹਾ ਨਹੀਂ ਵੱਢ ਹੁੰਦਾ।
ਭਾਵੇਂ ਪਿੰਡ ਵਿਚੋਂ ਆਵੇ ਇਕ ਮਰਲ਼ਾ,
ਹਿੱਸਾ ਆਪਣਾ ਕਦੇ ਨਹੀਂ ਛੱਡ ਹੁੰਦਾ।

ਆਜ਼ਾਦੀ ਨੂੰ ਮੁਖ਼ਾਤਿਬ ਕਵਿਤਾ ਮਿਸਾਲੀ ਵਿਅੰਗ ਨਾਲ਼ ਓਤ ਪੋਤ ਸੀ। ਇਹਦੇ 'ਚ ਕੋਈ ਵਲ਼ ਫ਼ਰੇਬ ਨਹੀਂ। ਗੁੰਝਲ਼ ਦੀ ਗੁੰਜਾਇਸ਼ ਹੀ ਕੋਈ ਨਹੀਂ। ਥੁੜੋਂ ਦਾ ਮਾਰਿਆ ਬੰਦਾ ਭਲਾ ਇਹਨੂੰ ਕਿੱਦਾਂ ਨਾ ਸਮਝੂਗਾ। ਨਾ ਸਮਝਣ ਵਾਲ਼ੀ ਕੋਈ ਗੱਲ ਈ ਹੈ ਨਹੀਂ ਇਹਦੇ 'ਚ। ਕਵਿਤਅ ਵਜੋਂ ਇਹਦਾ ਸਹਿਜ, ਨਿਭਾਅ, ਦਾਅਵਾ ਗ਼ੌਰ ਕਰਨ ਵਾਲ਼ਾ ਹੈ:

ਹੱਥੀਂ ਚੜ੍ਹੀ ਹੋਈਂ ਏਂ ਜਿਨ੍ਹਾਂ ਵਿਹਲੜਾਂ ਦੇ,
ਓਹ ਤਾਂ ਨਾਲ਼ ਚਲਾਕੀ ਦੇ ਅੱਗੇ ਹੋਏ ਨੇ।
ਤੈਨੂੰ ਲਿਆਉਣ ਉੱਤੇ ਜਿਹੜਾ ਖ਼ਰਚ ਹੋਇਆ,
ਦੰਮ ਸਾਡੀ ਕਮਾਈ ਦੇ ਵੀ ਲੱਗੇ ਹੋਏ ਨੇ।



**(ਗੁਰਦਾਸ ਰਾਮ ਆਲਮ)**

'ਜੇ ਮੈਂ ਮਰ ਗਿਆ' ਕਵਿਤਾ ਓਨੀ ਨਹੀਂ ਸੀ ਚੜ੍ਹਦੀ; ਹੁਣ ਸੋਚਦਾਂ ਹਾਂ ਕਿ ਇਹਦਾ ਕਾਰਨ ਸ਼ਾਇਦ ਮੌਤ ਦੇ ਡਰ ਕਰਕੇ ਹੋਵੇ। ਆਪ ਇਹਨੂੰ ਮੌਤ ਦਾ ਕੋਈ ਖ਼ੌਫ਼ ਹੀ ਨਹੀਂ ਸੀ। ਇਹ ਕਵਿਤਾ ਇਕ ਹਿਸਾਬ ਨਾਲ਼ ਗੁਰਦਾਸ ਰਾਮ ਆਲਮ ਦੀ ਲਿਖੀ ਵਸੀਅਤ ਹੈ। ਇਕ ਕਿਸਮ ਦਾ ਹੁਕਮ ਹੈ, ਕਿ ਮੇਰੇ ਮਰਨੇ ਤੇ ਕੀ ਕੀ ਕੀਤਾ ਜਾਵੇ ਤੇ ਕੀ ਕੀ ਨਾ ਕੀਤਾ ਜਾਵੇ। ਇਹਨੂੰ ਤਸੱਲੀ ਹੋਣੀ ਹੈ ਕਿ ਮੈਂ ਤਾਂ ਅਪਣੇ ਹਿੱਸੇ ਦਾ ਕੰਮ ਕਰ ਚੱਲਿਆਂ ਹਾਂ। ਬਾਕੀ ਦੀ ਸਾਰੀ ਮੂੰਹ ਰਖਾਈ ਹੈ। ਪਰ ਏਸ ਕਵਿਤਾ ਵਿਚ ਗੱਲਾਂ ਬੜੀਆਂ ਪਤੇ ਦੀਆਂ ਨੇ। ਅੱਗੇ ਜਾ ਕੇ ਇਹੀ ਨੁਕਤੇ ਤਰਕਸ਼ੀਲ ਲਹਿਰ ਵਜੋਂ ਉੱਭਰੇ।

ਪਰ ਇਹਦੀ ਕਵਿਤਾ ਅਜ਼ਾਦੀ ਬੜੀ ਵਸਦੀ ਸੀ। ਬੜੀ ਸੌਖ਼ ਨਾਲ਼ ਜ਼ੁਬਾਨੇ ਚੜ੍ਹਨ ਵਾਲ਼ੀ ਕਵਿਤਾ ਸੀ। ਇਹਦੇ ਵਿਚ ਆਈ ਆਜ਼ਾਦੀ ਦੀ ਆਲਮ ਨੇ ਪੁਣਛਾਣ ਕੀਤੀ ਸੀ। ਏਹਨੇ ਨਿਰਖ ਪਰਖ ਲਿਆ ਸੀ; ਬਈ ਇਹ ਤਾਂ ਗੱਲ ਈ ਹੋਰੂੰ ਹੋ ਗਈ। ਇਕ ਹਿਸਾਬ ਨਾਲ਼ ਧੋਖਾ ਹੋ ਗਿਆ ਸੀ। ਜਿੱਦਾਂ ਦੀ ਅਜ਼ਾਦੀ ਦਾ ਇਹ ਕਿਆਸ ਕਰੀ ਬੈਠੇ ਸੀ, ਓਦਾਂ ਦੀ ਤਾਂ ਆਈ ਈ ਨਾ। ਏਸ ਅਜ਼ਾਦੀ ਵਿਚ ਤਾਂ ਕਾਣ ਸੀ। ਆਲਮ ਕਾਟਵੀਂ ਮਜ਼ਾਹੀਆ ਤਨਜ਼ ਨਾਲ਼ ਵਾਰ ਕਰਦਾ ਹੈ:

ਕਿਓਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ,
ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ।

ਮੈਂ ਜੱਗੂ ਤੋਂ ਸੁਣਿਆ ਅੰਬਾਲ਼ੇ ਖੜੀ ਸੀ,
ਬੜੀ ਭੀੜ ਉਸਦੇ ਦੁਆਲ਼ੇ ਖੜੀ ਸੀ।

ਆਈ ਨੂੰ ਤਾਂ ਭਾਵੇਂ ਤੀਆ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ ਦਰਸ਼ਣ ਨਹੀਂ ਕੀਤਾ।

ਦਿੱਲੀ 'ਚ ਆਉਂਦੀ ਹੈ ਸਰਦੀ ਦੀ ਰੁੱਤੇ,
ਤੇ ਹਾੜਾਂ 'ਚ ਰਹਿੰਦੀ ਪਹਾੜਾਂ ਦੇ ਉੱਤੇ।

ਗ਼ਰੀਬਾਂ ਨਾਲ ਲਗਦੀ ਲੜੀ ਹੋਈ ਆ ਖ਼ਬਰੇ
ਅਮੀਰਾਂ ਦੇ ਹੱਥੀਂ ਚੜ੍ਹੀ ਹੋਈ ਆ ਖ਼ਬਰੇ।
ਅਖ਼ਬਾਰਾਂ 'ਚ ਪੜ੍ਹਿਆ ਜਰਵਾਣੀ ਜਿਹੀ ਏ
ਕੋਈ ਸੋਹਣੀ ਤਾਂ ਨਹੀਂ ਐਂਵੇ ਕਾਣੀ ਜਿਹੀ ਏ

ਮੰਨੇ ਜੇ ਓਹ ਕਹਿਣਾ ਅਸੀਂ ਵੀ ਮੰਗਾਈਏ
ਛੰਨਾਂ ਤੇ ਢਾਰਿਆਂ 'ਚ ਭੁੰਜੇ ਸਵਾਈਏ
ਪਰ ਏਨਾ ਪਤਾ ਨਹੀਂ ਕੀ ਖਾਂਦੀ ਹੁੰਦੀ ਏ
ਕਿਹੜੀ ਚੀਜ਼ ਤੋਂ ਦਿਲ ਚੁਰਾਂਦੀ ਹੁੰਦੀ ਏ
ਸ਼ਿਮਲੇ ਤਾਂ ਓਸ ਅੱਗੇ ਆਂਡੇ ਹੁੰਦੇ ਨੇ
ਬਈ ਤਾਂ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ

ਜਦੋਂ ਰਤਾ ਕੁ ਸੁਰਤ ਹੋਈ, ਤਾਂ ਮੈਨੂੰ ਸੁੰਧਕ ਪਈ ਕਿ ਆਲਮ ਤਾਂ ਮੰਜਕੀ ਦੇ ਉੱਘੇ ਨੱਗਰ ਬੁੰਡਾਲ਼ੇ ਦਾ ਹੈ। ਇਹ ਮੇਰੀ ਮਾਸੀ ਦਾ ਪਿੰਡ ਵੀ ਸੀ। ਏਥੋਂ ਦਾ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵੀ ਮਸ਼ਹੂਰ ਸੀ। ਏਥੇ ਵੱਡਾ ਕਾਰਖ਼ਾਨਾ ਵੀ ਹੈ। ਜਦੋਂ ਮੈਂ ਏਥੇ ਜਾਣਾ ਤਾਂ ਆਲਮ ਦਾ ਪੁੱਛਣਾ। ਮਾਸੀ ਦੇ ਕਿਸੇ ਵੀ ਘਰਦੇ ਨੂੰ ਆਲਮ ਦਾ ਪਤਾ ਨਹੀਂ ਸੀ। ਉਹਨਾ ਕਹਿਣਾ: ਕਿ ਇਹ ਕੋਈ ਚੋਰ ਵਡਾਲ਼ੇ ਦਾ ਹੋਣਾ। ਚੋਰ ਵਡਾਲ਼ਾ ਕਪੂਰਥਲ਼ੇ ਕੋਲ਼ ਹੈ। ਅਕਾਲੀ ਲੀਡਰ ਕੁਲਦੀਪ ਸਿੰਘ ਏਥੋਂ ਦਾ ਈ ਸੀ।

ਕਾਲਜ ਗਏ, ਤਾਂ ਸਾਨੂੰ ਪਰ ਲੱਗ ਗਏ। ਇਕ ਪਾਸੇ ਮਾਂ ਬਾਪ ਦੀਆਂ ਅੱਖਾਂ ਤੋਂ ਪਰ੍ਹੇ, ਹਰ ਪਾਸੇ ਖੁੱਲ੍ਹ ਤੇ ਦੂਜੇ ਪਾਸੇ ਵੱਡੀ ਜ਼ਿੰਮੇਵਾਰੀ ਦਾ ਅਹਿਸਾਸ। ਨਾਲ਼ੋ ਨਾਲ਼ ਆਦਰਸ਼ਵਾਦ, ਅੱਲੜ ਉਮਰ, ਤੱਤ ਭੜੱਥ 'ਚ ਕੁਛ ਕਰ ਮਰਨ ਦੀ ਕਾਹਲ਼। ਉਪਰੋਂ ਬੰਗਾਲੋਂ, ਉੱਠ ਨਕਸਲਬਾੜੀ ਲਹਿਰ ਆਂਧਰਾ ਤੇ ਪੰਜਾਬ 'ਚ ਆ ਵੜੀ ਸੀ। ਪੰਜਾਬ 'ਚ ਮੋਗਾ ਐਜੀਟੇਸ਼ਨ ਭਖਿਆ ਹੋਇਆ ਸੀ। ਉੱਠਦੀ ਜੁਆਨੀ ਲਈ ਏਦੂੰ ਵੱਧ ਖ਼ਤਰਨਾਕ ਹੋਰ ਕੀ ਹੋ ਸਕਣਾ ਸੀ। ਸਾਰਾ ਸਮਾਨ - ਬਾਰੂਦ ਦੇ ਢੇਰ ਵਰਗਾ ਸੀ। ਕਿਸੇ ਵੇਲੇ ਵੀ ਭਾਂਬੜ ਬਲ਼ ਸਕਦੇ ਸੀ।

ਮੈਨੂੰ ਸਾਹਿਤ ਦੀ ਮੱਸ ਵੀ ਸੀ। ਓਦੋਂ ਇਨਕਲਾਬੀ ਸਾਹਿਤ ਦੇ ਹੀ ਬੋਲ ਬਾਲੇ ਸਨ। ਬਾਕੀ ਸਭ ਕੂੜ-ਕਬਾੜ ਸੀ। ਇਹੀ ਮੇਰੀ ਤੇ ਮੇਰੇ ਬੇਲੀਆਂ ਦੀ ਸਮਝ ਸੀ। ਫੇਰ ਸੁੰਧਕਾਂ ਪਈਆਂ ਕਿ ਨਰੂਦਾ ਤਾਂ ਪਿਆਰ ਦੀ ਕਵਿਤਾ ਦੀਆਂ ਸਲਾਹੁਤਾਂ ਦਿੰਦਾ ਹੈ। ਅਸੀਂ ਇੱਕੋ ਵੇਲ਼ੇ ਇਨਕਲਾਬ ਦੇ ਮੱਦਾਹ ਵੀ ਹੋ ਗਏ ਪਿਆਰ ਦੇ ਵੀ। ਰੁਮਾਂਸਵਾਦ 'ਚ ਗੁੰਨ੍ਹੀ ਹੋਈ ਇਨਕਲਾਬ ਦੀ ਚਾਹਨਾ। ਅਸੀਂ ਸਾਹਿਤ ਦੇ ਰਸੀਏ ਵੀ ਹੋ ਗਏ ਤੇ ਖੇਡਾਂ ਦਾ ਸ਼ੌਕ ਵੀ ਧੁਖਦਾ ਰਿਹਾ।

ਹੌਲ਼ੀ-ਹੌਲ਼ੀ ਮੈਂ ਆਲਮ ਦੀਆਂ ਹੋਰ ਰਚਨਾਵਾਂ ਪੜ੍ਹੀਆਂ। ਸਾਹਿਤ 'ਚ ਰੁਚੀ ਵਧੀ। ਕਾਲਜ ਦੇ ਮੈਗਜ਼ੀਨ ਤੋਂ ਸ਼ੁਰੂ ਹੋਇਆ ਲਿਖਣ-ਛਪਣ ਦਾ ਸ਼ੌਕ ਵਧ ਕੇ ਅਖ਼ਬਾਰਾਂ ਤੇ ਨਿਕ ਨਿਕੇ ਰਸਾਲਿਆਂ 'ਚ ਛਪਣ ਤੱਕ ਅੱਪੜ ਗਿਆ। ਓਦੋਂ ਕੁ ਹੀ ਅਜੀਤ ਅਖ਼ਬਾਰ 'ਚ ਗ਼ਜ਼ਲ ਦੀਆਂ ਅਸਲਾਹਾਂ ਸ਼ੁਰੂ ਹੋ ਗਈਆਂ। ਨਾਲ਼ੋ-ਨਾਲ਼ ਉਸਤਾਦ ਗ਼ਜ਼ਲਗੋਆਂ ਨੇ ਸਿੰਗ-ਫਸਾਈ ਵੀ ਕਰੀ ਜਾਣੀ। ਬਲਕੇ ਬਹੁਤੀ ਸਿੰਗ-ਫਸਾਈ ਹੋਣੀ।

ਸੁਭਾਨੇ ਮਾਸਟਰ ਲੱਗੇ ਅਮਰਜੀਤ ਸੰਧੂ ਨੇ 'ਅਰਸ਼ਦੀਪ' ਰਸਾਲਾ ਸ਼ੁਰੂ ਕਰ ਲਿਆ। ਅਸੀਂ ਇਹਨੂੰ ਕੱਚੀਆਂ ਪਿੱਲੀਆਂ ਗ਼ਜ਼ਲਾਂ ਭੇਜਦੇ; ਸਲਾਹਾਂ ਲੈਂਦੇ। ਇਹ ਆਪ ਦੀਪਕ ਜੈਤੋਈ ਦਾ ਚੇਲਾ ਸੀ, ਓਹਤੋਂ ਇਸਲਾਹ ਲੈਂਦਾ ਸੀ। ਏਹਤੋਂ ਹੀ ਮੈਨੂੰ ਪਤਾ ਲੱਗਾ ਕਿ ਜਲੰਧਰ ਦੀ ਲੇਖਕ ਸਭਾ ਨੇ ਕਈਆਂ ਲਿਖਾਰੀਆਂ ਦੇ ਸਨਮਾਨ ਕਰਨੇ ਹਨ; ਸਣੇ ਗੁਰਦਾਸ ਰਾਮ ਆਲਮ ਦੇ। ਮੈਨੂੰ ਆਖਿਆ ਕਿ ਮੈਂ ਵੀ ਓਸ ਦਿਨ ਪਹੁੰਚਾਂ। ਝਿਜਕਦਾ, ਮੈਂ ਵੀ ਪਹੁੰਚ ਗਿਆ। ਪ੍ਰੋਗਰਾਮ ਵਾਹਵਾ ਠੀਕ ਸੀ। ਪੂਰੀ ਗਹਿਮਾ-ਗਹਿਮੀ ਸੀ। ਕਲਾਮ ਦੀ ਵਾਰੀ ਆਈ, ਤਾਂ ਆਲਮ ਖੜ੍ਹਾ ਹੋਇਆ। ਇਹਦੇ ਸਰੀਰ 'ਚ ਫ਼ੁਰਤੀ ਸੀ। ਬਜ਼ੁਰਗੀ ਭਰ ਜੁਆਨੀ 'ਚ ਸੀ, ਪਰ ਹੰਭਿਆ ਨਹੀਂ ਸੀ। ਮਾਈਕ ਕੋਲ਼ ਜਾ ਕੇ ਏਹਨੇ ਆਲ਼ਾ ਦੁਆਲ਼ਾ ਫੇਰ ਦੇਖਿਆ। ਨਾ ਕੋਈ ਭੂਮਿਕਾ ਬੰਨ੍ਹੀ, ਨਾ ਵਿਆਖਿਆ ਕੀਤੀ। ਨਾ ਆਪਣੇ ਬਾਰੇ ਕੁਛ ਕਿਹਾ ਨਾ ਹੀ ਕਵਿਤਾ ਬਾਰੇ। ਠਰ੍ਹੰਮੇ ਨਾਲ਼ ਮਸ਼ਹੂਰ ਤਰੀਨ ਗੀਤ ਸੁਣਾਇਆ। ਨਾਲ਼-ਨਾਲ਼ ਖੱਬੇ ਹੱਥ ਨੂੰ ਕਦੀ ਉਛਾਲ਼ੇ, ਕਦੀ ਲਹਿਰਾਵੇ ਤੇ ਕਦੇ ਥਪਥਪਾਵੇ। ਕਵਿਤਾ ਬੋਲਦਾ ਆਲਮ ਖੱਬੇ ਹੱਥ ਨੂੰ ਹੇਠਾਂ ਉੱਤੇ ਖੱਬੇ ਸੱਜੇ ਕਰਦਾ ਕਹਿੰਦਾ:

ਲੰਬੜਾ ਦੀ ਕੰਧ ਟੱਪ ਕੇ
ਮੁੰਡਾ ਕੰਡਿਆਂ ਚੋਂ ਬੇਰ ਲਿਆਇਆ।

ਤਲ਼ੀ ਉੱਤੇ ਜਾਨ ਰੱਖ ਕੇ ਓਹਨੇ
ਬੇਰੀ ਦੇ ਪਿੰਡੇ ਨੂੰ ਹੱਥ ਪਾਇਆ।

ਜਿਸ ਵੇਲ਼ੇ ਰੋਕ ਨਾ ਸਕੀ
ਨਵੇਂ ਪੈਰਾਂ ਨੂੰ ਦੀਵਾਰ ਪੁਰਾਣੀ।
ਨੱਸ ਕੇ ਅੰਦਰ ਲੁਕ ਗਈ
ਕੁੰਡਾ ਮਾਰ ਕੇ ਵੱਡੀ ਚੁਧਰਾਣੀ।
ਮੁੱਛਾਂ ਉੱਤੇ ਹੱਥ ਫੇਰ ਕੇ
ਨਾਲ਼ੇ ਖੰਘਿਆ ਤੇ ਨਾਲ਼ੇ ਮੁਸਕਾਇਆ।

ਲੰਬੜਾ ਦੀ ਕੰਧ ਟੱਪ ਕੇ
ਮੁੰਡਾ ਕੰਡਿਆਂ ਚੋਂ ਬੇਰ ਲਿਆਇਆ।
ਤਲ਼ੀ ਉੱਤੇ ਜਾਨ ਰੱਖ ਕੇ ਓਹਨੇ
ਬੇਰੀ ਦੇ ਪਿੰਡੇ ਨੂੰ ਹੱਥ ਪਾਇਆ।

ਆਲਮ ਦਾ ਜਾਦੂ ਚਲ ਗਿਆ। ਦਰਮਿਆਨੇ ਕੱਦ ਦਾ ਲਿੱਸਾ ਜਿਹਾ, ਇਕਹਿਰੇ ਸਰੀਰ ਦਾ, ਸਾਦ-ਮੁਰਾਦਾ ਆਮ ਜਿਹਾ ਬਜ਼ੁਰਗ। ਮੁਸ਼ਕੀ ਰੰਗ ਦੇ ਚਿਹਰੇ ਤੇ ਤਿੱਖਾ ਨੱਕ। ਸਲੀਕੇ ਨਾਲ਼ ਸੁਆਰੀਆਂ ਨਿਕ ਨਿਕੀਆ ਮੁੱਛਾਂ ਤੇ ਦਾੜ੍ਹੀ ਸਫ਼ਾ ਚੱਟ। ਸਿਰ ’ਤੇ ਹਲਕਾ ਜਿਹਾ ਨੀਲ ਦਿੱਤੀ ਹੋਈ ਚਿੱਟੀ ਪੱਗ। ਮੋਢੇ ’ਤੇ ਪਰਨਾ। ਸ਼ਾਮਰੰਗੇ ਆਲਮ ਦੇ ਸਿਰ ਤੇ ਚਿੱਟੀ ਪੱਗ ਵਧੇਰੇ ਚਿੱਟੀ ਲੱਗੇ। ਆਲਮ ਦੀ ਆਵਾਜ਼ ਵਿਚ ਟਣਕ ਸੀ। ਮੂੰਹ-ਜ਼ੁਬਾਨੀ ਮਟਕਾਅ ਕੇ ਬੋਲੀ ਕਵਿਤਾ ਨੇ ਧੰਨ ਧੰਨ ਕਰਾ ’ਤੀ। ਖੱਬੇ ਹੱਥ ਨੂੰ ਇਹ ਕਵਿਤਾ ’ਚ ਤਾਲ ਲਈ ਵਰਤਦਾ। ਘੜੀ ਮੁੜੀ ਮੁਕੱਰਰ ਮੁਕੱਰਰ, ਦੁਬਾਰਾ ਦੁਬਾਰਾ ਦੀਆਂ ਫ਼ਰਮੈਸ਼ਾਂ ਹੋਈਆਂ। ਇਕ ਇਕ ਬੰਦ ਤਿੰਨ-ਚਾਰ ਚਾਰ ਵਾਰ ਸੁਣਿਆ-ਸੁਣਾਇਆ ਗਿਆ। ਆਲਮ ਨੇ ਫੰਕਸ਼ਨ ਲੁੱਟ ਲਿਆ। ਵੱਡੇ ਵੱਡੇ ਕਵੀਆਂ ਦੇ ਤੱਪੜ ਰੁਲ਼ ਗਏ। ਏਦਾਂ ਦੀ ਸਿਖ਼ਰਲੀ ਸ਼ਾਇਰੀ ਤੋਂ ਮਗਰੋਂ ਫੇਰ ਕੋਈ ਨਹੀਂ ਬੋਲ ਸਕਦਾ ਹੁੰਦਾ। ਮੇਲਾ ਖ਼ਤਮ ਕਰ ਦੇਣਾ ਹੀ ਠੀਕ ਹੁੰਦਾ। ਪਰ ਏਥੇ ਆਲਮ ਤੋਂ ਬਾਅਦ ਹੋਰ ਬੋਲੇ। ਫੇਰ ਕੀ ਹੋਣਾ ਸੀ। ਲ਼ੋਕ ਉੱਠ ਕੇ ਛੇਤੀ ਛੇਤੀ ਨਿਕਲਣੇ ਸ਼ੁਰੂ ਹੋ ਗਏ। ਦਾਰੂ ਸਿੱਕੇ ਵਾਲ਼ੇ ਓਹਲੇ ਹੋ ਕੇ ਗਲਾਸ ਭੜਾਓਣ ਲਗ ਪਏ। ਜਿਨ੍ਹਾਂ ਦੀਆਂ ਠਾਹਰਾਂ ਸਨ, ਓਹ ਆਰਾਮ ਨਾਲ਼ ਕੱਛਾਂ ’ਚ ਹੱਥ ਦੇ ਕੇ ਟਹਿਲਣ ਲੱਗੇ। ਹਮਾਤੜਾਂ ਨੂੰ ਫ਼ਿਕਰ ਸੀ ਕਿ ਹੁਣ ਕੀ ਕਰੀਏ। ਰਾਤ ਦੇ ਦਸ ਗਿਆਰਾਂ ਵੱਜ ਗਏ ਸੀ। ਬੱਸ ਦਾ ਕੋਈ ਟੈਮ ਨਹੀਂ ਸੀ ਰਿਹਾ; ਹੁੰਦਾ ਵੀ ਤਾਂ ਐਸ ਵੇਲ਼ੇ ਰਾਤ ਨੂੰ ਕੇਹਨੂੰ ਔਖਾ ਕਰਨਾ ਸੀ। ਮੈਂ ਆਲਮ ਦੇ ਨੇੜੇ ਹੋ ਗਿਆ। ਇਹਨੂੰ ਪ੍ਰਸ਼ੰਸਕਾਂ ਨੇ ਘੇਰਿਆ ਹੋਇਆ ਸੀ। ਪਰ ਰਾਤ ਕੱਟਣ ਨੂੰ ਕਿਸੇ ਨਾ ਕਿਹਾ। ਪ੍ਰਸ਼ੰਸਕ ਹੌਲ਼ੀ-ਹੌਲ਼ੀ ਉਰ੍ਹੇ-ਪਰ੍ਹੇ ਹੋ ਗਏ। ਪ੍ਰਬੰਧਕ ਕਦੇ ਦੇ ਖਿਸਕ ਚੁੱਕੇ ਸਨ। ਗੁੜ੍ਹੇ ਹੋਏ ਆਲਮ ਦਾ ਤਜ਼ੁਰਬਾ ਵੱਡਾ ਸੀ। ਆਲਮ ਨੇ ਕਿਹੜਾ ਕੱਚੀਆਂ ਗੋਲ਼ੀਆਂ ਖੇਡੀਆਂ ਹੋਈਆਂ ਸੀ। ਏਹਨੂੰ ਪਤਾ ਈ ਹੋਣਾ, ਬਈ ਮੈਨੂੰ ਕਿਸੇ ਨੇ ਰਾਤ ਨਹੀਂ ਕਟਾਉਣੀ; ਆਪੇ ਹੀ ਕੋਈ ਬੰਨ੍ਹ-ਸੁੱਭ ਕਰਨਾ ਪੈਣਾ। ਇਹਨੂੰ ਕਿਸੇ ਤੇ ਆਸ ਵੀ ਨਹੀਂ ਹੋਣੀ। ਮਸਤੀ ’ਚ ਆਲਮ ਟੇਸ਼ਣ ਵੱਲ ਨੂੰ ਹੋ ਗਿਆ। ਨਾ ਖ਼ੁਸ਼ ਨਾ ਨਾਰਾਜ਼। ਮੈਂ ਵੀ ਨਾਲ਼ੇ ਈ ਹੋ ਤੁਰਿਆ।

ਪ੍ਰੋਗਰਾਮ ਰਾਤ ਨੂੰ ਸੀ। ਪ੍ਰਬੰਧਕਾਂ ਦੇ ਚੌਧਰ-ਭੇੜ ’ਚ ਬੇਸੁਆਦੀਆਂ ਹੋਈਆਂ। ਕਿਸੇ ਨੇ ਸਾਡੀ ਬਾਤ ਨਾ ਪੁੱਛੀ। ਆਲਮ ਦੀ ਵੀ ਨਾ। ਜਿਹਨੂੰ ਅਜੇ ਕੁਝ ਘੰਟੇ ਪਹਿਲਾਂ ਸਨਮਾਣ ਦੇ ਕੇ ਹਟੇ ਸੀ; ਬੜੇ ਸੋਹਲੇ ਗਾਏ ਸਨ। ਅਸੀਂ ਰੇਲਵੇ ਸਟੇਸ਼ਨ ਵੱਲ ਨੂੰ ਤੁਰੇ ਜਾਈਏ ਤਾਂ ਸਾਡੇ ਨਾਲ ਨਵੇਂ ਸ਼ਹਿਰ ਵੱਲ ਦਾ ਗ਼ਜ਼ਲਗੋ ਵੀ ਹੋ ਤੁਰਿਆ। ਥੋੜ੍ਹਾ ਅੱਗੇ ਜਾ ਕੇ ਪੈਰ ਘੜੀਸਦਾ ਘੜੀਸਦਾ ਓਹ ਵੀ ਖਿਸਕ ਗਿਆ। ਅਸੀਂ ਸੁੰਨ ਮਸਾਨ ਜਲੰਧਰ ਰੇਲਵੇ ਸਟੇਸ਼ਨ ਜਾ ਪੁੱਜੇ। ਵਿਰਲ਼ਾ ਵਿਰਲ਼ਾ ਕੁਲੀ ਊਂਘਦਾ ਦਿਸੇ। ਅਸੀਂ ਇਕ ਇਕ ਬੈਂਚ ਮੱਲ ਲਿਆ – ਲਾਗੇ ਲਾਗੇ। ਅੱਧ-ਲੇਟੇ ਜਿਹੇ ਹੋ ਗਏ।

ਗੱਲਾਂ ਕਰਦਿਆਂ ਆਲਮ ਉਧੜ ਗਿਆ। ਇਹਨੇ ਮੈਨੂੰ ਅਪਣੀ ਜ਼ਿੰਦਗੀ ਦੀ ਬਿਥਿਆ ਹੀ ਸੁਣਾ ਦਿੱਤੀ। ਕਹਿੰਦਾ: ਮੈਂ ਤਾਂ ਜੀ ਅਨਪੜ੍ਹ ਬੰਦਾ ਆਂ। ਨਾ ਲਿਖ ਸਕਦਾਂ, ਨਾ ਪੜ੍ਹ ਸਕਦਾਂ। ਲੱਲਾ ਭੱਬਾ ਕਰਨ ਲਈ ਅੱਖਰ ਉਠਾਲਣ ਜੋਗਾ ਵੀ ਬਾਅਦ ’ਚ ਹੀ ਹੋਇਆਂ। ਹੋਰ ਤਾਂ ਹੋਰ, ਮੈਨੂੰ ਤਾਂ ਨਾਂ ਵੀ ਰਿੜ੍ਹ ਖੁੜ੍ਹ ਕੇ ਲਿਖਣਾ ਆਉਂਦਾ। ਪਰ ਕਵਿਤਾ ਮੈਨੂੰ ਉੱਤੋਂ ਉਤਰਦੀ ਆ। ਇਹਦੇ ਲਈ ਮੈਨੂੰ ਕੋਈ ਤਰੱਦਦ ਨਹੀਂ ਕਰਨਾ ਪੈਂਦਾ। ਇਹ ਬਿਨਾਂ ਤਕਲੀਫ਼ ਦੇ ਮੇਰੇ ਕੋਲ਼ ਆ ਜਾਂਦੀ ਆ। ਮੈਂ ਯਾਦ ਕਰ ਲੈਨਾਂ। ਫੇਰ ਮੈਂ ਓਦਾਂ ਹੀ ਬੋਲ ਦਿੰਨਾਂ। ਐਨਾ ਈ ਸਾਰਾ ਕੰਮ ਆ। ਮੈਂ ਤਿੰਘ ਤਿੰਘ ਕੇ ਨਹੀਂ ਲਿਖਦਾ। ਜਿੱਦਾਂ ਦੀ ਇਹਦੀ ਕਵਿਤਾ ਸੀ, ਓਦਾਂ ਦੀਆਂ ਹੀ ਗੱਲਾਂ। ਕੋਈ ਵਲ਼ ਨਹੀਂ, ਫ਼ਰੇਬ ਨਹੀਂ; ਕੋਈ ਉਚੇਚ ਨਹੀਂ। ਆਲਮ ਦੀਆਂ ਗੱਲਾਂ ਹਲੀਮੀ ਨਾਲ਼ ਲਥ ਪਥ ਸੀ। ਸਾਦ ਮੁਰਾਦੀਆਂ ਸਹਿਜ ਸੁਭਾਅ ਦਿਆਨਤਦਾਰੀ ਨਾਲ਼ ਕੀਤੀਆਂ ਸਾਧਾਰਣ ਪਰ ਡਾਢੀਆਂ ਅਸਰਦਾਰ ਬਾਤਾਂ। ਗੱਲਾਂ ਕਾਹਦੀਆਂ ਇਹਦੀ ਜ਼ਿੰਦਗੀ ਦਾ ਨਿਚੋੜ ਤੱਤ ਸੀ।

ਆਲਮ ਨੇ ਆਪੇ ਦੱਸਿਆ ਕਿ ਭਾਈ ਮੈਂ ਤਾਂ ਇੱਟਾਂ ਦਾ ਪਥੇਰਾ ਸੀ। ਅੱਠ ਆਨੇ ਦਿਹਾੜੀ 'ਤੇ। ਤੁਕਬੰਦੀ ਕਰ ਲੈਂਦਾ ਸੀ। ਪਾਕਿਸਤਾਨ 'ਚ ਰਹਿ ਗਏ ਕੋਟੇ ਵੱਲ ਕੋਈ ਕਵੀ ਦਰਬਾਰ ਸੀ। ਮੈਂ ਵੀ ਸੁਣਨ ਚਲਾ ਗਿਆ। ਮੈਨੂੰ ਓਨ੍ਹਾਂ ਦੀ ਕਵਿਤਾ ਚੰਗੀ ਨਾ ਲੱਗੀ ਤੇ ਮੈਂ ਕਹਿ 'ਤਾ, ਛੱਡੋ ਯਾਰ ਇਹ ਵੀ ਕੋਈ ਕਵਿਤਾ ਆ। ਅਗਲੇ ਕਹਿੰਦੇ: ਜੇ ਤੈਨੂੰ ਜਾਅਦੀ ਔਂਦੀ ਆ, ਤਾਂ ਤੂੰ ਸੁਣਾ ਦੇ ਫੇ। ਮੈਂ ਕਿਹਾ: ਮੈਂ ਸੁਣਾ ਦਿੰਨਾ। ਘੁਸਰ ਮੁਸਰ 'ਚ ਮੇਰਾ ਵੀ ਨਾਂ ਬੋਲ ਦਿੱਤਾ। ਮੈਂ ਕਵਿਤਾ ਸੁਣਾ ਦਿੱਤੀ। ਲੋਕਾਂ ਮੁੜ-ਮੁੜ ਸੁਣਨ ਦੀਆਂ ਫ਼ਰਮੈਸ਼ਾ ਕੀਤੀਆਂ। ਕਹਿੰਦੇ: ਤੂੰ ਕਿੱਥੇ ਲੁਕਿਆ ਰਿਹਾ। ਮੈਨੂੰ ਇਨਾਮ ਵੀ ਮਿਲ਼ਿਆ ਤੇ ਨਾਮ ਵੀ ਹੋਇਆ। ਓਹ ਕਹਿੰਦੇ ਤੂੰ ਅੱਜ ਪਥੇਰੇ ਤੋਂ ਮੁਣਸ਼ੀ ਹੋਇਆ। ਪਰ ਕੰਮ ਤੇਰਾ, ਕਵਿਤਾ ਲਿਖਣੀ ਤੇ ਕਵੀ ਦਰਬਾਰਾਂ ਤੇ ਜਾਣਾ। ਅੰਨਾਂ ਕੀ ਭਾਲ਼ੇ ਦੋ ਅੱਖਾਂ? ਆਲਮ ਕਹਿੰਦਾ: ਮੈਨੂੰ ਸਮਝ ਹੀ ਨਾ ਆਵੇ ਬਈ ਇਹ ਹੋ ਕੀ ਗਿਆ। ਕਿਸੇ ਗ਼ਰੀਬ ਮਜ਼ਦੂਰ ਦਾ ਏਨਾ ਮਾਣ।

ਫੇਰ ਕਹਿੰਦਾ: ਇਕ ਵਾਰ ਮੈਂ ਬੜਾ ਕਸੂਤਾ ਫਸ ਗਿਆ। ਸਾਡੇ ਗ਼ਰੀਬ ਲੋਕਾਂ ਨੂੰ ਕਈਆਂ ਗੱਲਾਂ ਦਾ ਪਤਾ ਈ ਨਹੀਂ ਹੁੰਦਾ। ਓਹ ਸਮਝ ਬੈਠੇ, ਬਈ ਕਵੀ ਕੋਈ ਸਿਆਣਾ ਹੁੰਦਾ – ਧਾਗਾ ਤਵੀਤ ਕਰਨ ਵਾਲ਼ਾ। ਮੈਨੂੰ ਕਹਿੰਦੇ ਆਹ ਸਾਡੀ ਕਾਕੀ ਢਿੱਲੀ ਮੱਠੀ ਰਹਿੰਦੀ ਆ। ਇਹਦਾ ਇਲਾਜ ਕਰੋ ਜੀ। ਮੈਂ ਓਨ੍ਹਾਂ ਨੂੰ ਕਵ੍ਹਾਂ ਤੁਸੀਂ ਡਾਕਟਰ ਨੂੰ ਦਿਖਾਓ, ਓਹ ਕਹਿਣ, ਕੋਈ ਧਾਗਾ ਤਵੀਤ ਕਰਕੇ ਦੇਹ। ਮੈਂ ਤਾਂ ਏਸ ਕੁੱਤਖਾਨੇ ਦੇ ਸੁਧਾ ਖਿਲਾਫ ਸੀ। ਮੈਂ ਬਥੇਰਾ ਕਵ੍ਹਾਂ, ਬਈ ਕਵੀ ਦਾ ਮਤਲਬ ਇਹ ਨਹੀਂ ਹੁੰਦਾ; ਓਹ ਕਿੱਥੇ ਮੰਨਣ ਜੀ। ਓਹ ਤਾਂ ਭਾਈ ਮੇਰੇ ਪੇਸ਼ ਹੀ ਪੈ ਗਏ। ਅਖ਼ੀਰ 'ਚ ਮੈਂ ਐਵੇਂ ਫੂਕਾਂ ਫਾਕਾਂ ਜਿਹੀਆਂ ਮਾਰ ਕੇ ਖਹਿੜਾ ਛੁਡਾਇਆ।

ਮੈਂ ਗੀਤ ਬਾਰੇ ਪੁੱਛਿਆ ਤਾਂ ਆਲਮ ਕਹਿੰਦਾ: ਸ਼ਿਵ ਕੁਮਾਰ ਨੇ ਇਕ ਗੀਤ ਲਿਖਿਆ ਸੀ ਜਿਹੜਾ ਦਿੱਲੀ ਵਾਲ਼ੀ ਸੁਰਿੰਦਰ ਕੌਰ ਨੇ ਗਾਇਆ ਸੀ। ਰੇਡੀਓ ਤੇ ਵਜਦਾ ਰਹਿੰਦਾ ਹੈ: ਮੈਨੂੰ ਹੀਰੇ ਹੀਰੇ ਆਖੇ ਹਾਏ ਨੀ ਮੁੰਡਾ ਲੰਬੜਾਂ ਦਾ, ਨੀ ਮੁੰਡਾ ਲੰਬੜਾਂ ਦਾ। ਇਹ ਗੀਤ ਸੁਣ ਕੇ ਮੈਂ ਕਿਹਾ: ਦੁਰ ਫਿੱਟੇ ਮੂੰਹ ਆਲਮਾਂ, ਇਹ ਕੀ ਸਾਲ਼ੀ ਗੱਲ ਹੋਈ ਬਈ। ਲੰਬੜਾਂ ਦੇ ਮੁੰਡਿਆਂ ਦੇ ਕਿਹੜੇ ਫੁੱਲ ਲੱਗੇ ਹੋਏ ਆ ਜੋ ਸਾਡਿਆਂ ਦੇ ਹੈ ਨਹੀਂ। ਓ ਸਾਡੇ ਆਵਦੇ ਮੁੰਡਿਆਂ ਨੂੰ ਕੋੜ੍ਹ ਹੋਇਆ ਹੋਇਆ; ਤੁਸੀਂ ਇਨ੍ਹਾਂ ਦੇ ਜੁੱਸੇ ਤਾਂ ਦੇਖੋ – ਦਸਾਂ ਨਹੁੰਆਂ ਦੀ ਕਿਰਤ ਨਾਲ ਕਮਾਏ ਹੋਏ। ਮਜਾਲ ਆ ਕਿਤੇ ਲਿਫ ਜਾਣ। ਫੇਰ ਕਹਿੰਦਾ: ਸਾਲ਼ੀ ਜਗੀਰਦਾਰੀ ਤੋਂ ਸਾਡਾ ਖਹਿੜਾ ਨਾ ਛੁੱਟਾ – ਸਾਹਿਤ ਵਿਚ ਵੀ ਨਾ ਛੁੱਟਾ। ਮੇਰਾ ਗੀਤ ਜ਼ੈਲਦਾਰਾਂ ਤੇ ਲੰਬੜਦਾਰਾਂ ਨੂੰ ਚੈਲਿੰਜ ਹੈ। ਧਗੜਿਆਂ ਦੇ ਖਿਲਾਫ਼ ਆ – ਨਿਆਂ ਦੇ ਹੱਕ 'ਚ। ਵੱਡਿਆਂ ਨੂੰ ਮਾਰੀ ਸੱਟ ਹੈ – ਮੇਰਾ ਇਹ ਗੀਤ। ਮੈਂ ਚਾਹੁੰਨਾਂ ਇਹ ਸੱਭ ਕੁਝ ਬਦਲ ਜਾਵੇ। ਛੇਤੀ।

ਜ਼ਰਾ ਕੁ ਸਾਹ ਲੈ ਕੇ ਫੇਰ ਗੱਲ ਤੋਰੀ। ਕਹਿੰਦਾ, ਮੈਂ ਕਿਹਾ: ਲੈ ਬਈ ਸ਼ਿਵ ਕੁਮਾਰਾ, ਤੇਰਾ ਗੀਤ ਭਾਵੇਂ ਸੁਰਿੰਦਰ ਕੌਰ ਗਾਵੇ ਤੇ ਭਾਵੇਂ ਗਾਵੇ ਪਰਗਾਸ਼ ਕੌਰ। ਭਾਵੇਂ ਜਲੰਧਰ ਦਾ ਰੇਡੀਓ ਸਟੇਸ਼ਨ ਨਿੱਤ ਵਜਾਵੇ ਤੇ ਭਾਵੇਂ ਇਹ ਵੱਜੇ ਦਿੱਲੀਓਂ। ਮੇਰਾ ਆਹ ਤੋੜ ਗੀਤ ਲੋਕਾਂ ਦੇ ਦਿਲਾਂ 'ਚ ਵੱਜਦਾ ਈ ਰਹੂ। ਇਹ ਕਹਿੰਦਾ ਆਲਮ ਸਹਿਜ ਭਾਅ 'ਚ ਸੀ, ਹਉਮੈ 'ਚ ਨਹੀਂ। ਆਲਮ ਦੀ ਠਰ੍ਹੰਮੇ ਨਾਲ ਕਹੀ ਗੱਲ 'ਚ ਦੱਮ ਸੀ। ਵਧਾਅ ਕੇ ਕੀਤੀ ਗੱਲ ਨਾ ਸੀ। ਇਹਦਾ ਆਖਣਾ ਠੀਕ ਹੀ ਸਾਬਤ ਹੋਇਆ ਸੀ। ਇਹਦਾ ਜਲਵਾ ਤਾਂ ਮੈਂ ਰਤਾ ਕੁ ਪਹਿਲਾਂ ਈ ਅੱਖੀਂ ਵੇਖ ਕੇ ਹਟਿਆ ਸਾਂ।

ਇਹ ਆਲਮ ਦੀ ਸ਼ਾਹਕਾਰ ਰਚਨਾ ਹੈ। ਸਿਆਸੀ ਰੰਗ 'ਚ ਤਾਂ ਰੱਤੀ ਹੋਈ ਹੈ ਈ, ਇਹਦੇ 'ਚ ਲੈਅ ਹੈ; ਰਵਾਨੀ ਹੈ; ਸਰੋਦ ਹੈ, ਜੋਸ਼ ਹੈ, ਸੁਹਜ ਹੈ; ਚਾਹਨਾ ਹੈ। ਲੋਕ ਬੋਲੀ ਦੀ ਚੜ੍ਹਤ ਹੈ। ਸਥਾਪਤੀ ਦੇ ਖ਼ਿਲਾਫ਼ ਕੀਤਾ ਸਿਰੇ ਦਾ ਵਾਰ ਹੈ। ਸਫ਼ਾਜੰਗ। ਪੁਰਾਣੇ ਨੂੰ ਬਦਲ ਕੇ ਨਵਾਂ ਲਿਆਉਣ ਦੀ ਤਾਂਘ ਹੈ। ਇਹਦੇ 'ਚ ਆਲਮ ਦੇ ਠੱਠੇ ਵਾਲ਼ੇ ਮਸ਼ਕੂਲੀ ਸੁਭਾਅ ਤੋਂ ਉਲ਼ਟ ਗਹਿਰ ਗੰਭੀਰ ਵਿਚਾਰ ਹੈ। ਗੀਤ ਦੀ ਜ਼ੁਬਾਨ ਤੇ ਚੜ੍ਹਨ ਦੀ ਪੂਰੀ ਸਮਰੱਥਾ ਹੈ। ਆਲਮ ਨੂੰ ਕਈ 'ਦਰਮਿਆਨਾ ਕਵੀ' ਕਹਿੰਦੇ ਹਨ। ਢੁੱਡਾਂ ਵਾਲ਼ੇ ਸਕਾਲਰ ਆਲਮ ਤੋਂ ਉਰਾਂ ਈ ਰਹਿ ਜਾਂਦੇ ਆ। ਪਰ ਆਲਮ ਵੱਡੇ ਮਿਸ਼ਨ ਦਾ ਕਵੀ ਸੀ। ਕਵਿਤਾ ਦੇ ਨਾਲ਼ ਓਹਨੇ ਆਪਣੀ ਜਮਾਤ ਦੇ ਲੋਕਾਂ ਨੂੰ ਵੀ ਹਲੂਣਾ ਦੇਣਾ ਸੀ। ਓਹਨੇ ਏਸ ਗੱਲ ਦੀ ਪਰਵਾਹ ਵੀ ਨਾ ਕੀਤੀ ਕਿ ਓਹਨੂੰ ਕੋਈ ਵੱਡਾ ਕਵੀ ਕਹਿੰਦਾ ਹੈ ਜਾਂ ਛੋਟਾ। ਇਹ ਫ਼ੈਸਲਾ ਓਹਨੇ ਲੋਕਾਂ ਤੇ ਛੱਡਿਆ ਹੋਇਆ ਸੀ। ਆਮ ਲੋਕ ਹਮੇਸ਼ਾਂ ਇਹਨੂੰ ਚਾਹੁੰਦੇ ਰਹੇ। ਸ਼ਿਵ ਦੇ ਮੁਕਾਬਲੇ ਵੀ, ਅੰਮ੍ਰਿਤਾ ਤੇ ਏਥੋਂ ਤਕ ਕਿ ਪ੍ਰੋ. ਮੋਹਨ ਸਿੰਘ ਦੇ ਮੁਕਾਬਲੇ ਵੀ। ਜਦੋਂ ਇਨ੍ਹਾਂ ਦੀ ਪੂਰੀ ਚੜ੍ਹਾਈ ਸੀ।



**(ਇੰਗਲੈਂਡ ਵਿੱਚ ਸੰਤੋਖ ਸਿੰਘ ਸੰਤੋਖ, ਸੁਰਜੀਤ ਚੌਹਾਨ, ਗੁਰਦਾਸ ਰਾਮ ਆਲਮ, ਚੌਹਾਨ ਦਾ ਭਾਣਜਾ ਅਤੇ ਹਰਜੀਤ ਦੌਧਰੀਆ)**

ਆਲਮ ਕਹਿੰਦਾ: ਸ਼ਿਵ ਤੇ ਮੈਂ ਵਲੈਤ 'ਚ ਇਕੱਠੇ ਹੋ ਗਏ। ਇਕ ਦੋ ਫੰਕਸ਼ਨਾਂ 'ਤੇ ਮੇਲ਼ ਵੀ ਹੋਇਆ। ਸ਼ਿਵ ਕੁਮਾਰ ਗਿਲਾ ਕਰਿਆ ਕਰੇ; ਯਾਰ ਮੈਨੂੰ ਤਾਂ ਐਸ ਬੁੜ੍ਹੇ ਨੇ ਬੜਾ ਤੰਗ ਕੀਤਾ ਹੋਇਆ; ਭਾਰਤ 'ਚ ਮੈਂ ਤਾਂ ਏਦਾਂ ਦਿਆਂ ਨੂੰ ਚਿੱਤ 'ਚ ਈ ਨਹੀਂ ਰੱਖਦਾ। ਦਰਅਸਲ, ਆਲਮ ਨੇ ਇਹ ਗੱਲ ਮੈਨੂੰ ਘਟਾਅ ਕੇ ਦੱਸੀ ਸੀ। ਸ਼ਿਵ ਦੀ ਕਵਿਤਾ ਦੀ ਓਨੀ ਬੱਲੇ ਬੱਲੇ ਨਾ ਹੋਈ। ਵਲੈਤ ਦੇ ਸੰਗੀ ਸਾਥੀ ਦਸਦੇ ਹਨ ਕਿ ਸ਼ਿਵ ਦੀ ਕਵਿਤਾ ਆਲਮ ਦੀ ਕਵਿਤਾ ਮੂਹਰੇ ਟਿਕਦੀ ਨਾ ਸੀ। ਆਲਮ ਦਾ ਪੇਂਡੂ ਮੁਹਾਵਰਾ ਤੇ ਸਾਫ਼ਗੋਈ ਸ਼ਿਵ ਤੋਂ ਵੱਧ ਭਾਉਂਦੀ ਸੀ। ਆਮ ਲੋਕਾਂ ਦੀ ਬੋਲੀ ਸੀ – ਸਾਦ ਮੁਰਾਦੀ; ਗੱਲਾਂ-ਬਾਤਾਂ ਵਰਗੀ ਕਵਿਤਾ ਸੀ। ਓਹੀ ਮੁਹਾਵਰਾ। ਇਹਦੀ ਕਵਿਤਾ ਸਟੇਜਾਂ ਤੇ ਵੀ ਵਸ ਜਾਂਦੀ ਸੀ, ਕਵੀ ਦਰਬਾਰਾਂ ਤੇ ਵੀ ਘਰੀਂ ਲਾਈਆਂ ਮਹਿਫ਼ਲਾਂ 'ਚ ਵੀ ਤੇ ਪੱਬਾਂ 'ਚ ਵੀ।

ਆਲਮ ਦੀ ਕਵਿਤਾ 'ਚ ਕੋਈ ਗੱਲ ਤਾਂ ਜ਼ਰੂਰ ਹੋਣੀ ਈ ਆਂ ਜੋ ਏਹਦੀ ਪਹਿਲੀ ਕਿਤਾਬ ਦਾ ਮੁੱਖਬੰਦ ਪ੍ਰਿੰਸੀਪਲ ਤੇਜਾ ਸਿੰਘ ਨੇ ਲਿਖਿਆ ਤੇ ਦੂਜੀ ਦਾ ਪਿੰਸੀਪਲ ਸੁਜਾਨ ਸਿੰਘ ਨੇ। ਤੀਜੀ ਦਾ ਲਹੌਰੀ ਰਾਮ ਬਾਲੀ ਨੇ ਲਿਖਿਆ ਸੀ। ਆਲਮ ਦੀ ਮੰਗ ਵੀ ਸੀ, ਚੜ੍ਹਤ ਵੀ। ਇਹ ਬੜਿਆਂ ਦਾ ਪ੍ਰੇਰਣਾ ਸਰੋਤ ਵੀ ਬਣਿਆ। ਕੰਮ ਇਹਦਾ ਕਵੀ ਦਰਬਾਰਾਂ ਤੇ ਜਾਣਾ ਸੀ। ਠਾਰ੍ਹਾਂ ਵੀ ਬੜੀਆਂ ਸੀ ਇਹਦੀਆਂ। ਕਵੀ ਦਰਬਾਰ ਤੋਂ ਹਫਤਾ ਹਫਤਾ ਪਹਿਲਾਂ ਹੀ ਘਰੋਂ ਤੁਰ ਪੈਣਾ; ਰਾਹ 'ਚ ਠਹਿਰਾਂ ਕਰਦੇ ਜਾਣਾ ਤੇ ਕਰਦੇ ਈ ਆਉਣਾ। ਆਜ਼ਾਦੀ ਤੋਂ ਪਹਿਲਾਂ ਜਿਹੜਾ ਅੰਗਰੇਜ਼ਾਂ ਦੇ ਖਿਲਾਫ਼ ਬੋਲਦਾ ਸੀ, ਉਹਦਾ ਬੋਲਬਾਲਾ ਸੀ। ਆਲਮ ਅੰਗਰੇਜਾਂ ਦੇ ਖਿਲਾਫ਼ ਬੋਲਦਾ ਸੀ। ਫੇਰ ਰਹਿੰਦੀ ਉਮਰ ਇਹਦਾ ਤਾਣ ਆਮ ਲੋਕਾਂ ਦੇ ਹੱਕ 'ਚ ਬੋਲਦਾ ਰਿਹਾ।

ਸਟੇਜ ਦਾ ਧਨੀ ਆਲਮ ਕਵੀ ਦਰਬਾਰਾਂ ਦੀ ਸ਼ਾਨ ਹੁੰਦਾ ਸੀ। ਇਹਦੀ ਕਵਿਤਾ ਦੀ ਡਿਲਿਵਰੀ ਤੇ ਅਦਾਇਗੀ ਕੀਲ ਲੈਂਦੀ ਸੀ। ਆਮ ਕਵੀ ਦਰਬਾਰਾਂ ਤੇ ਇਹਦੀ ਚੜ੍ਹ ਮਚਦੀ। ਕਾਮਰੇਡਾਂ ਦੀਆਂ ਸਟੇਜਾਂ ਤੇ ਇਹਦਾ ਵੱਖਰਾ ਟੌਹਰ ਹੁੰਦਾ ਸੀ। ਸਾਰੇ ਸੁਣਨ ਸੁਣਾਉਣ ਵਾਲ਼ੇ ਘਰ ਦੇ ਬੰਦੇ ਹੁੰਦੇ ਸੀ। ਵਿਚਾਰਾਂ ਦੀ ਸਾਂਝ ਵਾਲ਼ੇ। ਖੁਲ੍ਹਦਿਲੀ ਨਾਲ ਦਾਦ ਮਿਲਣੀ – ਇਨਾਮ ਸ਼ਿਨਾਮ ਵੀ। ਇਨਕਲਾਬੀਆਂ ਦੀਆਂ ਸਟੇਜਾਂ ਵੀ ਬੰਨ੍ਹੀ ਰੱਖਣੀਆਂ ਇਹਨੇ।

ਤਰਸੇਮ ਪੁਰੇਵਾਲ ਤੇ ਸੰਤੋਖ ਸ਼ਿਵ ਨੂੰ ਲੈ ਕੇ ਵੁਲਵਰਹੈਂਪਟਨ ਪਹੁੰਚ ਗਏ। ਮੋਹਰੇ ਆਲਮ ਪੂਰੇ ਜਲੌ 'ਚ ਸਟੇਜ ਤੇ ਮੇਲਦਾ ਫਿਰੇ। ਇਹ 'ਇਲੈਕਸ਼ਨ' ਕਵਿਤਾ ਬੋਲਦਾ ਸੀ। ਓਧਰੋਂ ਆਲਮ ਨੇ ਕਵਿਤਾ ਦੀ ਸਤਰ ਕਹੀ: 'ਚੱਕੇ ਹੋਏ ਪੁਰਾਣੀਆਂ ਚੌਧਰਾਂ ਦੇ, ਚੰਡੀਗੜੋਂ ਮਸ਼ਹੂਰ ਭਲਵਾਨ ਆ ਗਏ' ਤੇ ਓਧਰੋਂ ਸ਼ਿਵ ਹਾਲ 'ਚ ਜਾ ਵੜਿਆ। ਬੜਬੋਲਾ ਸ਼ਿਵ ਕਹਿੰਦਾ: ਹਾਂ ਹਾਂ, ਮੈਂ ਵੀ ਓਸੇ ਚੰਡੀਗੜੋਂ ਹੀ ਆਇਆਂ। ਆਲਮ ਤਾਂ ਛਾਇਆ ਹੋਇਆ ਸੀ।



**{ ਸੰਤੋਖ ਸਿੰਘ ਸੰਤੋਖ, ਜੋਗਿੰਦਰ ਸ਼ਮਸ਼ੇਰ, ਗੁਰਦਾਸ ਰਾਮ ਆਲਮ, ਸਰਵਨ ਸਿੰਘ ਅਮੋਲਕ, ਜਸਵੰਤ ਸਿੰਘ ਅਟਵਾਲ। ਬੈਠੇ: ਸ੍ਰੀ ਮਤੀ ਸੰਤੋਖ, ਸ੍ਰੀ ਮਤੀ ਅਟਵਾਲ, ਸ੍ਰੀ ਮਤੀ ਤਰਸੇਮ ਪੁਰੇਵਾਲ, ਸ਼੍ਰੀ ਮਤੀ ਪ੍ਰੀਤਮ ਸਿੱਧੂ ਅਤੇ (?)}**

ਸ਼ਿਵ ਦੀ ਕੀ ਪੁੱਛ ਹੋਣੀ ਸੀ ਓਥੇ। ਸਾਹਿਤ ਅਕੈਡਮੀਏਂ ਸ਼ਿਵ ਦੇ ਮਾਣ 'ਚ ਰੱਖੀਆਂ ਕਈ ਪਾਰਟੀਆ ਦੀਆਂ ਵੀ ਫੂਕਾਂ ਈ ਨਿਕਲ਼ ਗਈਆ। ਲੋਕਾਂ ਸੁਣਿਆ ਈ ਨਾ ਜਾਂ ਬੋਲਣ ਹੀ ਨਾ ਦਿੱਤਾ। ਸ਼ਿਵ ਨੇ ਕਹਿਣਾ ਓਏ ਤੁਸੀਂ ਆਹ ਬੁੜ੍ਹੇ ਨੂੰ ਹੀ ਸਿਰ 'ਤੇ ਚੁਕੀ ਜਾਨੇ ਓਂ, ਮੈਂ ਨਹੀਂ ਦੀਹਦਾ ਤੁਹਾਨੂੰ। ਆਲਮ ਸ਼ਿਵ ਨੂੰ ਚੰਗਾ ਕਵੀ ਤਾਂ ਮੰਨਦਾ ਸੀ ਪਰ ਜਮਾਤੀ ਸੂਝ ਤੋਂ ਅਣਭਿੱਜ। ਆਲਮ ਦੇ ਇਕ ਦੌਰੇ ਵੇਲੇ ਅੰਮ੍ਰਿਤਾ ਪ੍ਰੀਤਮ ਵੀ ਵਲੈਤ ਆਈ ਹੋਈ ਸੀ। ਫੇਰ ਵੀ ਆਲਮ ਦਾ ਜਾਦੂ ਘਟਿਆ ਨਾ।

ਖ਼ੂਬਸੂਰਤੀ ਦਾ ਇਹਦਾ ਆਪਣਾ ਸੰਕਲਪ ਸੀ। ਏਹਦਾ ਬਿਆਨ ਪਾਸ਼ ਨੇ 'ਸਿਆੜ' ਵਿਚ ਆਲਮ ਬਾਰੇ ਲੇਖ ਛਾਪ ਕੇ ਕੀਤਾ ਸੀ: 'ਉਹ ਜਮਾਤੀ ਨਫ਼ਰਤ ਵਿਚ ਗੜੁਚ ਹੋਈ ਇਕ ਖੜਕਦੀ ਸਖ਼ਸ਼ੀਅਤ ਹੈ। ਉਹ ਆਪਣੇ ਲੋਕਾਂ ਨੂੰ ਪਹਾੜਾਂ ਵਾਂਗ ਅੜ ਕੇ ਖਲੋਤੇ ਦੇਖਣਾ ਚਾਹੁੰਦਾ ਹੈ। ਮੈਂ ਤਾਂ ਏਹਨਾਂ ਨੂੰ ਕਹਿੰਦਾਂ ਹੁੰਨਾਂ, ਤੁਸੀਂ ਸਰਦਾਰਾਂ ਦੇ ਘੜੇ ਹੋਏ ਰਸਮਾਂ, ਰਵਾਇਤਾਂ ਤੇ ਸੰਸਕਾਰਾਂ ਦਾ ਬਾਈਕਾਟ ਕਰੋ।' ਅੱਗੇ ਜਾ ਕੇ ਪਾਸ਼ ਆਲਮ ਦੀ ਕਰਮਭੂਮੀ ਦਾ ਨਕਸ਼ਾ ਖਿਚਦਾ ਹੈ: "ਥਾਂ ਥਾਂ ਤੇ ਬੰਨ੍ਹੇ ਹੋਏ ਡੰਗਰਾਂ ਤੇ ਨੰਗ ਧੜੰਗੇ ਖਾਂਦੇ ਬੱਚਿਆਂ ਦੇ ਝੁਰਮਟ ਸਨ। ਹਾੜ੍ਹ ਦੀ ਲੱਗੀ ਹੋਈ ਦੁਪਹਿਰੇ ਵੀ ਮੁਹੱਲੇ ਵਿਚ ਆਰਾਮ ਨਾਂ ਦੀ ਕੋਈ ਸ਼ੈਅ ਨਹੀਂ ਸੀ। ਚੌਹੀਂ ਪਾਸੀਂ ਇਕ

ਕੁਹਰਾਮ ਜਿਹਾ ਮਚਿਆ ਹੋਇਆ ਸੀ। ਔਰਤਾਂ ਮਜ਼ੂਰੀ ਵਿਚ ਲਿਆਂਦੀਆਂ ਹੋਈਆਂ ਕਣਕ ਦੀਆਂ ਭਰੀਆਂ ਨੂੰ ਕੁੱਟ ਕੁੱਟ ਕੇ ਦਾਣੇ ਕੱਢ ਰਹੀਆਂ ਸਨ। ਛੱਜਾਂ ਦਾ ਧੀਮਾ ਖੜਕਾ। ਉੱਡ ਰਹੀ ਖ਼ੁਸ਼ਕ ਧੂੜ ਵਿਚ ਜ਼ਨਾਨੀਆਂ ਦੇ ਮੂਹਾਂ ਓਤੋਂ ਦੀ ਪੱਲੇ ਬੰਨ੍ਹੇ ਹੋਏ। ਪਸ਼ੂਆਂ ਦੇ ਮਲ ਮੂਤਰ ਦੀ ਤੇਜ਼ ਹਵਾੜ੍ਹ। ਸ਼ਾਇਦ ਇਕ ਕਵੀ ਦੇ ਰਹਿਣ ਲਈ ਇਹ ਦੁਨੀਆਂ ਦੀ ਸਭ ਤੋਂ ਯੋਗ ਥਾਂ ਸੀ। ਇਹ ਕਵਿਤਾ ਲਈ ਜ਼ਰਖ਼ੇਜ਼ ਭੂਮੀ ਸੀ।" ਪਾਸ਼ ਏਹਨੂੰ ਅਸਲੀ ਇਨਕਲਾਬੀ ਲੋਕ ਕਵੀ ਕਹਿੰਦਾ ਸੀ।

ਆਲਮ ਮੈਨੂੰ ਕਹਿੰਦਾ ਭਲਾ ਤੂੰ ਦੱਸ, ਬਈ ਕਾਲ਼ੇ ਰੰਗ ਨੂੰ ਕਿਹੜਾ ਕੋਹੜ ਹੋਇਆ ਹੋਇਆ। ਰੰਗ ਤਾਂ ਦੋ ਈ ਹੋਣੇ ਆ। ਜੇ ਸਾਡੇ ਰੰਗ ਰਤਾ ਕੁ ਕਾਲ਼ੇ ਆ ਤਾਂ ਲੋਹੜਾ ਕੀ ਆ ਗਿਆ। ਬਥੇਰੀ ਦੁਨੀਆਂ ਕਾਲ਼ੇ ਰੰਗ ਦੀ ਆ। ਅਫ਼ਰੀਕਾ ਵਾਲ਼ੇ ਸਾਰੇ ਕਾਲ਼ੇ ਆ। ਇਹਦੇ ਵਿਚ ਸਾਡਾ ਕਸੂਰ ਵੀ ਕੀ ਆ। ਸਾਡਾ ਆਪਣਾ ਸੁਹਜ ਹੈ। ਮੈਨੂੰ ਤਾਂ ਹੁਣ ਸਗੋਂ ਮਾਣ ਆ ਕਾਲ਼ੇ ਰੰਗ'ਤੇ। 'ਗੋਰਾ ਰੰਗ ਟਿੱਬਿਆਂ ਦਾ ਰੇਤਾ ਹਵਾ ਆਈ ਉੱਡ ਜਾਊਗਾ' ਲੋਕ ਬੋਲੀ ਕਹਿਕੇ ਇਹਨੇ ਮੈਨੂੰ ਸਵੈਮਾਣ 'ਚ ਲੱਥ ਪੱਥ ਹੋਰ ਗੀਤ ਸੁਣਾਇਆ:

ਮਾਹੀ ਮੇਰਾ ਕਾਲ਼ੇ ਰੰਗ ਦਾ
ਵਿਹੜੇ ਵੜਦਾ ਤੇ ਚੰਨ ਚੜ੍ਹ ਜਾਂਦਾ

ਜੱਗ ਦੀ ਭਲਾਈ ਵਾਸਤੇ
ਬੇਹੀਆਂ ਰੋਟੀਆਂ ਮਿਰਚ ਨਾਲ਼ ਖਾਦਾਂ

ਕੱਲਾ ਓਹ ਕਮਾਊ ਘਰ ਚੋਂ
ਚੌਂਹ ਜੀਆਂ ਦੀ ਖਿੱਚੇ ਹਰਨਾੜੀ,
ਲੂਣ ਤੇਲ ਚਾਹ ਨਾ ਚੁੱਕੇ
ਓਹਦੀ ਚਾਰ ਮੰਜ ਦਮੜੇ ਦਿਹਾੜੀ

ਜੁਆਕਾਂ ਨੂੰ ਪੜ੍ਹੌਣ ਬਦਲੇ
ਘਾਹ ਖੋਤ ਕੇ ਦਿਹਾੜੀ ਜਾਂਦਾ

ਮਾਹੀ ਮੇਰਾ ਕਾਲ਼ੇ ਰੰਗ ...

ਕਣਕਾਂ ਦੇ ਝਾੜ ਵੱਧ ਗਏ,
ਓਹਤੋਂ ਵੱਧ ਵਧ ਗਈ ਮਹਿੰਗਾਈ
ਔਖਾ ਹੋਇਆ ਢਿੱਡ ਤੋਰਨਾ
ਦੱਸੋਂ ਕਿੱਥੋਂ ਮੈਂ ਭਰਾ ਦਿਆ ਰਜਾਈ

ਉੱਤੇ ਲੈ ਕੇ ਸੌਂਦਾ ਚਾਦਰੀ
ਹੇਠਾਂ ਬੋਰੀਆਂ ਦੇ ਤੱਪੜ ਵਿਛਾਂਦਾ

ਮਾਹੀ ਮੇਰਾ ਕਾਲ਼ੇ ਰੰਗ.........

ਜਦੋਂ ਮੈਂ ਵਿਆਹੀ ਆਈ ਸੀ
ਦੋ ਹਜ਼ਾਰ ਦਾ ਸੀ ਢੋਲ ਪਥੇਰਾ।
ਰਾਜ ਸੀ ਫਰੰਗੀਆਂ ਦਾ
ਕਦੇ ਮੁੱਕਾ ਨਹੀਂ ਸੀ ਘਰ ਚੋਂ ਲਵੇਰਾ
ਦੋਂਹ ਮੋਹਰੇ ਗਾਰਾ ਸੁੱਟਕੇ
ਘਾਣੀ ਪੁੱਟ ਕੇ ਇੱਟਾਂ ਸੀ ਲਾਂਦਾ

ਮਾਹੀ ਮੇਰਾ ਕਾਲ਼ੇ ਰੰਗ......

ਮੈਨੂੰ ਕਹਿੰਦਾ ਮੇਰੇ ਹੁੰਦਿਆਂ
ਨੀ ਤੂੰ ਕਿਓਂ ਤਕਲੀਫ਼ ਉਠਾਵੇਂ
ਹੱਸ ਹੱਸ ਰੋਜ਼ ਦੱਸਦਾ
ਗੱਲਾਂ ਬੈਠ ਤਾਰਿਆਂ ਦੀ ਛਾਵੇਂ
ਆ ਜਾਣਾ ਰਾਜ ਆਪਣਾ
ਸਾਨੂੰ 'ਆਲਮ' ਐਲਾਨ ਸੁਣਾਂਦਾ

ਮਾਹੀ ਮੇਰਾ ਕਾਲ਼ੇ ਰੰਗ ......

ਏਦਾਂ ਦੀ ਕਵਿਤਾ ਮੈਂ ਕਦੇ ਨਹੀਂ ਸੀ ਸੁਣੀ। ਇਹ ਬਿੰਬ ਸ਼ੈਲੀ ਹੋਰ ਕਿਤੇ ਨਹੀਂ ਸੀ ਮਿਲਦੀ। ਇਹ ਆਲਮ ਹੀ ਕਰ ਸਕਦਾ ਸੀ। ਗੱਲਾਂ ਕਰਦਿਆਂ ਨੂੰ ਪਤਾ ਈ ਨਾ ਲੱਗਾ ਕਿ ਰਾਤ ਕਦੋਂ ਨਿਕਲ਼ ਗਈ। ਨ੍ਹੇਰਾ ਛਿੰਦਣਾ ਸ਼ੁਰੂ ਹੋ ਗਿਆ ਸੀ। ਸੂਰਜ ਦੀ ਟਿੱਕੀ ਉੱਠ ਰਹੀ ਸੀ। ਆਲਮ ਨੇ ਅਪਣਾ ਸਾਫਾ ਝਾੜਿਆ। ਮੈਂ ਦੋ ਕੱਪ ਚਾਹ ਮੰਗਾਈ। ਆਲਮ ਨੇ ਖੱਬੇ ਹੱਥ ਦੇ ਪੋਟਿਆਂ 'ਚ ਕੱਚ ਦਾ ਗਿਲਾਸ ਘੁੰਮਾਉਂਦਿਆਂ ਚਾਹ ਦੇ ਸੜ੍ਹਾਕੇ ਮਾਰ ਲਏ। ਅਸੀਂ 'ਕੱਠੇ ਬੱਸ ਅੱਡੇ ਨੂੰ ਹੋ ਤੁਰੇ। ਰਾਤ ਵਾਲ਼ੇ ਕਈ ਭੌਰ ਭਾਨ ਦੇ ਮਾਰੇ, ਮੂੰਹ ਟੱਡੀ ਅੱਡੇ 'ਤੇ ਉਬਾਸੀਆਂ ਮਾਰਦੇ ਫਿਰਨ। ਕਿਸੇ ਨੇ ਆਲਮ ਨੂੰ ਸਾਹਬ ਸਲਾਮ ਨਾ ਕੀਤੀ। ਮੈਂ ਕਿਹਦੇ ਪਾਣੀਹਾਰ ਸੀ। ਆਲਮ ਨੂੰ ਇਹਦੀ ਕੋਈ ਪਰਵਾਹ ਨਹੀਂ ਸੀ, ਓਹਦਾ ਮਿਸ਼ਨ ਬੜਾ ਵੱਡਾ ਸੀ।

ਨਕੋਦਰੋਂ ਨਿਕਲ਼ਿਆ ਸਾਡਾ ਪੂਰ ਜਲੰਧਰ ਆ ਕੇ ਖਿੱਲਰ ਗਿਆ। ਕੁਝ ਬੀ ਐੱਡ ਕਰਨ ਮਿੰਟਗੁਮਰੀ ਕਾਲਜ ਆ ਗਏ, ਕੁਝ ਦੁਆਬੇ ਕਾਲਜ ਤੇ ਕੁਝ ਡੀ ਏ ਵੀ ਕਾਲਜ। ਮੈਂ ਖ਼ਾਲਸਾ ਕਾਲਜ ਪੰਜਾਬੀ ਦੀ ਐਮ ਏ ਕਰਨ ਲੱਗਾ। ਕਦੇ ਕਦਾਈਂ ਨਕੋਦਰੀਏ ਸੱਜਣ-ਬੇਲੀ ਮਿਲ ਬਹਿੰਦੇ ਸਾਂ। ਜਾਂ ਫਿਰ ਬੱਸਾਂ 'ਚ ਸਾਬ੍ਹ ਸਲਾਮ ਹੋ ਜਾਂਦੀ। ਗ਼ਜ਼ਲਗੋ ਭਜਨ ਆਦੀ ਨੇ ਮੈਨੂੰ ਸੁਦੇਸ਼ ਕਲਿਆਣ ਨਾਲ ਮਿਲਾਇਆ। ਕਹਿੰਦਾ: ਇਹ ਆਲਮ ਦੀ ਧੀ ਏ। ਮੈਨੂੰ ਚਾਅ ਚੜ੍ਹ ਗਿਆ। ਇਹ ਭਜਨ ਨਾਲ ਹੀ ਬੀ ਐੱਡ ਕਰਦੀ ਸੀ - ਮਿੰਟਗੁਮਰੀ ਕਾਲਜ। ਥੋੜ੍ਹ ਚਿਰਾ ਮੇਲ ਸੀ - ਕੁਝ ਪਲਾਂ ਦਾ। ਇਨ੍ਹਾਂ ਨੂੰ ਵੀ ਕਾਹਲ਼ ਸੀ ਤੇ ਮੈਨੂੰ ਵੀ। ਫੇਰ ਮਿਲਣ ਦੇ ਭਰੋਸੇ ਅਸੀਂ ਆਪੋ ਆਪਣੇ ਰਾਹ ਪਏ। ਮੈਂ ਸੁਦੇਸ਼ ਨਾਲ਼ ਬਾਪ-ਆਲਮ ਬਾਰੇ ਗੱਲਾਂ ਕਰਨੀਆਂ ਸੀ। ਓਹਦੇ ਸੁਭਾਅ ਦੀਆਂ। ਕਹਿਣੀ ਕਰਨੀ ਦੀਆਂ। ਹੋਰ ਵਧੇਰੇ ਜਾਨਣ ਦੀ ਭੁੱਖ ਸੀ। ਮੁੜ ਮੇਲ ਨਾ ਹੋਇਆ।

ਪਿਆਰ ਮਨੁੱਖੀ ਫ਼ਿਤਰਤ ਹੈ। ਜ਼ਿੰਦਗ਼ੀ ਦਾ ਸੱਚ। ਮੁਹੱਬਤਾਂ ਸਾਰਿਆਂ ਨੂੰ ਹੋ ਜਾਂਦੀਆਂ ਨੇ। ਆਲਮ ਇਹਦੇ ਬਾਰੇ ਇਸ਼ਾਰੇ ਹੀ ਕਰਦਾ ਹੈ। ਗ਼ਰੀਬ ਦਾ ਪਿਆਰ ਬੁੱਕਲ਼ ਦਾ ਗੁੜ ਹੁੰਦਾ ਹੈ - ਭੋਰ ਭੋਰ ਕੇ ਖਾਣ ਨੂੰ। ਆਲਮ ਕਿਤੇ ਕਹਿੰਦਾ ਹੈ: ਤੂੰ ਮੈਨੂੰ ਮਿਲਣ ਆਈਂ, ਨਕੋਦਰ ਦੇ ਮਕ਼ਬਰੀਂ ਤੇ ਕਿਤੇ ਹੋਰ ਧੀਮੀ ਸੁਰ 'ਚ ਹੂੰਗੇ ਜਿਹਾ ਮਾਰਦਾ ਹੈ।

ਆਲਮ ਨੇ ਯੁੱਗ ਪੁਰਸ਼ਾਂ ਨੂੰ ਮੁਖ਼ਾਤਿਬ ਕਵਿਤਾਵਾਂ ਵੀ ਲਿਖੀਆਂ ਸਣੇ ਨਾਨਕ, ਰਵਿਦਾਸ, ਲਾਲੋ, ਮਰਦਾਨਾ, ਧੰਨਾ ਭਗਤ ਤੇ ਅੰਬੇਡਕਰ ਨੂੰ। ਏਸ ਬਹਾਨੇ ਆਲਮ ਨੇ ਇਹਨਾਂ ਨਾਲ ਗੋਸ਼ਟੀ ਕੀਤੀ। ਇਨ੍ਹਾਂ ਦੀ ਗੱਲ ਅੱਗੇ ਵਧਾਈ।

ਆਲਮ ਆਪਣੇ ਪਿੰਡ ਦੇ ਦੋ ਬੰਦਿਆਂ ਦੇ ਵਧੇਰੇ ਨੇੜੇ ਸੀ; ਇਨ੍ਹਾਂ ਨਾਲ਼ ਸਿਰ ਜੋੜ ਤੁਰਿਆ ਵੀ। ਮਾਰਕਸੀ ਲੀਡਰ ਹਰਕਿਸ਼ਨ ਸਿੰਘ ਸੁਰਜੀਤ ਤੇ ਪੰਡਤ ਬਖਸ਼ੀ ਰਾਮ। ਦੋਵੇਂ ਨਿਰੋਲ ਸਿਆਸੀ ਜੀਵ: ਦੋਹਾਂ ਨੇ ਆਪਣੇ ਆਪਣੇ ਥਾਂ ਵੱਡੇ ਮਾਅਰਕੇ ਮਾਰੇ। ਆਲਮ ਨੇ ਵੀ ਘੱਟ ਤਾਂ ਨਾ ਸੀ ਕੀਤੀ। ਬੁੰਡਾਲ਼ੇ ਦੇ ਇਨ੍ਹਾਂ ਜਣਿਆਂ ਨੇ ਇਹਦਾ ਨਾਂ ਹੋਰ ਵਡਿਆਇਆ। ਕਾਮਰੇਡ ਸੁਰਜੀਤ ਉੱਚੀਆਂ ਪੌੜੀਆਂ ਚੜ੍ਹ ਗਿਆ। ਆਲਮ ਦਾ ਫ਼ੋਕਸ ਵੱਡਾ ਰਿਹਾ; ਵਿਚਾਰਧਾਰਾ ਦਾ। ਦੱਬਿਆਂ ਕੁਚਲਿਆਂ ਦੀ ਮੁਕਤੀ ਦਾ। ਇਹ ਬਖਸ਼ਦਾ ਕਿਸੇ ਨੂੰ ਨਾ ਸੀ। 'ਭਾਰਤੀ ਸੋਧਵਾਦੀ ਨੂੰ' ਨਾਂ ਦੀ ਕਵਿਤਾ 'ਚ ਇਹ ਅਪਣੀ ਧਿਰ ਦਿਆਂ ਨੂੰ ਵੀ ਲੰਮੇ ਹੱਥੀਂ ਲੈਂਦਾ ਹੈ; ਪਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ 'ਮਹਿਮਾ' 'ਚ ਆਲਮ ਨੇ ਲਿਖਿਆ ਸੀ:

ਚੱਕ ਕੇ ਟਿੰਡ ਫੌੜ੍ਹੀ ਰਾਹ ਚੋਂ ਪਰ੍ਹੇ ਹੋ ਜਾਹ
ਏਥੋਂ ਲੋਕਾਂ ਦਿਆਂ ਲੀਡਰਾਂ ਨੇ ਲੰਘਣਾ ਏ

ਪਾਕਿਸਤਾਨ ਬਣੇ ਤੋਂ ਬਾਅਦ ਵੀ ਇਹਦੀ ਠਾਠ ਓਧਰ ਬਣੀ ਰਹੀ। ਚਿਰਾਗ਼ਦੀਨ ਦਾਮਨ ਦੇ ਮੁਕਾਬਲੇ ਦਾ ਸ਼ਾਇਰ ਤਾਂ ਇਹ ਸੀਗਾ ਹੀ। ਬਜ਼ਾਤੇ-ਖ਼ੁਦ ਵੀ ਦਾਮਨ ਇਹਨੂੰ ਵੱਡਾ ਸ਼ਾਇਰ ਮੰਨਦਾ ਸੀ। ਓਹ ਇਹਦੇ ਜਲਵੇ ਰੌਲ਼ਿਆਂ ਤੋਂ ਪਹਿਲਾਂ ਦੇਖ ਚੁੱਕਾ ਸੀ। ਇਹਦੀ ਖ਼ੈਰ ਸੁੱਖ ਦਾ ਮੱਦਾਹ ਸੀ। ਆਏ ਗਏ ਤੋਂ ਓਹ ਇਹਦਾ ਹਾਲ ਹਵਾਲ ਪੁੱਛਦਾ ਰਹਿੰਦਾ ਸੀ। ਦਾਮਨ ਦੀ ਬਹੁਤੀ ਮਸ਼ਹੂਰੀ ਡਿਕਟੇਟਰਾਂ ਨਾਲ਼ ਮੱਥਾ ਲਾਉਣ ਕਰਕੇ ਹੋਈ ਸੀ।

ਆਲਮ ਦਸਦਾ ਸੀ, ਸਾਧੂ ਸਿੰਘ ਹਮਦਰਦ ਵੀ ਇਹਦਾ ਰੌਲ਼ਿਆ ਤੋ ਪਹਿਲਾਂ ਦਾ ਹੀ ਚੰਗਾ ਜਾਣੂੰ ਸੀ। ਇਹਤੋਂ ਖਾਰ ਵੀ ਖਾਂਦਾ ਸੀ। ਖਾਰ ਦੀ ਵਜ੍ਹਾ ਤਾਂ ਜੱਗ ਜ਼ਾਹਿਰ ਈ ਸੀ। ਓਹ ਹੁਣ ਸਰਦੀ ਪੁਜੱਦੀ, ਪਹੁੰਚ ਵਾਲ਼ੀ ਸਾਮੀ ਸੀ ਤੇ ਆਲਮ ਹਮਾਤੜ ਦਾ ਹਮਾਤੜ ਰਿਹਾ। ਪਰ ਹਮਦਰਦ ਦੀ ਕਵਿਤਾ ਨਾ ਪਹਿਲਾਂ ਇਹਦੇ ਮੋਹਰੇ ਚਲਦੀ ਸੀ ਨਾ ਹੁਣ। ਪਾਸ਼ ਦੀ ਕਵਿਤਾ ਨੂੰ ਇਹ ਚੰਗੀ ਮੰਨਦਾ ਸੀ। ਕਹਿੰਦਾ ਏਨੀ ਛੋਟੀ ਉਮਰੇ ਏਦਾਂ ਦੀ ਕਵਿਤਾ? ਏਸ ਮੁੰਡੇ ਦਾ ਜ਼ਰੂਰ ਵੱਡਾ ਨਾਂ ਹੋਊ। ਗੁਆਂਢੀ ਜਗਤਾਰ ਦਾ ਵੀ ਇਹ ਮਾਣ ਕਰਦਾ ਸੀ।

ਕਵੀ ਦਰਬਾਰਾਂ ਦੇ ਦੌਰ 'ਚ ਵਿਧਾਤਾ ਸਿੰਘ ਤੀਰ, ਗੁਰਦਿਤ ਸਿੰਘ ਕੁੰਦਨ, ਸਫ਼ਰੀ, ਹਸਨਪੁਰੀ, ਬਰਕਤ ਰਾਮ ਯੁਮਨ, ਨੂਰਪੁਰੀ, ਮੁਣਸ਼ਾ ਸਿੰਘ ਦੁਖੀ, ਨਾਜ਼ਰ ਸਿੰਘ ਤਰਸ ਇੱਕਠੇ ਹੁੰਦੇ। ਇਹ ਕਵੀ ਦਰਬਾਰਾਂ ਦੀ ਟੌਹਰ ਬਣਿਆ ਰਿਹਾ। ਨੂਰਪੁਰੀ ਦੀ ਅਣਆਈ ਮੌਤ ਨੇ ਆਲਮ ਨੂੰ ਪ੍ਰੇਸ਼ਾਨ ਕੀਤਾ। ਦੁੱਖੀ ਹੋਏ ਆਲਮ ਨੇ ਨੂਰਪੁਰੀ ਲਈ ਵਿਰਲਾਪ ਲਿਖਿਆ। ਹਾਕਮਾਂ ਨੂੰ ਲਾਹਨਤਾਂ ਪਾਈਆਂ, ਜਿਨ੍ਹਾ ਵੇਲੇ ਸਿਰ ਬਾਤ ਨਾ ਪੁੱਛੀ:

ਪੰਜਾਬੀ ਗੀਤਾਂ ਦੇ ਸ਼ਹਿਨਸ਼ਾਹ ਨੂਰਪੁਰੀਆ,
ਅੱਖਾਂ ਮੀਟ ਕੇ ਕਹਿਰ ਗੁਜ਼ਾਰ ਗਿਓਂ
ਹਮਦਮ, ਸ਼ਰਫ਼, ਸ਼ਹੀਦ, ਖੁਸ਼ਨੀਦ ਪਿੱਛੇ,
ਚਾਤਰਿਕ ਵਾਂਗ ਉਡਾਰੀਆਂ ਮਾਰ ਗਿਓਂ

ਸਾਡੇ ਗਿੱਧੇ ਸਿਆਪਿਆਂ ਵਿਚ ਬਦਲੇ,
ਹਾਸੇ ਖੋਹ ਕੇ ਗ਼ਮੀਆਂ ਖਿਲਾਰ ਗਿਓਂ
...............

ਤੇਰੇ ਹੁੰਦਿਆਂ ਸਾਰੇ ਪੰਜਾਬ ਅੰਦਰ,
ਜਣਾ ਖਣਾ ਹੀ ਭੰਗੜੇ ਪਾ ਰਿਹਾ ਸੀ,
ਸ਼ੌਕਣ ਮੇਲੇ ਦੀ ਜਦੋਂ ਤਿਆਰ ਹੋਈ,
ਕੈਂਠੇ ਵਾਲ਼ਾ ਪਰਾਹੁਣਾ ਵੀ ਆ ਰਿਹਾ ਸੀ।
............

ਮੈਨੂੰ ਗਿਲਾ ਹੈ ਵਕਤ ਦੇ ਹਾਕਮਾਂ ਤੇ,
ਜਿਹਨਾਂ ਦੁਸ਼ਮਣੀ ਖਾਹ ਮਖਾਹ ਕੀਤੀ
ਤੇਰੇ ਮਰੇ ਤੇ ਮੱਦਤਾਂ ਦੇਣ ਆਏ,
ਤੇਰੇ ਜੀਉਂਦੇ ਦੀ ਨਹੀਂ ਪ੍ਰਵਾਹ ਕੀਤੀ।

ਭਾਰਤ ਵਿਚਲੇ ਜਿੰਨੇ ਕਵੀ ਦਰਬਾਰਾਂ 'ਤੇ ਆਲਮ ਜਾਂਦਾ, ਇਹਦੀ ਕਵਿਤਾ ਦੀ ਝੰਡੀ ਰਹਿੰਦੀ। ਇਹਨੂੰ ਸੁਣਨ ਤੋਂ ਬਾਅਦ ਸੁਣਨ ਵਾਲ਼ੇ ਦੂਸਰਿਆਂ ਨੂੰ ਨਾ ਸੁਣਦੇ। ਪ੍ਰਬੰਧਕਾਂ ਲਈ ਇਹ ਸਿਰਦਰਦੀ ਬਣਦੀ। ਜੇ ਦੂਸਰੇ ਕਵੀਆਂ ਨੂੰ ਨਾ ਬੁਲਾਉਂਦੇ ਤਾਂ ਓਹ ਨਾਰਾਜ਼ ਹੁੰਦੇ, ਜੇ ਬੁਲਾ ਲੈਂਦੇ ਤਾਂ ਸਰੋਤੇ ਝੱਜੂਹਾਰਾ ਪਾ ਬਹਿੰਦੇ। ਦੱਸਣ ਵਾਲ਼ੇ ਦਸਦੇ ਹਨ ਕਿ ਸ਼ਿਮਲੇ ਕਵੀ ਦਰਬਾਰ ਤੇ ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਨੂੰ ਸੁਣਨ ਤੋਂ ਇਨਕਾਰੀ ਹੋ ਗਏ। ਓਹ ਕਹਿਣ: ਆਲਮ ਕੋਲੋਂ ਈ ਹੋਰ ਸੁਣਾਓ, ਬਾਕੀ ਦਿਆਂ ਨੂੰ ਰਹਿਣ ਦਿਓ।

ਸੰਗੀ ਸਾਥੀ ਦਸਦੇ ਹਨ ਕਿ ਆਲਮ ਸਾਫ਼ ਦਿਲ, ਸੁਘੜ, ਕੋਮਲ ਭਾਵੀ, ਮਿਲਣਸਾਰ, ਨੇਕਬਖ਼ਤ ਬੰਦਾ ਸੀ, ਪਰ ਸੀ ਠਰ੍ਹੰਮੇ ਵਾਲ਼ਾ। ਬਿਨਾਂ ਕਿਸੇ ਝਿਜਕ, ਵਲ਼ ਫਰੇਬ ਦੇ ਗੱਲ ਕਹਿਣ ਵਾਲ਼ਾ। ਜੋ ਦਿਲ 'ਚ ਓਹੀ ਕਵਿਤਾ 'ਚ। ਏਦਾਂ ਦੀ ਈ ਇਹਦੀ ਕਵਿਤਾ ਸੀ – ਪਾਸ਼ ਦੇ ਆਖਣ ਵਾਂਗ "ਸ਼ੁੱਧ ਮਜ਼ਦੂਰ" ਜਮਾਤ ਦੀ ਕਵਿਤਾ– ਸਾਫ਼ ਸਪਾਟ। ਲੋਕਾਂ ਦੀ ਕਵਿਤਾ, ਲੋਕਾਂ ਲਈ। ਇਹਨੂੰ ਸਮਝਣ ਲਈ ਬਹੁਤਾ ਜ਼ੋਰ ਨਹੀਂ ਸੀ ਲਗਦਾ। ਨਾ ਇਹ ਆਪ ਤਿੰਘ ਤਿੰਘ ਲਿਖਦਾ ਸੀ, ਨਾ ਪੜ੍ਹਦਿਆਂ ਸੁਣਦਿਆਂ ਲੋਕਾਂ ਦੇ ਅੜ੍ਹਾਟ ਨਿਕਲ਼ਦੇ ਸੀ। ਆਲਮ ਨੇ ਏਥੇ ਆ ਕੇ ਕਿਸੇ ਅੱਗੇ ਹੱਥ ਨਾ ਅੱਡੇ ਸੀ। ਲੋਕਾਂ ਨੇ ਓਂ ਈ ਬੜਾ ਮਾਣ ਦਿੱਤਾ ਇੰਗਲੈਂਡ ਵਿਚ। ਇਹ ਆਪਣਿਆਂ 'ਚ ਆ ਗਿਆ ਸੀ। ਜੇਸ ਕੰਮ ਲਈ ਆਇਆ ਸੀ ਕਰਕੇ ਮੁੜ ਗਿਆ।

ਸ਼ਿਵ ਨੇ ਸਾਊਥਾਲ ਦੇ ਡੁਮੀਨੀਅਮ ਸਿਨੇਮਾ'ਚ ਕਵਿਤਾ ਪੜ੍ਹੀ ਤਾਂ ਕੋਈ ਤਾੜੀ ਨਾ ਵੱਜੀ ਕਿਸੇ ਨੇ ਨਕਦ ਇਨਾਮ ਨਾ ਦਿੱਤਾ। ਸ਼ਿਵ ਬੌਂਦਲ ਗਿਆ। ਬੌਂਦਲਣਾ ਈ ਸੀ।

1953-54 'ਚ ਉੱਭਰੀ ਦਿਹਾਤੀ ਮਜ਼ਦੂਰ ਸਭਾ ਦਾ ਇਹ ਮੈਂਬਰ ਸੀ। ਹੋਰ ਅਹੁਦਿਆਂ ਤੇ ਵੀ ਰਿਹਾ। ਸਿਆਸੀ ਤੌਰ 'ਤੇ ਆਲਮ ਤਾਅ ਉਮਰ ਕਾਮਰੇਡਾਂ ਨਾਲ ਸੀ ਜਾਂ ਅੰਬੇਡਕਰ ਨਾਲ਼। ਇਹਦੀ ਕਵਿਤਾ ਜੁਝਾਰਵਾਦੀ ਤਾਂ ਨਾ ਸੀ, ਪਰ ਝੱਗੇ ਚੁਕਦੀ ਸੀ। ਤਿੱਖੇ ਵਾਰ ਕਰਦੀ ਸੀ। ਹਲੂਣਦੀ ਸੀ। ਜਦੋਂ 1956 'ਚ ਬਾਬਾ ਅੰਬੇਡਕਰ ਜਲੰਧਰ ਬੂਟਾ ਮੰਡੀ ਆਇਆ, ਤਾਂ ਬਾਬੇ ਆਲਮ ਨੇ ਓਹਦੀ ਹਾਜ਼ਰੀ 'ਚ ਓਹਦੀ ਸਿਫ਼ਤ 'ਚ ਕਵਿਤਾ ਪੜ੍ਹੀ। ਬਾਬੇ ਆਲਮ ਦਾ ਜਾਦੂ ਫੇਰ ਚੱਲਿਆ - ਅੰਬੇਡਕਰ ਬਾਬੇ ਦੇ ਸਾਮ੍ਹਣੇ। ਮਰਾਠੀ ਅੰਬੇਡਕਰ ਨੂੰ ਪੰਜਾਬੀ ਆਉਂਦੀ ਸੀ ਜਾਂ ਨਹੀਂ ਪਰ ਲੋਕਾਂ ਦੇ ਉਮਾਹ ਤੋਂ ਜ਼ਰੂਰ ਪਤਾ ਲੱਗਿਆ ਹੋਊ ਕਿ 'ਕੋਈ ਗੱਲ ਹੋ ਰਹੀ ਹੈ'। ਹੁਣ ਤਾਂਈ ਬਾਹਰ ਅੰਦਰ ਬੋਧੀ ਇਹੀ ਗੀਤ ਆਪਣੇ ਫੰਕਸ਼ਨਾਂ ਤੇ ਅੱਜ ਵੀ ਪੂਰੇ ਮਾਣ ਨਾਲ਼ ਗਾਉਂਦੇ ਹਨ:

ਬੜਾ ਸ਼ੋਰ ਪੈਂਦਾ ਗ਼ਰੀਬਾਂ ਦੇ ਵਿਹੜੇ
ਇਹ ਅੱਜ ਕੌਣ ਆਇਆ ਸਵੇਰੇ ਸਵੇਰੇ

ਨਵੀਂ ਇਹਦੀ ਥਿਊਰੀ ਨਵਾਂ ਏਹਦਾ ਖਾਸਾ
ਇਹ ਜ਼ਿੰਦਗੀ ਦਾ ਚਾਹੁੰਦਾ ਬਦਲ਼ ਲੈਣਾ ਪਾਸਾ
ਲੁਕ ਲੁਕ ਰੋਂਦੇ ਸਿਆਸੀ ਲੁਟੇਰੇ.........
-
ਛੰਨਾ ਤੇ ਢਾਰਿਆ ਦਾ ਦਸਦਾ ਉਜਾਲਾ
ਆਲਮ 'ਚ ਹੈ ਹੁਣ ਕੁਛ ਹੋਣ ਵਾਲਾ
ਲੱਖਾਂ ਲੋਕ ਬਹਿੰਦੇ ਜੁੜ ਕੇ ਚੁਫੇਰੇ.........

ਆਲਮ ਖਰਾ ਇਨਕਲਾਬੀ ਲੋਕ ਕਵੀ ਸੀ। ਓਹ ਸਮਾਜ 'ਚ ਰਹਿ, ਖਹਿ ਕੇ ਤਿੱਖਾ ਹੋਇਆ। ਨਿਸ਼ਾਨੇ ਵਲ ਸੇਧ ਧਾਰੀ ਤੁਰਿਆ ਗਿਆ। ਅਖੀਰਲੇ ਦਿਨੀਂ ਆਪਣੀ ਧੀ ਸੁਦੇਸ਼ ਕੋਲ਼ ਰਿਹਾ। ਸੁਦੇਸ਼ ਵੀ ਕਵਿਤਾ ਲਿਖਦੀ ਸੀ। ਦੋਵੇਂ ਪਿਓ ਧੀ ਕਵਿਤਾ ਬਾਰੇ ਵਿਚਾਰਾਂ ਕਰਦੇ। ਹੋਰ ਗੱਲਾਂ ਵੀ ਕਰ ਲੈਂਦੇ ਸੀ। ਸੁਦੇਸ਼ ਭਾਗਾਂ ਵਾਲ਼ੀ ਹੈ, ਜਿਹਨੂੰ ਏਦਾਂ ਦਾ ਬਾਪ ਮਿਲਿਆ, ਜਿਹਦੇ ਬਾਰੇ ਕੋਈ ਮਾੜਾ ਨਹੀਂ ਕਹਿ ਸਕਦਾ। ਸਾਡੇ ਧੰਨਭਾਗ ਕਿ ਇਹ ਸਾਡੇ ਵੇਲ਼ਿਆ 'ਚ ਹੋਇਆ; ਸਾਨੂੰ ਇਹਦੇ ਦਰਸ਼ਨ ਹੋ ਗਏ।



**(ਗੁਰਦਾਸ ਰਾਮ ਆਲਮ ਅਤੇ ਅਤੇ ਦੋਹਤਾ ਰਾਜ ਪ੍ਰੀਤ)**

## ਅਜਮੇਰ ਔਲਖ ਦੇ ਨਾਟਕ 'ਨਿਉਂ-ਜੜ੍ਹ' ਦਾ ਕਨੇਡਾ ਵਿੱਚ ਪ੍ਰਦਰਸ਼ਨ



ਪੰਜਾਬੀ ਦੇ ਮਸ਼ਹੂਰ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਪ੍ਰੋ: ਅਜਮੇਰ ਔਲਖ ਐਡਮੰਟਨ ਦੀ ਜਾਣੀ ਪਹਿਚਾਣੀ ਨਾਟ ਸੰਸਥਾ 'ਪੰਜਾਬੀ ਹੈਰੀਟੇਜ ਥਿਏਟਰ ਸੁਸਾਇਟੀ ਆਫ ਅਲਬਰਟਾ' ਦੇ ਸੱਦੇ ਉੱਤੇ ਅੱਜ-ਕੱਲ੍ਹ ਕਨੇਡਾ ਆਏ ਹੋਏ ਹਨ। ਆਪਣੇ ਇਸ ਦੌਰੇ ਦੌਰਾਨ ਉਹ ਭਰੂਣ ਹੱਤਿਆ ਵਰਗੀ ਗੈਰ-ਮਨੁੱਖੀ ਸਮਾਜਿਕ ਬੁਰਾਈ ਨਾਲ ਸੰਬੰਧਤ ਆਪਣੇ ਮਸ਼ਹੂਰ ਨਾਟਕ 'ਨਿਉਂ-ਜੜ੍ਹ' ਦੇ ਸ਼ੋਅ ਐਡਮੰਟਨ, ਕੈਲਗਰੀ ਅਤੇ ਸਰੀ ਵਿੱਚ ਕਰਨਗੇ। ਵਿਸ਼ੇ ਪੱਖੋਂ ਸੰਜੀਦਾ ਅਤੇ ਗੰਭੀਰ ਸੁਰ ਦਾ ਧਾਰਨੀ , ਸ਼ੈਲੀ ਪੱਖੋਂ ਨਕਲ, ਕਵੀਸ਼ਰੀ ਲੋਕ-ਗੀਤ ਆਦਿ ਲੋਕ ਤੱਤਾਂ ਨਾਲ ਉਸਾਰਿਆ ਗਿਆ ਨਾਟਕ 'ਨਿਉਂ-ਜੜ੍ਹ' ਜਿੱਥੇ ਹਾਸ-ਰਸ ਦੇ ਪੂਰੇ ਫੁਹਾਰੇ ਛੱਡਦਾ ਹੈ, ਉੱਥੇ ਪਰਦੇਸ ਵਸਦੇ ਪੰਜਾਬੀਆਂ ਨੂੰ ਆਪਣੀ ਬੋਲੀ ਅਤੇ ਸਭਿਆਚਾਰ ਨਾਲ ਇਕ-ਮਿਕ ਅਤੇ ਓੜ-ਪੋੜ ਕਰਨ ਵਿੱਚ ਪੂਰਾ ਸਫਲ ਅਤੇ ਸਮਰੱਥ ਹੈ।

'ਨਿਉਂ-ਜੜ੍ਹ' 20 ਸਤੰਬਰ ਨੂੰ ਐਡਮੰਟਨ, 3 ਅਕਤੂਬਰ ਨੂੰ ਕੈਲਗਰੀ ਅਤੇ 11 ਅਕਤੂਬਰ ਨੂੰ ਸਰੀ ਵਿੱਚ ਖੇਡਿਆ ਜਾਵੇਗਾ। ਇਸ ਬਾਰੇ ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ: ਪਵਿੱਤਰ ਧਾਲੀਵਾਲ (789) 909-3315 ਜਾਂ ਪਰਮਜੀਤ ਗਿੱਲ (780)-660-2900.

ਕਹਾਣੀ

# ਝੁਮਕੇ

## ਕੁਲਜੀਤ ਮਾਨ

ਅੱਜ ਸਕੂਨ ਰਾਸ ਆ ਰਿਹਾ ਸੀ। ਸਮਾਂ ਬੀਤ ਗਿਆ, ਗੱਲ ਆਈ ਗਈ ਹੋ ਗਈ। ਜੇ ਨਹੀਂ ਹੋਈ ਤਾਂ ਹੋ ਜਾਣੀ ਚਾਹੀਦੀ ਸੀ। ਬਰਸਾਤ ਆਈ, ਪਾਣੀ ਦਿਸਿਆ ਤੇ ਫਿਰ ਪਾਣੀ ਚੇਤਿਆਂ ਵਿਚ ਵਸ ਗਿਆ। ਉਸ ਵਸੇ ਪਾਣੀ ਦੀ ਰਿਮਝਿਮ ਵਕਤ ਦੀ ਮੁਥਾਜ਼ ਨਹੀਂ ਰਹੀ। ਚਿੱਕੜ ਵਿਚ ਕਮਲ ਹੀ ਨਹੀਂ ਉੱਗਦੇ, ਚਿੱਕੜ ਵਿਚ ਕੀੜੇ ਮਕੌੜੇ ਵੀ ਹੁੰਦੇ ਹਨ। ਇਨ੍ਹਾਂ ਕੀੜਿਆਂ ਦੀ ਸ਼ਨਾਖਤ ਕਰਦੇ, ਕਮਲ ਦੇ ਫੁੱਲ ਚੰਗੇ ਲਗਦੇ ਹਨ। ਇਨ੍ਹਾਂ ਕੀੜਿਆਂ ਦੀ ਗੱਲ ਨੂੰ ਅੱਖੋਂ ਪਰੋਖੇ ਕਰਦੇ ਫੁੱਲ, ਕਮਲ ਦੇ ਫੁੱਲ ਨਹੀਂ ਸਦੀਂਦੇ। ਫੁੱਲਾਂ ਤੇ ਕੀੜਿਆਂ ਦੇ ਵਿਚਾਲੇ ਖੜੇ ਵਿਚਾਰੇ, ਪਰਖ ਕਰਦੇ ਰਹਿੰਦੇ ਹਨ ਜਿਵੇਂ ਉਹ ਕਿਸੇ ਖੇਡ ਦਾ ਮੈਚ ਵੇਖ ਰਹੇ ਹੋਣ। ਮੈਚ ਦਰਸ਼ਕ ਵੀ ਵੇਖਦਾ ਹੈ ਤੇ ਰੈਫ਼ਰੀ ਵੀ, ਫਰਕ ਤੇ ਸਿਰਫ ਜ਼ਿੰਮੇਵਾਰੀ ਦਾ ਹੈ। ਮੈਂ ਕਈ ਵਾਰ ਸੋਚਦਾ ਹਾਂ ਕਿ ਮੈਚ ਵੇਖ ਰਿਹਾ ਰੈਫ਼ਰੀ ਕਿਤੇ ਤਾਂ ਆਪਣੇ ਅੰਦਰ ਦੇ ਦਰਸ਼ਕ ਦਾ ਕੋਈ ਛੋਟਾ ਜਿਹਾ ਬੋਲ ਤਾਂ ਸੁਣਦਾ ਹੀ ਹੋਵੇਗਾ। ਕਿਤੇ ਤਾਂ ਕੋਈ ਖਿਡਾਰੀ ਉਸ ਦੇ ਰੈਫਰੀਪੁਣੇ ਨੂੰ ਲਲਕਾਰਕੇ ਉਸ ਦੀ ਬਿਰਤੀ ਭੰਗ ਕਰਦਾ ਹੀ ਹੋਵੇਗਾ। ਅਕਸਰ ਰੈਫਰੀ ਵੀ ਤੇ ਕਦੇ ਖਿਡਾਰੀ ਹੀ ਹੁੰਦੇ ਹੋਣਗੇ। ਰੈਫਰੀ ਵੀ ਇਨਸਾਨ ਹਨ ਤੇ ਸਾਨੂੰ ਰੋਜ਼ ਜ਼ਿੰਦਗੀ ਵਿਚ ਰੈਫਰੀ ਮਿਲਦੇ ਹਨ। ਸਭ ਨੇ ਆਪੋ ਆਪਣੇ ਖੇਤ ਮੱਲੇ ਹੋਏ ਹਨ। ਅਸਲ ਵਿਚ ਇਹ ਦੁਨੀਆਂ ਹੀ ਸਾਰੀ ਰੈਫਰੀਆਂ ਨਾਲ ਭਰੀ ਹੋਈ ਹੈ। ਕੋਈ ਛੋਟਾ ਤੇ ਕੋਈ ਵੱਡਾ ਆਪੋ ਆਪਣੀਆ ਸੀਟੀਆਂ ਮਾਰਦੇ ਤੇ ਜ਼ਿੰਦਗੀ ਦੇ ਬੇਹਤਰ ਪਲਾਂ ਨੂੰ ਬੋਝਲ ਕਰਦੇ, ਆਪਣੀਆਂ ਮਨਮਾਨੀਆਂ ਬਿਨਸਦੇ, ਛਾਂਗਦੇ, ਛਾਂਟਦੇ, ਛੋਟੇ ਤੋਂ ਛੋਟਾ ਕਰਦੇ ਭੰਬਲਭੂਸੇ ਵਿਚ ਪਏ ਆਪਣੀ ਰੁਕਸਤੀ ਨੂੰ ਲਮਕਾਉਂਦੇ ਤੁਰੇ ਜਾਂਦੇ ਹਨ ਜਾਂ ਕਹਿ ਲਉ ਸਾਰੀ ਉਮਰ ਹੀ ਰੁਕਸਤੀ ਦੀ ਤਿਆਰੀ ਵਿਚ ਬਿਤਾ ਦਿੰਦੇ ਹਨ। ਆਖਰੀ ਸੀਟੀ ਮਾਰਨ ਦਾ ਮੌਕਾ ਤਾਂ ਕਿਸੇ ਕਿਸੇ ਨੂੰ ਹੀ ਮਿਲਦਾ ਹੈ।

'ਆਪ ਆਏ ਬਹਾਰ ਆਈ।' ਮੈਂ ਮੁਸਕਰਾਇਆ।

"ਸਰ ਜੀ ਅਸੀਂ ਤੁਹਾਨੂੰ ਮਿਸ ਕਰਾਂਗੇ।"

"ਮੀ ਟੂ" ਮੈਂ ਮੁਸਕਰਾਕੇ ਹਲਕਾ ਹੋਇਆ। ਮੇਰੀ ਕਾਫ਼ੀ ਗਰਮ ਨਹੀਂ ਰਹਿ ਗਈ ਸੀ ਪਰ ਅਜੇ ਠੰਢੀ ਵੀ ਨਹੀਂ ਹੋਈ ਸੀ ਜਦ ਕਿ ਹੋ ਜਾਣੀ ਚਾਹੀਦੀ ਸੀ। ਮੈਨੂੰ ਲੱਗਾ ਇਹ ਕਾਫੀ ਦਾ ਕੋਸਾ ਕੱਪ ਤਾਂ ਮੇਰੇ ਅੱਗੇ ਦਹਾਕਿਆਂ ਤੋਂ ਪਿਆ ਹੈ। ਮੈਂ ਹਰ ਵਾਰ ਇਸਨੂੰ ਹੱਥ ਵਿਚ ਫੜਕੇ ਇਸਦੀ ਗਰਮਾਇਸ਼ ਮਹਿਸੂਸ ਕਰ ਲੈਂਦਾ ਹਾਂ। ਮੇਰੀ ਆਦਤ ਹੀ ਬਣ ਗਈ ਹੈ ਕਿ ਮੈਂ ਆਪਣਾ ਕਾਫੀ ਦਾ ਕੱਪ ਕਦੇ ਵੀ ਖਤਮ ਨਹੀਂ ਕਰਦਾ।

"ਸਰ ਜੀ ਪਿੱਤਲ ਦੇ ਗਲਾਸ ਵਿਚ ਗੁੜ ਦੀ ਚਾਹ ਹੋਵੇ, ਤੱਤੀ ਤੱਤੀ, ਰਜ਼ਾਈ ਦੀ ਬੁੱਕਲ ਹੋਵੇ ਤੇ ਬੰਦਾ ਸੜ ਸੜ ਕਰਦੇ ਬੁਲ੍ਹਾਂ ਨਾਲ ਆਖਰੀ ਘੁੱਟ ਤੱਕ ਪੀਵੇ ਦੀਪੇ ਵਾਂਗ, ਤਾਂ ਹੀ ਮਜ਼ਾ ਆਉਂਦਾ ਹੈ।" ਹਰੀ ਨੇ ਆਪਣੇ ਕਾਫ਼ੀ ਦੇ ਢੱਕਣ ਨੂੰ ਮਰੋੜਾ ਜਿਹਾ ਦੇਕੇ ਤੋੜਿਆ ਸੀ। ਉਸ ਦੀਆਂ ਅੱਖਾਂ ਵਿਚ ਜਨੂੰਨੀ ਤੀਬਰਤਾ ਸੀ। "ਮੈਨੂੰ ਲੱਗਦਾ ਤੁਸੀਂ ਵੀ ਮੋਰਨੀਆਂ ਵਾਲੇ ਪਿੱਤਲ ਦੇ ਗਲਾਸ ਵਿਚ ਹੀ ਪਸੰਦ ਕਰਦੇ ਹੋ ਤਾਂ ਹੀ ਤੇ ਆਪਣੀ ਕਾਫੀ ਨੂੰ ਕਦੇ ਖਤਮ ਨਹੀਂ ਕਰਦੇ।" ਹਰੀ ਨੇ ਇਹ ਗੱਲਾਂ ਉਦੋਂ ਕੀਤੀਆਂ ਸਨ ਜਦੋਂ ਉਸ ਨੇ ਆਪਣੇ ਸੱਜੇ ਪੈਰ ਨੂੰ ਕਲਾਕ ਵਾਈਜ਼ ਨਹੀਂ ਘੁੰਮਾਇਆ ਸੀ।

ਅਠਾਰਾਂ ਸਾਲ ਗੁਜ਼ਾਰੇ ਹਨ ਮੈਂ ਇੱਥੇ। ਅੱਜ ਲੰਚ ਅੱਧੇ ਘੰਟੇ ਦਾ ਨਾ ਹੋ ਕੇ ਘੰਟੇ ਦਾ ਸੀ। ਮੁਨੀਮਾਂ ਵਾਂਗ ਸੋਚਾਂ ਤਾਂ ਚਾਰ ਕੁ ਸੌ ਦਾ ਕਸਾਰਾ ਸੀ ਸਾਰਾ। ਚਵੀ ਘੰਟੇ ਸੱਤੇ ਦਿਨ ਚਲਣ ਵਾਲੀ ਪੰਜ ਨੰਬਰ ਮਸ਼ੀਨ ਅਜੇ ਵੀ ਪਹੀਏ ਬਣਾ ਬਣਾ ਪਟੇ ਤੇ ਸੁੱਟੀ ਜਾ ਰਹੀ ਸੀ। ਕਰਿਸਟਲ ਪਲਾਸਟਿਕ ਨੂੰ ਠੰਢਾ ਹੋਣ ਦਾ ਪਤਾ ਨਹੀਂ ਕਾਹਦਾ ਚਾਅ ਚੜਿਆ ਸੀ ਮੇਰੀ ਰਿਟਾਇਰਮੈਂਟ ਦਾ ਲਿਹਾਜ਼ ਵੀ ਨਹੀਂ ਕਰ ਰਹੀ ਸੀ। ਪਤਾ ਨਹੀਂ ਕਿਤਨੇ ਕੁ ਘੰਟੇ ਗੁਜ਼ਾਰੇ ਸਨ ਮੈਂ ਇਸ ਮਸ਼ੀਨ ਨਾਲ। ਮਣਾਂ ਮੂੰਹੀਂ ਤੇਲ ਦਿੱਤਾ ਹੋਣਾ ਮੈਂ ਇਸ ਮਸ਼ੀਨ ਨੂੰ ਪਰ ਇਹ ਕਿਹੜੀ ਕਿਸੇ ਨਾਲੋਂ ਘੱਟ ਹੈ। ਇਸਨੂੰ ਵੀ ਕੋਈ ਅਫਸੋਸ ਨਹੀਂ। ਹੋ ਸਕਦਾ ਹੈ, ਇਸਨੂੰ ਵੀ ਆਪਣਾ ਕੰਮ ਮੁੱਕਾਕੇ ਟੁੱਟਣ ਦੀ ਕਾਹਲੀ ਹੋਵੇ। ਕਿਤਨਾ ਕੁ ਚਿਰ ਕੋਈ ਚਲ ਸਕਦਾ ਹੈ। ਝੂਠੀਆਂ ਤਾਰੀਫ਼ਾਂ ਤੇ ਸੱਚੀ ਵਿਦਾਇਗੀ ਦੇ ਵਿਚਾਲੇ ਸਫ਼ਰ ਬਾਰੇ ਸੋਚਾਂ ਤਾਂ ਬੱਚੇ ਵੀ ਪੜ੍ਹ ਗਏ, ਘਰ ਵੀ ਬਣ ਗਿਆ ਤੇ ਸੱਜੀ ਖੱਬੀ ਕਬੀਲਦਾਰੀ ਵੀ ਨਜਿੱਠੀ ਗਈ ਤੇ ਬੀਵੀ ਅਜੇ ਵੀ ਚਿਚੜੀ ਵਾਂਗ ਮੇਰੇ ਨਾਲ ਹੀ ਲਮਕੀ ਫਿਰਦੀ ਹੈ। ਰਿਟਾਇਰਮੈਂਟ ਦੀ ਨਾ ਕੋਈ ਨੂਰੀ ਖੁਸ਼ੀ ਨਾ ਕੋਈ ਝੁਲਸਿਆ ਗਮ, ਬਸ ਫਰੀਜ਼ਡ ਟਰਕੀ ਵਾਂਗ ਮੇਰੇ ਹੱਥ ਵਿਚ ਕੁਝ ਫੜਿਆ ਹੋਇਆ ਸੀ ਪਰ ਜਿਸਮ ਦੇ ਅੰਦਰ ਦਿਲ ਨਾਮ ਦੇ ਭੁਲੇਖੇ ਨਾਲ ਰੂਹ ਵਾਲਾ ਪਾਸਾ ਇੱਕ ਸਕੂਨ ਨਾਲ ਜ਼ਰੂਰ ਰੱਜਿਆ ਹੋਇਆ ਸੀ। ਰੂਹ ਨੂੰ ਮਤਵਾਲੀ ਪਹਿਚਾਨ ਹੋ ਗਈ ਸੀ। ਦਿਲ ਤਾਂ ਕਬਜ਼ਾ ਭਾਲਦਾ ਹੈ ਤੇ ਕਬਜ਼ੇ ਕਦੇ ਵੀ ਸ਼ਰੀਫ਼ ਨਹੀਂ ਹੁੰਦੇ।

ਕਿਸੇ ਦੀ ਭਟਕਣ ਦੂਰ ਕਰਨ ਲਈ ਮੇਰੀਆਂ ਕੋਸ਼ਿਸ਼ਾਂ, ਕੁਝ ਕਰ ਸਕੀਆਂ ਜਾਂ ਨਹੀਂ ਪਰ ਮੇਰੀ ਆਪਣੀ ਖੁਰਚਣ ਨੇ ਮੇਰੀ ਆਪਣੀ ਭਟਕਣ ਤੇ ਬੂਰ ਜ਼ਰੂਰ ਲਿਆਂਦਾ ਹੈ। ਉਮਰਾਂ ਦੀਆਂ ਪੌੜੀਆਂ ਚੜਦਿਆਂ ਮੇਰੇ ਆਪਣੇ ਅੰਦਰਲੇ ਮੁੰਡੇ ਦੀਆਂ ਲਗਾਮਾਂ ਨੂੰ ਨਕੇਲ ਜ਼ਰੂਰ ਪਈ ਹੈ।

ਮੇਰੀ ਉਮਰ ਉਦੋਂ ਮਸੀਂ ਪੰਤਾਲੀ ਸਾਲ ਸੀ ਤੇ ਮੇਰੇ ਅੰਦਰਲੇ ਮੁੰਡੇ ਦੀ ਉਮਰ ਅਠਾਰਾਂ ਸਾਲ ਜਦੋਂ ਉਹ ਸਾਡੀ ਫੈਕਟਰੀ ਵਿਚ ਹਾਇਰ ਹੋਈ। ਇੱਕ ਹਫ਼ਤਾ ਪਹਿਲਾਂ ਕੰਟਰੋਲ ਤੋਂ ਬਾਹਰ ਹੋਏ ਆਰਡਰਾਂ ਨੂੰ ਸੰਭਾਲਣ ਲਈ ਬੋਰਡ ਦੀ ਮੀਟਿੰਗ ਵਿਚ ਮੈਨੂੰ ਹਦਾਇਤ ਹੋਈ, ਕੋਈ ਵੀ ਆਵੇ ਹਾਇਰ ਕਰ ਲਵੋ। ਵਰਕਰਾਂ ਨੂੰ ਕਹੋ ਆਪਣੇ ਦੋਸਤਾਂ ਨੂੰ ਦਸਣ। ਓਵਰ ਟਾਇਮ ਦੀ ਪਰਵਾਹ ਨਾ ਕਰੋ।

"ਮੇ ਆਈ ਕਮ ਇਨ?"

"ਯੈਸ ਯੈਸ" ਤੇ ਉਹ ਮੇਰੇ ਸਾਹਮਣੇ ਆ ਕੇ ਬੈਠ ਗਈ। ਮੈਂ ਉਸਨੂੰ ਬੈਠਣ ਲਈ ਨਹੀਂ ਕਿਹਾ ਸੀ ਫਿਰ ਵੀ ਉਹ ਬੈਠ ਗਈ। ਇੱਕ ਯਕੀਨ ਨਾਲ ਬੈਠੀ, ਉਹ ਮੇਰੇ ਹਾਵ ਭਾਵਾਂ ਦਾ ਕੋਈ ਚਿੱਤਰ ਬਣਾਉਣ ਲੱਗ ਪਈ। ਐਸਾ ਮੈਂ ਸੋਚਦਾ ਹਾਂ ਸ਼ਾਇਦ ਉਹ ਐਸਾ ਨਾ ਸੋਚ ਰਹੀ ਹੋਵੇ। 'ਸੋਚਣ ਵਿਚ ਕੀ ਪਰਾਬਲਮ ਹੈ?' ਇਹੀ ਕਿਹਾ ਸੀ ਕਿਸੇ ਵਕਤ ਹੀਰੀ ਨੇ।

"ਪਰਾਬਲਮ ਤੇ ਕੋਈ ਨਹੀਂ ਪਰ ਸੋਚਣ ਲਈ ਦਿਮਾਗ ਚਾਹੀਦਾ ਹੈ ਤੇ ਦਿਮਾਗ ਕੋਲ ਪਤਾ ਨਹੀਂ ਕੀ ਕੀ ਚਾਹੀਦਾ ਹੈ। ਤੇਰੇ ਕੋਲ ਦਿਮਾਗ ਤਾਂ ਹੈ ਪਰ ਦਿਮਾਗ ਕੋਲ 'ਕੀ ਕੀ' ਨਹੀਂ।"

"ਰਹਿਣ ਦਿਉ ਸਰਜੀ ਮੇਰੇ ਕੋਲ ਬਹੁਤ ਕੁਝ ਹੈ, ਮੈਨੂੰ ਦਿਮਾਗ ਦੀ ਲੋੜ ਹੀ ਨਹੀਂ।"

ਮੈਂ ਉਸ ਦੀ ਐਪਲੀਕੇਸ਼ਨ ਆਪਣੇ ਹੱਥ ਵਿਚ ਫੜ ਲਈ।

"ਟੂ ਦੀ ਪੰਵਾਂਇੰਟ ਜੁਆਬ ਦੇਣਾ ਹੈ, ਹਾਂ ਜਾਂ ਨਹੀਂ ਵਿਚ, ਸਮਝ ਗਈ?" ਮੈਂ ਅਫਸਰੀ ਦੇ ਆਹਲਾ ਅੰਦਾਜ਼ ਵਿਚ ਐਪਲੀਕੇਸ਼ਨ ਤੋਂ ਧਿਆਨ ਚੁੱਕ ਕੇ ਉਹਦੇ ਵੱਲ ਸਰਸਰੀ ਵੇਖਕੇ ਕਿਹਾ।

ਸਰਸਰੀ ਨਜ਼ਰ ਨਾਲ ਦੇਖਣ ਵਾਲੀ ਕੋਈ ਡੌਲ ਨਹੀਂ ਸੀ ਉਹ। ਕਾਸ਼ ਮੈਂ ਕਾਲੀਆਂ ਐਨਕਾਂ ਲਾਈਆਂ ਹੁੰਦੀਆਂ। ਨਜ਼ਰ ਦੀਆਂ ਐਨਕਾਂ ਨਾਲ ਕਿੱਥੇ ਤੁਸੀਂ ਸਾਰਾ ਕੁਝ ਦੇਖ ਸਕਦੇ ਹੋ? ਗੋਲ ਮਟੋਲ ਫੁੱਲ, ਤਿੱਖੇ ਤਰਾਸ਼ੇ ਬੂਟੇ, ਉੱਚੇ ਨੀਵੇਂ ਪਹਾੜ, ਪਹਾੜਾਂ ਵਿਚਲੀ ਸਿਲ੍ਹੀ ਸਿਲ੍ਹੀ ਡੰਡੀ, ਰੇਗਿਸਤਾਨ ਵਿਚ ਆਏ ਤੂਫਾਨ ਤੋਂ ਬਾਦ ਵਾਲੀ ਸ਼ਾਤੀ ਨਾਲ ਸੁਸਤਾਉਂਦੀ ਕੱਕੀ ਕੱਕੀ ਰੇਤ ਕਿਤੋਂ ਉੱਚੀ ਕਿਤੋਂ ਨੀਵੀਂ ਪਰ ਹਰ ਪਾਸਿਉਂ ਮੁਲਾਇਮ ਜਿਸ ਨੂੰ ਛੋਹਣ ਨੂੰ ਦਿਲ ਕਰਦਾ ਹੈ, ਸਰਦੀ ਰੁੱਤੇ ਪੈਂਦੀ ਸਭ ਤੋਂ ਪਹਿਲੀ ਸਨੋ ਜੋ ਕਿਤੇ ਖਹਿ ਕੇ ਕਦੇ ਅੜ ਜਾਂਦੀ ਹੈ ਜਾਂ ਅੜਣ ਦਾ ਬਹਾਨਾ ਕਰਦੀ ਹੈ, ਇਹਨਾਂ ਸਭ ਨੂੰ ਐਨਕਾਂ ਤੋਂ ਬਗੈਰ ਹੀ ਵੇਖਣਾ ਬਣਦਾ ਹੈ ਪਰ ਸੋਹਬਤ ਤੋਂ ਬਿਨ੍ਹਾਂ ਐਨਕਾਂ ਕਿੱਥੇ ਖਹਿੜਾ ਛੱਡਦੀਆਂ ਹਨ। ਮੈਂ ਪੌਣਾ ਕੁ ਹੀ ਦੇਖ ਸਕਿਆ, ਜਿੰਨੇ ਦੀ ਇਜਾਜ਼ਤ ਸੀ।

ਐਪਲੀਕੇਸ਼ਨ ਵੇਖਕੇ ਮੇਰਾ ਕੁਝ ਮਖੌਲ ਕਰਨ ਨੂੰ ਜੀਅ ਕੀਤਾ ਪਰ ਆਪਣੇ ਜੀਅ ਦਾ ਗਲਾ ਘੁੱਟ ਕੇ ਇਤਨਾ ਹੀ ਪੁੱਛਿਆ: " ਮਿਸਜ਼ ਗਿੱਲ, ਐਜੂਕੇਸ਼ਨ?"

" ਜੀ ਬੀ. ਏ."

ਜੁਆਬ ਹਾਂ ਜਾਂ ਨਹੀਂ ਵਿਚ ਦਿਉ। ਮੈਂ ਡਿਗਰੀਆਂ ਨਹੀਂ ਪੁੱਛੀਆਂ।

"ਜੀ ਯੈਸ।"

"ਸ਼ਿਫ਼ਟ ਵਰਕ ਕਰੋਗੇ?"

"ਜੀ ਹਾਂ।

"ਕਾਰ ਹੈ?"

"ਜੀ ਨਹੀਂ"

"ਯੂ ਆਰ ਹਾਇਰਡ। ਮਿਸਜ਼ ਹਰੀ ਗਿਲ।" ਮੈਂ ਐਪਲੀਕੇਸ਼ਨ ਤੇ ਨੋਟ ਲਿਖਕੇ ਪਰੇ ਰੱਖ ਦਿੱਤੀ।

"ਮੁਬਾਰਕ।" ਮੇਰੇ ਅੰਦਰਲੇ ਮੁੰਡੇ ਨੇ ਹੱਥ ਮਿਲਾਉਣ ਲਈ ਅੱਗੇ ਵਧਾਇਆ। ਹਰੀ ਨੇ ਝਕਦੇ ਝਕਦੇ ਮੇਰੇ ਨਾਲ ਹੱਥ ਮਿਲਾਇਆ। ਉਸ ਦਿਨ ਮੈਂ ਪੰਜ ਮੁੰਡੇ ਤੇ ਚਾਰ ਕੁੜੀਆਂ ਹਾਇਰ ਕੀਤੀਆਂ ਪਰ ਹੱਥ ਮੈਂ ਹੋਰ ਕਿਸੇ ਨਾਲ ਨਹੀਂ ਮਿਲਾਇਆ। ਸਾਰਿਆਂ ਨੂੰ ਸੇਫਟੀ ਸੂ ਲੈਕੇ ਆਉਣ ਦੀ ਤਾਕੀਦ ਕਰਕੇ ਉਹਨਾਂ ਦੀਆਂ ਸ਼ਿਫਟਾਂ ਅਲਾਟ ਕਰ ਦਿਤੀਆਂ।

ਅਗਲੇ ਦਿਨ ਮੈਂ ਕੰਮ ਤੇ ਪੰਦਰਾਂ ਮਿੰਟ ਪਹਿਲਾਂ ਪਹੁੰਚ ਗਿਆ। ਹਰੀ ਇੱਕ ਦਰਸ਼ਨੀ ਨੌਜਵਾਨ ਨਾਲ ਐਂਟਰੈਸ ਕੋਲ ਖੜੀ ਸੀ। ਇਹ ਫੈਸਲਾ ਕਰਨਾ ਔਖਾ ਸੀ ਕਿ ਦੋਵਾਂ ਵਿਚੋਂ ਜ਼ਿਆਦਾ ਸੋਹਣਾ ਕੌਣ ਹੈ। ਮੈਨੂੰ ਵੇਖਕੇ ਹੰਸ ਮੇਰੇ ਕੋਲ ਆ ਗਏ।

"ਇਹ ਮੇਰ ਹਸਬੈਂਡ ਹਨ ਪਰਮਿੰਦਰ ਤੇ ਪਰਮਿੰਦਰ ਇਹ ਹਨ ਸਾਡੇ ਫੋਰਮੈਨ ਗੋਪੀ ਜੀ।" ਹਰੀ ਨੇ ਹਲਕਾ ਜਿਹਾ ਮੁਸਕਰਾ ਕੇ ਚੇਹਰੇ ਦੇ ਖੇੜੇ ਨੂੰ ਸਿਵਾਇਆ ਕਰਦਿਆਂ ਕਿਹਾ। ਮੈਂ ਪਰਮਿੰਦਰ ਨਾਲ ਹੱਥ ਮਿਲਾਉਂਦਿਆਂ ਆਪਣੇ ਅੰਦਰਲੇ ਮੁੰਡੇ ਨੂੰ ਛੋਟਾ ਛੋਟਾ ਮਹਿਸੂਸ ਕੀਤਾ। ਮੇਰੀ ਕਰੜ ਬਰੜ ਫਰੈਂਚ ਕੱਟ ਦਾੜ੍ਹੀ ਵਿਚ ਮਾਮੂਲੀ ਜਿਹੀ ਖੁਰਕ ਹੋਈ ਜਿਸਨੂੰ ਮੈਂ ਨਜ਼ਰ ਅੰਦਾਜ਼ ਕਰਨਾ ਚਾਹਿਆ। ਬਹੁਤ ਕੋਸ਼ਿਸ਼ ਕਰਨ ਦੇ ਬਾਵਯੂਦ ਵੀ ਮੈਨੂੰ ਲੁਕਵੇਂ ਢੰਗ ਨਾਲ ਥੋੜੀ ਜਿਹੀ ਖੁਰਕ ਕਰਨੀ ਹੀ ਪਈ।

"ਜੀ ਹਰੀ ਦਾ ਖਿਆਲ ਰੱਖਿਉ। ਅਜੇ ਹੁਣੇ ਹੀ ਇੰਡੀਆ ਤੋਂ ਆਈ ਹੈ ਕਿਤੇ ਉਧਰ ਨਾ ਜਾਏ। ਮੈਂ ਤੇ ਕਹਿੰਦਾ ਸੀ ਕੰਮ ਨਾ ਕਰ, ਪੜ੍ਹਾਈ ਕਰ ਲੈ ਪਰ ਇਹਨੂੰ ਕਮਾਈ ਕਰਨ ਦਾ ਚਾਅ ਚੜਿਆ ਹੈ।"

"ਜੀ ਤੁਸੀਂ ਫਿਕਰ ਨਾ ਕਰੋ, ਮੇਰੀ ਛੋਟੀ ਭੈਣ ਵਾਂਗ ਹੈ। ਮੈਂ ਉਦਾਸ ਨਹੀਂ ਹੋਣ ਦਿੰਦਾ।" ਮੈਂ ਕੁਫ਼ਰ ਤੋਲਦਿਆਂ ਪਰਮਿੰਦਰ ਦੀਆਂ ਸਾਰੀਆਂ ਚਿੰਤਾਵਾਂ ਤੋਂ ਉਸਨੂੰ ਮੁਕਤ ਕਰ ਦਿੱਤਾ। ਹਰੀ ਦੀਆਂ ਅੱਖਾਂ ਵਿਚ ਵੀ ਨਿਸਚਿੰਤਤਾ ਆ ਗਈ। ਉਸ ਦੀਆਂ ਭਾਵਨਾਵਾਂ ਨਾਲ ਮੇਰੇ ਵਲ ਤਕਦੀਆਂ ਗੋਲ ਮਟੋਲ ਅੱਖਾਂ, ਮੈਨੂੰ ਹੋਰ ਵੀ ਸੈਕਸੀ ਲੱਗੀਆਂ।

"ਅੱਜ ਤੁਹਾਡੇ ਸਾਰਿਆਂ ਦੇ ਇਨ ਟਾਇਮ ਮੈਂ ਹੱਥ ਨਾਲ ਲਿਖਾਂਗਾ। ਆਊਟ ਟਾਇਮ ਲਈ ਤੁਸੀਂ ਦਿੱਤੇ ਕਾਰਡ ਆਪ ਸਵਾਈਪ ਕਰਨੇ ਹਨ ਤੇ ਕੱਲ੍ਹ ਤੋਂ ਇਨ ਤੇ ਆਊਟ ਟਾਇਮ ਤੁਸੀਂ ਆਪ ਕਰਨੇ ਹਨ।" ਮੈਂ ਸਾਰਿਆਂ ਨੂੰ ਸਵਾਈਪ ਕਾਰਡ ਫੜਾਉਂਦਿਆਂ ਕਿਹਾ। ਪਹਿਲੀ ਘੰਟੀ ਤੋਂ ਪਹਿਲਾਂ ਇਨ ਕਾਰਡ ਸਵਾਈਪ ਹੋਣਾ ਚਾਹੀਦਾ ਹੈ। ਸ਼ਿਫਟ ਖਤਮ ਹੋਣ ਵੇਲੇ ਪਹਿਲੀ ਬੈਲ ਹੋਣ ਤੇ ਹੀ ਵਰਕ ਪਲੇਸ ਤੋਂ ਹਿਲਣਾ ਹੈ। ਪਹਿਲੀ ਤੇ ਦੂਸਰੀ ਬੈਲ ਦਾ ਵਿਚਕਾਰਲਾ ਟਾਇਮ ਤੁਹਾਡੀ ਸਾਫ਼ ਸਫਾਈ ਦਾ ਹੈ। ਜਿੰਨਾ ਚਿਰ ਦੂਸਰਾ ਉਪਰੇਟਰ ਆ ਨਾ ਜਾਏ ਮਸ਼ੀਨ ਨੂੰ ਉਪਰੇਟ ਕਰਨਾ ਬੰਦਾ ਨਹੀਂ ਕਰਨਾ। ਖਾਸ ਕਰਕੇ ਕਰਿਸਟਲ ਪਲਾਸਟਕ ਤੇ ਠੰਢਾ ਹੋਣ ਨੂੰ ਵਕਤ ਹੀ ਨਹੀਂ ਲਾਉਂਦਾ। ਬਰੇਕ ਟਾਇਮ ਤੇ ਤੁਹਾਨੂੰ ਰਿਲੀਵਰ ਰਿਲੀਵ ਕਰੇਗਾ। ਬਰੇਕ ਟਾਇਮ ਕੋਈ ਪੱਕਾ ਨਹੀਂ ਹੈ। ਐਨੀ ਕੁਅਸਚਨ?" ਮੈਂ ਸਾਰਾ ਕੁਝ ਸਮਝਾ ਕੇ ਆਖਰੀ ਗੱਲ ਕਹੀ।

"ਹਾਂ ਤੇ ਕੋਸ਼ਿਸ ਕਰੋ, ਵਾਸ਼ਰੂਮ ਨਾ ਜਾਣਾ ਪਵੇ ਤੇ ਜੇ ਜ਼ਰੂਰਤ ਪੈ ਹੀ ਜਾਵੇ ਤਾਂ ਹੈਲਪ ਬਟਨ ਨੱਪੋ, ਕੋਈ ਨਾ ਕੋਈ ਤੁਹਾਡੀ ਸਹਾਇਤਾ ਲਈ ਆ ਜਾਇਗਾ।"

ਮੈਂ ਕਹਿ ਤੇ ਦਿੱਤਾ ਪਰ ਹੈਲਪ ਦੇ ਨਾਮ ਤੇ ਮੇਰੇ ਕੋਲ ਸਿਰਫ਼ ਦੋ ਹੀ ਕਾਮੇ ਸਨ। ਇੱਕ ਰੀਟਾ ਤੇ ਇੱਕ ਮਾਰੀਆ। ਮਾਰੀਆ ਤੇ ਭਰੋਸੇਮੰਦ ਸੀ, ਭੰਬੀਰੀ ਵਾਂਗ ਘੁੰਮਦੀ ਰਹਿੰਦੀ। ਬਰੇਕ ਟਾਇਮ ਤੋਂ ਪਹਿਲਾਂ ਹੀ ਪੂਰੀ ਤਿਆਰੀ ਕਰ ਲੈਂਦੀ ਪਰ ਰੀਟਾ ਪਲਾਂਟ ਮੈਨੇਜਰ ਨਾਲ ਫਸੀ ਹੋਈ ਸੀ। ਪਰੋਗਰੈਸ ਚਾਰਟ ਬਨਾਉਣ ਲਈ ਜੇ ਸੱਜੇ ਹੱਥ ਵਿਚ ਪੈਂਨ ਹੁੰਦਾ ਤੇ ਖੱਬੇ ਹੱਥ ਵਿਚ ਲਿਪਸਟਿਕ ਘੁੱਟੀ ਰਖਦੀ। ਉਸਨੂੰ ਮਸ਼ੀਨ ਤੇ ਉਪਰੇਟਰ ਲਾਉਣਾ ਮੇਰੇ ਵੱਸ ਵਿਚ ਨਹੀਂ ਸੀ। ਪਤਾ ਨਹੀਂ ਸਵੇਰੇ ਸਵੇਰੇ ਉੱਠਕੇ ਇਤਨਾ ਮੇਕਅੱਪ ਕਿਸ ਤਰ੍ਹਾਂ ਕਰ ਲੈਂਦੀ? ਸਮਝ ਤੇ ਇਹ ਵੀ ਨਹੀਂ ਆਉਂਦੀ ਕਿ ਇਤਨਾ ਹਸੂੰ ਹਸੂੰ ਕਰਦੀ ਦਾ ਡਾਇਵੋਰਸ ਕਿਸ ਤਰ੍ਹਾਂ ਹੋ ਗਿਆ। ਆਪਣੇ ਹੋਏ ਤੇ ਬੀਤ ਰਹੇ ਡਾਇਵੋਰਸ ਦਾ ਉਸਨੂੰ ਭੋਰਾ ਵੀ ਅਫਸੋਸ ਨਹੀਂ ਸੀ। 'ਯਾਰਾਂ ਸਾਲ ਦੇ ਮੁੰਡੇ ਦਾ ਉਸਨੂੰ ਕੋਈ ਖਿਆਲ ਨਹੀਂ ਸੀ। ਪਤਾ ਨਹੀਂ ਚਾਰ ਸਾਲ ਵਿਚ ਉਸ ਦੀਆਂ ਅੱਖਾਂ ਇਤਨੀਆਂ ਛੋਟੀਆਂ ਕਿਵੇਂ ਹੋ ਗਈਆਂ? ਸ਼ਾਇਦ ਦੂਰ ਤੱਕ ਦੇਖਣ ਦੀ ਤਮੰਨਾ ਹੀ ਨਹੀਂ ਸੀ ਰਹੀ ਉਸ ਦੀ। ਬਰੇਕਾਂ ਦਿੰਦੀ ਇਸ ਤਰ੍ਹਾਂ ਵਿਹਾਰ ਕਰਦੀ ਜਿਵੇਂ ਉਨ੍ਹਾਂ ਤੇ ਅਹਿਸਾਨ ਕਰ ਰਹੀ ਹੋਵੇ। ਪਰ ਇੱਕ ਫਾਇਦਾ ਵੀ ਸੀ ਉਹਦਾ ਰਿਲੀਵ ਕੀਤਾ ਉਪਰੇਟਰ ਕਦੇ ਵੀ ਲੇਟ ਨਹੀਂ ਸੀ ਹੋ ਸਕਦਾ।

ਉਸ ਦਿਨ ਮੱਖਣ ਸਿੰਘ ਮਟੀਰਿਅਲ ਹੈਂਡਲਰ ਛੁੱਟੀ ਤੇ ਸੀ । ਫਰੈਂਕ ਮਕੈਨਿਕ ਮੱਖਣ ਸਿੰਘ ਦੀ ਜੌਬ ਕਰਨ ਲੱਗ ਪਿਆ ਤੇ ਮੈ ਫਰੈਂਕ ਦੀ ਜਗ੍ਹਾ ਮੋਲਡ ਚੇਂਜ ਕਰਨ ਵਿਚ ਰੁੱਝ ਗਿਆ। ਮਸ਼ੀਨ ਨੰਬਰ ਸੱਤ ਦਾ ਮੋਲਡ ਚੇਂਜ ਕਰਕੇ ਮੈਂ ਮਸ਼ੀਨ ਚਾਲੂ ਕਰ ਦਿੱਤੀ। ਸਤ ਸੌ ਪੀਸ ਪੂਰੇ ਕਰਨ ਤੋਂ ਬਾਦ ਮਸ਼ੀਨ ਨੰਬਰ ਪੰਜ ਦਾ ਮੋਲਡ ਵੀ ਚੇਂਜ ਕਰਨਾ ਸੀ ਜਿੱਥੇ ਹਰੀ ਕੰਮ ਕਰ ਰਹੀ ਸੀ। ਸਤ ਸੌ ਪੀਸ ਬਨਣ ਨੂੰ ਅਜੇ ਦੋ ਘੰਟੇ ਲਗਣੇ ਸਨ।

ਮੋਲਡ ਚੇਂਜ ਕਰਨ ਲਗਿਆਂ ਮੈਂ ਹਰੀ ਨੂੰ ਕਿਹਾ, "ਹੀਰੀ, ਆ ਜ਼ਰਾ ਲੌਂਗ ਨੋਜ਼ ਪਲਾਇਰ ਫੜਾਈਂ। ਇੱਕ ਫੀਮੇਲ ਪੀਸ ਮੋਲਡ ਵਿਚ ਫਸਿਆ ਪਿਆ ਹੈ। ਮੇਲ ਪੀਸ ਕਦੇ ਵੀ ਮੋਲਡ ਵਿਚ ਨਹੀਂ ਫਸਦੇ।" ਮੇਰੀ ਗੁੱਟਰਗੂੰ ਨੂੰ ਸੁਣਕੇ ਹਰੀ ਨੇ ਹੈਰਾਨੀ ਨਾਲ ਮੇਰੇ ਵੱਲ ਵੇਖਿਆ ਤੇ ਪਲਾਇਰ ਫੜਾ ਦਿੱਤਾ। ਮੈਨੂੰ ਪਤਾ ਸੀ ਹਰੀ ਨੂੰ ਹੀਰੀ ਦਾ ਨਾਮ ਦੇਣਾ ਕਿਸੇ ਮੈਸਜ਼ ਦਾ ਸੰਕੇਤ ਹੈ ਪਰ ਇਹ ਮੈਂ ਜਾਣ ਬੁੱਝ ਕੇ ਨਹੀਂ ਕਿਹਾ ਸੀ। ਪਤਾ ਨਹੀਂ ਕਿਸ ਤਰ੍ਹਾਂ ਕਹਿ ਹੋ ਗਿਆ। ਪਰ ਹਰੀ ਅਜੇ ਸ਼ਸ਼ੋਪੰਜ ਵਿਚ ਹੀ ਸੀ। ਉਹ ਕੀ ਸੋਚਦੀ ਸੀ ਜਾਂ ਸੋਚਦੀ ਵੀ ਸੀ ਜਾਂ ਨਹੀਂ। ਮੈਂ ਇਹ ਸੋਚਦਿਆਂ ਮੋਲਡ ਦੇ ਨੱਟ ਖੋਲ ਰਿਹਾ ਸੀ।

ਆਖਰੀ ਨਟ ਖੋਲਣ ਲਗਿਆਂ ਮੈਂ ਹੀਰੀ ਵਲ ਵੇਖਿਆ। ਹਰੀ ਮੇਰੇ ਵਲ ਵੇਖ ਰਹੀ ਸੀ। ਮੈਂ ਆਪਣੇ ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਲਾਹ ਲਈਆਂ। ਸ਼ਾਇਦ ਇਹ ਸੋਚਕੇ ਕਿ ਮੇਰੀਆਂ ਨੰਗੀਆਂ ਅੱਖਾਂ ਦੇ ਸੱਚ ਦੀ ਇੱਕ ਝਲਕ ਹਰੀ ਵੀ ਵੇਖ ਲਵੇ ਤੇ ਜੰਮੀ ਹੋਈ ਬਰਫ਼ ਦਾ ਇੱਕ ਤੁਪਕਾ ਅਛੋਪਲੇ ਜਿਹੇ ਉਸ ਫਰਸ਼ ਤੇ ਡਿਗ ਪਵੇ ਜਿਸ ਤੇ ਕੁਝ ਹੀ ਦੂਰੀ ਤੇ ਹੀਰੀ ਆਪਣੇ ਪੈਰਾਂ ਉੱਤੇ ਖਲੋਤੀ ਹੋਈ ਸੀ। ਹਰੀ ਦੇ ਪੈਰ ਭਾਰੇ ਸੇਫ਼ਟੀ ਸ਼ੂ ਵਿਚ ਕੈਦ ਸਨ। ਉਹ ਸ਼ੂ ਜੋ ਉਸ ਨੂੰ ਉਸ ਦੇ ਪਤੀ ਪਰਮੇਸ਼ਰ ਨੇ ਖਰੀਦ ਕੇ ਦਿੱਤੇ ਹੋਏ ਸਨ। ਸੇਫਟੀ ਸ਼ੂਜ਼ ਨੇ ਹਰੀ ਦਾ ਸਾਰਾ ਸਮਾਨ ਚੁੱਕਿਆ ਹੋਇਆ ਸੀ। ਉਸ ਦਾ ਸਾਰਾ ਸਮਾਨ ਸਲੀਕੇ ਨਾਲ ਸਜਿਆ ਹੋਇਆ ਸੀ। ਸਜਾਵਟ ਵਿਚ ਕੋਈ ਬਨਾਵਟ ਨਹੀਂ ਸੀ। ਹਰ ਚੀਜ਼ ਆਪਣੀ ਪੂਰੀ ਠੁੱਕ ਨਾਲ ਥਾਂ ਟਿਕਾਣੇ ਸੀ। ਠਾਠਾਂ ਮਾਰਦੇ ਜੋਬਨ ਦੇ ਸ਼ੋਰ ਵਿਚ ਜੇ ਕੋਈ ਗਇਬ ਵਸਤੂ ਸੀ ਤਾਂ ਉਹ ਸਨ ਉਸ ਦੇ ਨਿੱਕੇ ਨਿੱਕੇ ਸੁਪਨੇ। ਸੋਨੇ ਚਾਂਦੀ ਦੀ ਕੋਈ ਵੀ ਚੀਜ਼ ਉਸ ਦੇ ਹੱਥਾਂ ਕੰਨਾਂ ਵਿਚ ਨਹੀਂ ਸੀ। ਉਸ ਦੀਆਂ ਅੱਖਾਂ ਦੀ ਸੁਲਝਣ ਕਿਸੇ ਤਲਾਸ਼ ਵਿਚ ਦਿਸਦੀ ਸੀ। ਇੰਝ ਲੱਗਦਾ ਸੀ ਕਿ ਉਹ ਆਪਣੀ ਰੂਹ ਦੀ ਖੁਸ਼ਬੋ ਨੂੰ ਢੂੰਡਦੀ, ਆਪਣੇ ਹੀ ਸਿਰਜੇ ਸੰਸਾਰ ਦਾ ਨਿੱਘ ਮਾਨਣ ਤੋਂ ਵਾਂਝੀ ਇੱਕ ਪਲਾਸਟਿਕ ਡੌਲ ਵਾਂਗ ਤੁਰੀ ਫਿਰਦੀ ਹੈ।

ਹੋ ਸਕਦਾ ਹੈ ਇਹ ਮੇਰਾ ਵਹਿਮ ਹੀ ਹੋਵੇ ਜਾਂ ਇਹ ਵੀ ਹੋ ਸਕਦਾ ਹੈ ਕਿ ਮੈਂ ਹੀ ਇਹ ਚਾਹੁੰਦਾ ਹੋਵਾਂ ਕਿ ਐਸਾ ਹੀ ਹੋਵੇ। ਇਹ ਨਿੱਘ ਤਾਂ ਬਚਪਨ ਹੁੰਢਾਉਂਦਾ ਹੈ। ਇਹ ਨਿੱਘ ਤਾਂ ਹੌਲੀ ਹੌਲੀ ਗਰਮਾਉਂਦਾ ਹੈ। ਇਹ ਨਿਘ ਤਾਂ ਕੁਝ ਤਲਾਸ਼ਦਾ ਹੈ। ਇਸ ਤਲਾਸ਼ ਦੇ ਸਰੋਕਾਰ ਹੀ ਹਰੀ ਨੂੰ ਹੀਰੀ ਬਣਾਉਂਦੇ ਹਨ। ਮੇਰੀਆਂ ਬਾਰ ਬਾਰ ਤਿਲਕਦੀਆਂ ਅੱਖਾਂ ਨੇ ਹੀਰੀ ਦੀ ਵਿਹੂਣੀ ਨਜ਼ਰ ਪੜ੍ਹਨ ਦੀ ਕੋਸ਼ਿਸ਼ ਕੀਤੀ। ਮੈਂ ਧੋਖਾ ਖਾ ਗਿਆ, ਸਾਰਾ ਕੁਝ ਭਾਰ ਰਹਿਤ ਨਹੀਂ ਹੁੰਦਾ ਤੇ ਮੈਨੂੰ ਪਤਾ ਹੀ ਨਹੀਂ ਲੱਗਾ ਕਦੋਂ ਦੋ ਸੌ ਕਿਲੋ ਦਾ ਮੋਲਡ

ਆਪਣੀਆਂ ਰੋਕਾਂ ਟੋਕਾਂ ਤੋਂ ਖਿਸਕ ਕੇ ਮੇਰੇ ਪੈਰਾਂ ਤੇ ਡਿਗ ਪਿਆ। ਇੱਕ ਜ਼ੋਰਦਾਰ ਅਵਾਜ਼ ਨਾਲ ਮੇਰੀ ਚੀਕ ਵੀ ਰਲ ਗਈ। ਸੇਫ਼ਟੀ ਸੂ ਮਿਧਦਾ ਹੋਇਆ ਭਾਰਾ ਮੋਲਡ ਮੇਰੇ ਪੈਰ ਦੀਆਂ ਦੋ ਉਂਗਲਾਂ ਨੂੰ ਵੀ ਮਿਧ ਗਿਆ।

ਮੇਰੇ ਕੰਨਾਂ ਨੇ ਹਰੀ ਦੀ ਚੀਕ ਸੁਣੀ। ਇਹ ਚੀਕ ਕੋਈ ਓਪਰੀ ਨਹੀਂ ਸੀ, ਆਪਣੀ ਸੀ। ਉਸ ਦੀਆਂ ਮੋਟੀਆਂ ਗੋਲ ਮਟੋਲ ਅੱਖਾਂ ਵਿਚ ਇੱਕਦਮ ਤੈਰੇ ਅਥਰੂ ਵੇਖਕੇ ਮੇਰੇ ਅੰਦਰ ਇੱਕ ਭੰਨ ਤੋੜ ਹੋਈ। ਇਸ ਭੰਨ ਤੋੜ ਨੂੰ ਮੈਂ ਅਹਿਸਾਸ ਦਾ ਨਾਮ ਨਹੀਂ ਦੇ ਸਕਦਾ। ਤਰੇਲੀਓ ਤਰੇਲੀ ਹੋਇਆ ਪੀਲਾ ਭੂਕ ਚੇਹਰਾ, ਇੱਕਲੀ ਪੀੜ ਨਾਲ ਹੀ ਭਰਿਆ ਹੋਇਆ ਨਹੀਂ ਸੀ। ਖ਼ੂਨ ਨਾਲ ਲੱਥਪੱਥ ਮੇਰੇ ਬੂਟਾਂ ਦੇ ਤਸਮੇਂ ਹਰੀ ਖ੍ਹੋਲ ਰਹੀ ਸੀ। ਇੱਕ ਨਿੱਘ, ਨਿਰਵਿਘਨ ਮੇਰੀ ਰੂਹ ਨੂੰ ਛੋਹ ਰਿਹਾ ਸੀ। ਰੂਹ ਦੀ ਹੂਕ ਨੂੰ ਜਲਦੀ ਜਲਦੀ ਕੋਈ ਨਾਮ ਦਿੱਤਾ ਵੀ ਨਹੀਂ ਜਾ ਸਕਦਾ। ਇਹ ਤਾਂ ਇਨਸਾਨੀਅਤ ਦੀ ਇੱਕ ਗਲਵਕੜੀ ਸੀ। ਜਿਸ ਦਾ ਮੇਰੇ ਅੰਦਰਲੇ ਮੁੰਡੇ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਹਰੀ ਨੇ ਭਜਕੇ ਪਾਣੀ ਦਾ ਗਲਾਸ ਲਿਆਂਦਾ। ਮੈਨਜਮੈਂਟ ਦੀ ਭੀੜ ਨੂੰ ਧੁਸ ਨਾਲ ਚੀਰਦੀ ਹਰੀ, ਇਸ ਕਾਇਨਾਤ ਦੀ ਮਾਲਕ ਲੱਗ ਰਹੀ ਸੀ।

ਫੈਕਟਰੀ ਤੇ ਇਸਦੇ ਸਿਸਟਮ ਨੂੰ ਨਿਗੁਣਾ ਸਮਝਦੇ ਹੋਏ ਉਸ ਨੇ ਪਾਣੀ ਦਾ ਗਲਾਸ ਮੇਰੇ ਮੂੰਹ ਨੂੰ ਲਗਾਇਆ। ਮੈਂ ਕਦੇ ਕਦੇ ਆਪਣੀ ਇਕੱਲਤਾ ਨਾਲ ਗੱਲਾਂ ਕਰਦਿਆਂ ਸੋਚਿਆ ਕਰਦਾ ਸੀ ਕਿ ਇਨਸਾਨ ਸਾਰੀ ਜ਼ਿੰਦਗੀ ਵਿਚਰਦਾ ਮਾਂ-ਬਾਪ, ਭੈਣ-ਭਰਾ, ਪਰਿਵਾਰ ਸਮਾਜ ਨਾਲ ਰਹਿੰਦਿਆਂ ਇੱਕ ਵੀ ਇਨਸਾਨ ਦੀ ਕਮਾਈ ਨਹੀਂ ਕਰਦਾ ਜਿਸ ਨਾਲ ਉਹ ਸਾਰੇ ਦੁਖ ਸੁਖ ਸਾਂਝੇ ਕਰ ਸਕੇ। ਅਪਣੇ ਸਾਰੇ ਪਾਪ-ਪੁੰਨ ਸਾਂਝੇ ਕਰ ਸਕੇ। ਕਿਸੇ ਨਾਲ ਕਿਸੇ ਗੱਲ ਦਾ ਲਕੋ ਤੇ ਕਿਸੇ ਨਾਲ ਕਿਸੇ ਹੋਰ ਗੱਲ ਦਾ ਲਕੋ। ਸ਼ਰਮਸਾਰ ਕਰਨ ਵਾਲੀਆਂ ਗੱਲਾਂ ਨੂੰ ਸਾਂਝਾ ਕਰਨ ਲਈ ਵੀ ਕੋਈ ਚਾਹੀਦਾ ਹੈ। ਕੋਈ ਮਿਲਣਾ ਚਾਹੀਦਾ ਹੈ। ਪਰ ਲਾਟਰੀ ਨਿਕਲਣ ਦਾ ਚਾਂਸ ਹੈ ਪਰ ਐਸਾ ਸੁਰਖਾਬ ਮਿਲਣ ਦਾ ਕੋਈ ਚਾਂਸ ਨਹੀਂ। ਸਾਰੀ ਜ਼ਿੰਦਗੀ ਵਿਚ ਐਸਾ ਨਿਰਛੱਲ ਇਨਸਾਨ ਤਾਂ ਉਹ ਹੀ ਹੋ ਸਕਦਾ ਹੈ ਜਿਸ ਨਾਲ ਤੁਹਾਡਾ ਕੋਈ ਨਾਤਾ ਨਾ ਹੋਵੇ, ਤੁਹਾਨੂੰ ਛੱਲਣ ਨਾਲ ਉਸ ਦਾ ਕੋਈ ਵੀ ਫਾਇਦਾ ਜੁੜਿਆ ਹੋਇਆ ਨਾ ਹੋਵੇ। ਇਹ ਵੀ ਤੇ ਇੱਕ ਸਤ-ਸੁਪਨਾ ਹੈ, ਤੇਰੇ ਦੁਧ ਦੇ ਗਲਾਸ ਵਿਚ ਮਖਣਾਂ ਮੈਂ ਰਲ ਜਾਵਾਂ ਖੰਡ ਬਣਕੇ। ਨਾਤੇ ਤਾਂ ਪਰਦਾ ਭਾਲਦੇ ਹਨ। ਉਹ ਤੁਹਾਡੀ ਮਾਂ ਨਾ ਹੋਵੇ ਪਤਨੀ ਤਾਂ ਬਿਲਕੁਲ ਨਾ ਹੋਵੇ ਇਥੋਂ ਤੱਕ ਕਿ ਤੁਹਾਡਾ ਦੋਸਤ ਵੀ ਨਾ ਹੋਵੇ। ਕਨਫ਼ੈਸ਼ਨ ਨੂੰ ਸਮਝਣ ਵਾਲਾ ਕੋਈ ਸਿਆਣਾ ਵੀ ਨਾ ਹੋਵੇ। ਇਥੋਂ ਤੱਕ ਕਿ ਬੰਦੇ ਦਾ ਬਣਾਇਆ ਰੱਬ ਵੀ ਨਾ ਹੋਵੇ। ਰੱਬ ਤਾਂ ਤੁਹਾਡੀ ਕਹੀ ਹੋਈ ਗੱਲ ਨੂੰ ਕਨਫ਼ੈਸ਼ਨ ਸਮਝਕੇ, ਕੋਈ ਰੂਪ ਦੇ ਦੇਵੇਗਾ। ਇੱਕੋ ਹੀ ਸਦਾਚਾਰੀ ਖਿੜਕੀ ਖੋਲੇਗਾ। ਆਪਣੇ ਪ੍ਰਛਾਂਵੇਂ ਵਿਚ ਲੈਕੇ ਤੁਹਾਡੀ ਧੁੱਪ ਖੋਹ ਲਵੇਗਾ। ਬੰਦੇ ਦਾ ਸਿਰਜਿਆ ਕੰਮਪਿਊਟਰੀ-ਰੱਬ, ਸੱਚ ਕਦੋਂ ਬੋਲਦਾ ਹੈ? ਰੱਬ ਤਾਂ ਇਨਸਾਨ ਦੇ ਪਿੱਛੇ ਹੀ ਪਿਆ ਰਹਿੰਦਾ ਹੈ। ਉਹ ਕਦੋਂ ਖੁਸ਼ਬੋਆਂ ਦੀ ਗੱਲ ਕਰਨ ਦਿੰਦਾ ਹੈ? ਪਰ ਰੱਬ ਵੀ ਕੀ ਕਰੇ, ਸਵੀਕਾਰੇ ਰੱਬ ਵਿਚ ਅਸੀਂ ਖੁਸ਼ਬੋ ਬੀਜਦੇ ਹੀ ਕਦੋਂ ਹਾਂ?

ਐਮਬੂਲੈਂਸ ਵਿਚ ਸਟਰੇਚਰ ਤੇ ਸੁਆਰ ਹੁੰਦਿਆਂ ਅਥਾਹ ਪੀੜ ਨੂੰ ਸਹਾਰਦਿਆਂ, ਹੀਰੀ ਦੀਆਂ ਅੱਖਾਂ ਵਿਚਲੀ ਨਮੀਂ ਨੇ ਇੱਕ ਵੱਖਰੇ ਅੰਦਾਜ਼ ਤੋਂ ਸੋਚਣ ਲਈ ਮਜਬੂਰ ਕਰ ਦਿੱਤਾ।

ਦੋ ਮਹੀਨੇ ਦੀਆਂ ਛੁਟੀਆਂ, ਬਸ ਮੌਜਾਂ ਹੀ ਮੌਜਾਂ। ਕੋਈ ਫ਼ਿਕਰ ਨਹੀਂ, ਕੋਈ ਪਰੋਡਕਸ਼ਨ, ਕੋਈ ਪਰੋਗਰੈਸ ਚਾਰਟ, ਕੋਈ ਸਵੇਰੇ ਉੱਠਣ ਦੀ ਕਾਹਲ ਨਹੀਂ ਬਸ ਥੋੜ੍ਹਾ ਜਿਹਾ ਲੰਗੜਾਉਣਾ ਤੇ ਔਖੇ ਜਿਹੇ ਹੋ ਕੇ ਬੈਠਣਾ ਤੇ ਲੇਟਣਾ। ਇਹ ਤੇ ਕੁਝ ਵੀ ਨਹੀਂ ਸੀ। ਬਸ ਥੋੜੀ ਜਿਹੀ ਤਕਲੀਫ਼ ਟਾਇਲਟ ਤੇ ਬੈਠਣ ਲੱਗਿਆਂ ਜ਼ਿਆਦਾ ਹੁੰਦੀ ਸੀ, ਫ਼ਿਰ ਵੀ ਮੈਂ ਖੁਸ਼ ਸੀ। ਫੈਕਟਰੀ ਵਾਲਿਆਂ ਇਹਨਾਂ ਦੋ ਮਹੀਨਿਆਂ ਵਿਚ ਮੇਰੀ ਜਗ੍ਹਾ ਰੀਟਾ ਨੂੰ ਦੇ ਦਿਤੀ। ਰੀਟਾ ਦੇ ਮੇਕਅੱਪ ਦਾ ਖਰਚਾ ਵਧ ਗਿਆ ਤੇ ਵਰਕਰ ਡਾਹਢੇ ਔਖੇ ਹੋ ਗਏ।

ਇੱਕ ਦਿਨ ਡੋਰ-ਬੈਲ ਹੋਈ। ਮੈਂ ਲੱਤਾਂ ਘੜੀਸ ਕੇ ਆਪਣੀਆਂ ਫੌੜੀਆਂ ਚੁੱਕੀਆਂ ਤੇ ਦਰਵਾਜ਼ਾ ਖੋਲ੍ਹਿਆ। ਹਰੀ ਤੇ ਪਰਮਿੰਦਰ ਬਾਹਰ ਖੜੇ ਸਨ।

"ਸਤਿ ਸ੍ਰੀ ਅਕਾਲ ਭਾਜੀ।" ਹਰੀ ਨੇ ਕਿਹਾ, ਤੇ ਪਰਮਿੰਦਰ ਨੇ ਮੇਰੇ ਨਾਲ ਹੱਥ ਮਿਲਾਇਆ। ਇਧਰ ਉਧਰ ਦੀਆਂ ਗੱਲਾਂ ਮਾਰਕੇ, ਹੀਰੀ ਰਸੋਈ ਵਿਚ ਚਾਹ ਬਨਾਉਣ ਚਲੇ ਗਈ। ਚਾਹ ਪੀਂਦਿਆਂ ਅਸੀਂ ਤਿੰਨਾ ਨੇ ਰੱਜ ਕੇ ਚੁਗਲੀ ਨਿੰਦਾ ਕੀਤੀ। ਖਾਸ ਤੌਰ ਤੇ ਰੀਟਾ ਦੀ ਤੇ ਤਹਿ ਹੀ ਲਾ ਦਿੱਤੀ। ਪਰਮਿੰਦਰ ਅੱਜਕੱਲ੍ਹ ਦੋ ਜੌਬਾਂ ਕਰ ਰਿਹਾ ਸੀ। ਸੱਤੇ ਦਿਨ ਕੰਮ ਕਰਦੇ ਪਰਮਿੰਦਰ ਦੇ ਆਪਣੇ ਮਨਸੂਬੇ ਸਨ ਤੇ ਇਨ੍ਹਾਂ ਮਨਸੂਬਿਆਂ ਵਿਚੋਂ ਹਰੀ ਗਾਇਬ ਸੀ। ਹਰੀ ਦੀਆਂ ਕੀਤੀਆਂ ਗੱਲਾਂ ਵਿਚ ਉਣਪੁਣੇ ਦੀ ਭਰਪੂਰਤਾ ਸੀ। ਮੈਨੂੰ ਮਹਿਸੂਸ ਹੋਇਆ ਜੋ ਮੈਂ ਸੋਚਦਾ ਸੀ ਉਹ ਮੇਰੇ ਚੇਤਿਆਂ ਦੀ ਨਿਰੀ ਪੂਰੀ ਗੱਪ ਨਹੀਂ ਸੀ ਉਹ ਕੋਈ ਮੇਰਾ ਨਿੱਜ ਵੀ ਨਹੀਂ ਸੀ। ਇਹ ਇੱਕ ਹੋਰ ਹੋਣੀ ਦੇ ਮੁਸਾਫਰ ਸਨ। ਹਰੀ, ਪਰਮਿੰਦਰ ਦੇ ਸੋਚੇ ਜਾ ਰਹੇ ਪੈਸੇ ਨਾਲ ਭੁਰਨ ਵਾਲੀ ਸ਼ੈਅ ਨਹੀਂ ਸੀ। ਉਹ ਇੱਕ ਦੂਜੇ ਦਾ ਹੁੰਗਾਰਾ ਭਰਦੇ ਹਸਦੇ ਵੀ ਸਨ। ਇੱਕ ਦੂਜੇ ਨਾਲ ਭਿੱਜੇ ਹੋਏ ਵੀ ਸਨ ਬਿਲਕੁਲ ਉਸ ਤਰ੍ਹਾਂ ਜਿਵੇਂ ਮਹਿੰਗੇ ਸੂਟ ਨਾਲ ਮਹਿੰਗੀ ਟਾਈ ਲਾਈ ਹੋਵੇ ਪਰ ਉਹ ਸੂਟ ਨਾਲ ਮੈਚ ਨਾ ਕਰਦੀ ਹੋਵੇ ਜਾਂ ਕਰਦੀ ਵੀ ਹੋਵੇ ਤਾਂ ਉਹ ਮੈਚ ਕਰਦੀ ਲੱਗੇ ਨਾ। ਹਲਵਾਈ ਦੇ ਦੁੱਧ ਦੇ ਕੜਾਹੇ ਵਾਂਗ। ਮੋਟੀ ਮਲਾਈ ਵੱਖਰੀ ਤੇ ਪਤਲਾ ਦੁੱਧ ਵੱਖਰਾ। ਬੜੀ ਹੀ ਸੌਖੀ ਤਰ੍ਹਾਂ ਬਿਨ੍ਹਾਂ ਦੁੱਧ ਨੂੰ ਤਕਲੀਫ਼ ਦਿੱਤਿਆਂ ਜਦੋਂ ਮਰਜ਼ੀ ਮਲਾਈ ਲਾਹ ਲਵੋ। ਮੈਂ ਵੀ ਉਨ੍ਹਾਂ ਦੇ ਮਹਿੰਗੇ ਕਪੜਿਆਂ ਤੋਂ ਪ੍ਰਭਾਵਿਤ ਨਹੀਂ ਸੀ, ਹਾਂ ਮਲਾਈ ਦੀ ਹੋਰ ਗੱਲ ਹੈ। ਗੋਲਗੱਪੇ ਵਿਚ ਪਾਈ ਕਾਂਜੀ ਜੇ ਗੋਲਗੱਪੇ ਨੂੰ ਤੋੜ ਵੀ ਦੇਵੇ ਤਾਂ ਵੀ ਉਸ ਦਾ ਸੁਆਦ ਨਹੀਂ ਗੁਆਚਦਾ ਪਰ ਇੱਥੇ ਤਾਂ ਕਾਂਜੀ ਵਧੀਆਂ ਬੋਤਲਾਂ ਵਿਚ ਪਾਈ ਹੋਈ ਸੀ। ਇਹ ਗੱਲਾਂ ਉਦੋਂ ਤੇ ਮੈਨੂੰ ਐਵੇਂ ਕੈਵੇਂ ਹੀ ਲਗੀਆਂ ਐਵੇਂ ਆਪਣੇ ਹੀ ਖਿਆਲਾਂ ਦਾ ਫਤੂਰ ਪਰ ਵਕਤ ਬੀਤਣ ਨਾਲ

ਇਹ ਗੱਲ ਨਿਤਰ ਗਈ ਕਿ ਮੇਰੇ ਖਿਆਲਾਂ ਵਿਚ ਐਵੇਂ ਹੀ ਫਿਰੀ ਤਾਰ ਜਿਹੀ ਗਲਤ ਨਹੀਂ ਸੀ। ਪਰਮਿੰਦਰ ਹੱਦ ਦਰਜੇ ਦਾ ਵਸਤੂਵਾਦੀ ਸੀ।

ਘੰਟਾ ਕੁ ਬੈਠਕੇ ਉਹ ਮੇਰਾ ਫੋਨ ਨੰਬਰ ਲੈਕੇ ਚਲੇ ਗਏ। ਉਨ੍ਹਾਂ ਦੇ ਜਾਣ ਤੋਂ ਬਾਅਦ ਮੈਂ ਸੋਫੇ ਦੀ ਗੱਦੀ ਦੇ ਥੱਲੇ ਪਈ ਮਧੋਲੀ, ਅੱਧਪੜ੍ਹੀ ਅਖਬਾਰੀ ਅਪਰਾਧ ਕਥਾ ਨੂੰ ਦੁਬਾਰਾ ਪੜ੍ਹਣ ਲੱਗ ਪਿਆ। ਸੁਨੀਤਾ ਆਪਣੇ ਨਿਆਣਿਆਂ ਨੂੰ ਛੱਡਕੇ ਆਪਣੇ ਪ੍ਰੇਮੀ ਨਾਲ ਦੌੜ ਚੁੱਕੀ ਸੀ। ਅੱਧੇ ਕੁ ਸਫ਼ੇ ਬਾਅਦ ਹੀ ਉਹ ਦੁਖੀ ਹੋ ਕੇ ਨਿਆਣੇ ਯਾਦ ਕਰਨ ਲੱਗ ਪਈ। ਅੰਤ ਵਿਚ ਉਹੋ ਕੁਝ ਹੋਇਆ ਜੋ ਮੈਂ ਸੋਚਿਆ ਸੀ। ਅਖਬਾਰ ਪਰ੍ਹੇ ਰੱਖਕੇ ਮੈਂ ਸੋਚਣਾ ਸ਼ੁਰੂ ਕੀਤਾ ਕਿ ਮੈਂ ਐਸਾ ਕਿਉਂ ਸੋਚਿਆ ਸੀ ਜੋ ਕਹਾਣੀ ਦੇ ਅੰਤ ਵਿਚ ਹੋਇਆ ਹੈ। ਇਸ ਅੰਤ ਤੋਂ ਸੁਨੀਤਾ ਕਿਵੇਂ ਬਚ ਸਕਦੀ ਸੀ। ਸੁਨੀਤਾ ਹੀ ਕਿਉਂ ਮੈਂ ਇਸ ਅੰਤ ਤੋਂ ਵੱਖਰਾ ਕਿਉਂ ਕੁਝ ਹੋਰ ਤਸਵਰ ਨਹੀਂ ਕਰ ਸਕਦਾ ਸੀ? ਇਸ ਵੱਖਰੇ ਸੋਚਣ ਦੇ ਢੰਗ ਬਾਰੇ ਸੋਚਦਿਆਂ, ਇਹ ਹਰੀ ਦਾ ਚੇਹਰਾ ਕਿਉਂ ਧੁੰਧਲਾ ਧੁੰਧਲਾ ਮੇਰੇ ਜ਼ਹਿਨ ਵਿਚ ਚੱਕਰ ਕੱਟ ਰਿਹਾ ਹੈ?

ਅਗਲੇ ਦਿਨ ਲੰਘੇ ਵਾਹ ਢਿਝਕੂੰ ਢਿਝਕੂੰ ਕਰਦਿਆਂ, ਮੈਂ ਚਾਹ ਬਣਾਕੇ ਹਟਿਆ ਹੀ ਸੀ ਜਦੋਂ ਫੋਨ ਦੀ ਘੰਟੀ ਵੱਜੀ।

ਫੋਨ ਤੇ ਹਰੀ ਸੀ, "ਗੋਪੀ ਭਾਜੀ ਕੀ ਹਾਲ ਹੈ ਤੁਹਾਡਾ?" ਮੇਰੇ ਤੋਂ ਵੀਹ ਸਾਲ ਛੋਟੀ ਹਰੀ, ਮੈਨੂੰ ਆਪਣੇ ਹਾਣ ਦੀ ਜਾਪੀ।

"ਬਸ ਠੀਕ ਹੈ, ਤੇਰੇ ਫੋਨ ਆਏ ਤੋਂ ਇਹੋ ਸੋਚਦਾ ਹਾਂ ਕਿ ਕਾਸ਼ ਦਸ ਸਾਲ ਬਾਅਦ ਜੰਮਿਆ ਹੁੰਦਾ।"

"ਨਾ ਭਲਾ  ਇਹ ਕੀ  ਗੱਲ ਹੋਈ।" ਹਰੀ ਦਾ ਹਾਸਾ ਛਣਕਿਆ।

"ਜਾਂ ਫਿਰ ਤੂੰ ਦਸ ਸਾਲ ਪਹਿਲਾਂ  ਜੰਮੀ ਹੁੰਦੀ।" ਮੈਂ ਪੂਰੇ ਵਿਸ਼ਵਾਸ਼ ਨਾਲ ਕਿਹਾ।

"ਕਿਉਂ ਇਸ ਤਰ੍ਹਾਂ ਕਿਉਂ ਹੁੰਦਾ?"

"ਫੇਰ ਤੈਨੂੰ ਭਾਜੀ ਨਾ ਕਹਿਣਾ ਪੈਂਦਾ।" ਉਹ ਬੋਲੀ ਤੇ ਕੁਝ ਨਹੀਂ ਪਰ ਹੱਸਣ ਲੱਗ ਪਈ। ਉਸ ਦੇ ਹਾਸੇ ਨੇ ਕੋਈ ਸੁਆਲ ਖੜਾ ਕਰ ਦਿੱਤਾ। ਉਸ ਦੇ ਹੱਸੇ ਸੁਆਲ ਦਾ, ਮੇਰੇ ਕੋਲ ਕੋਈ ਘੜਿਆ ਘੜਾਇਆ ਜੁਆਬ ਨਹੀਂ ਸੀ ਪਰ ਇੱਕ ਗੱਲ ਪੱਕੀ ਹੈ ਕਿ ਮੈਂ ਪਜ਼ੈਸਿਵਨੈਸ ਮਹਿਸੂਸਿਆ ਨਹੀਂ। ਇੱਕ ਤਲਾਸ਼ ਦੀ ਡਗਰ ਤੇ ਪਹਿਲਾ ਕਦਮ ਧਰਿਆ ਲੱਗਿਆ।

"ਭਾਜੀ ਸ਼ਬਦ ਵਿਚ ਇੱਕ ਵਲਗਣ ਹੈ। ਇੱਕ ਲਿਮਟ, ਬੱਸ ਇੱਕ ਹੱਦ ਤੱਕ ਤੇ ਉਸ ਤੋਂ ਬਾਅਦ ਤੁਹਾਡਾ ਧਰਮ ਖਤਰੇ ਵਿਚ। ਕੀ ਤੂੰ ਨਹੀਂ ਚਾਹੁੰਦੀ ਇਸ ਲਿਮਟ ਨੂੰ ਅਨਲਿਮਟਿਡ ਕਰ ਦਿੱਤਾ ਜਾਵੇ ਜਾਂ ਤੈਨੂੰ ਮੇਰੇ ਤੇ ਵਿਸ਼ਵਾਸ਼ ਨਹੀਂ?" ਹਰੀ ਫੋਨ ਤੇ ਫੇਰ ਹੱਸ ਪਈ।

"ਨਾ ਹਸਦੀ ਕਿਉਂ ਹੈਂ?" ਮੈਂ ਪੌੜੀ ਦੇ ਦੂਸਰੇ ਡੰਡੇ ਤੇ ਪੈਰ ਧਰਦਿਆਂ ਕਿਹਾ।

"ਮੈਂ ਆ ਰਹੀ ਹਾਂ ਤੁਹਾਡੇ ਕੋਲ। ਅੱਜ ਤੋਂ ਬਾਦ ਹਰ ਸ਼ਾਮ ਤੁਹਾਡੀ ਰੋਟੀ ਲੈਕੇ ਆਇਆ ਕਰਾਂਗੀ ਜਿਨ੍ਹਾਂ ਚਿਰ ਭਾਬੀ ਜੀ ਨਹੀਂ ਇੰਡੀਆ ਤੋਂ ਮੁੜਦੇ।"

"ਇਸ ਵਿਚ  ਖੇਚਲ ਕਾਹਦੀ। ਦੋ ਰੋਟੀਆਂ ਥਪਣ ਵਿਚ ਕਾਹਦੀ ਤਕਲੀਫ਼। ਬਸ ਸਰ ਐਵੇਂ ਤੁਸੀਂ ਮਜ਼ਾਕ ਕਰਦੇ ਹੋ। ਇਸ ਕਰਕੇ ਹਸਦੀ ਹਾਂ।" ਕਾਫ਼ੀ ਟੇਬਲ ਤੇ ਖਾਣਾ ਲਗਾਕੇ ਉਹ ਸੋਫੇ ਤੇ ਬੈਠ ਗਈ। ਉਸ ਨੇ ਭਾਜੀ ਦੀ ਬਜਾਏ ਮੈਨੂੰ ਸਰ ਕਿਹਾ।

"ਮੈਂ ਮਜ਼ਾਕ ਨਹੀਂ ਕਰ ਰਿਹਾ। ਮਜ਼ਾਕ ਤਾਂ ਇਹ ਹੁੰਦਾ ਜੇ ਮੈਂ ਕਹਿੰਦਾ ਕਿ ਹੀਰੀ ਰੋਟੀ ਨਹੀਂ ਮੈਨੂੰ ਭੱਤਾ ਚਾਹੀਦਾ ਹੈ। ਮੈਂ ਤਾਂ ਜ਼ਿੰਦਗੀ ਨਾਲ ਗੱਲਾਂ ਕਰ ਰਿਹਾ ਹਾਂ।" ਹਰੀ ਚੁੱਪ ਹੋ ਗਈ, ਸਿਰਫ਼ ਕੁਝ ਹੋਰ ਸੁਣਨ ਲਈ।

"ਤੇਰੀ ਇਕਾਗਰਤਾ ਦਾ ਕੀ ਜੁਆਬ ਦਿਆਂ। ਬੱਸ ਤੇਰੀਆਂ ਅੱਖਾਂ ਵਿਚਲੀ ਉਦਾਸੀ ਵੇਖੀ ਹੈ। ਤੂੰ ਜ਼ਿੰਦਗੀ ਤੋਂ ਖੁਸ਼ ਨਹੀਂ ਹੈਂ। ਇਤਨੀ ਸੁਆਦ ਰੋਟੀ, ਇਤਨੀ ਸੋਹਣੀ ਕੁੜੀ ਤੇ ਇਤਨੀਆਂ ਵਿਰਾਨ ਅੱਖਾਂ! ਮੇਰੀ ਜ਼ਿੰਦਗੀ ਮੌਤ ਦੇ ਪਲ ਵਿਚ ਤੇਰੇ ਪਾਣੀ ਦੇ ਗਲਾਸ ਨੇ ਮੂੰਹੋਂ ਬੋਲਕੇ ਕਿਹਾ ਹੈ ਕਿ ਮੈਂ ਤੇਰਾ ਖੇੜਾ ਚਾਹਾਂ। ਬਸ ਇਤਨੀ ਕੁ ਹੀ ਗੱਲ ਹੈ, ਮੇਰੇ ਦੋਸਤ।"

"ਮੈਂ ਡਰਦੀ ਹਾਂ ਸਰ।" ਹਰੀ ਦੇ ਬੋਲ ਭਿੱਜੇ ਹੋਏ ਸਨ।

"ਭਾਜੀ ਨਾਲੋਂ ਸਰ ਚੰਗਾ ਪਰ ਜੇ ਤੂੰ ਚਾਹੇਂ ਤਾਂ ਸਰ ਕਹਿਣਾ ਵੀ ਛੱਡ ਸਕਦੀ ਹੈਂ। ਮੈਨੂੰ ਖੁਸ਼ੀ ਹੋਵੇਗੀ।"

"ਕੀ ਕਹਾਂ?" ਹਰੀ ਦੇ ਭਿੱਜੇ ਹੋਏ ਬੋਲ ਕੁਝ ਨਿਖਰ ਰਹੇ ਸਨ।

"ਮੈਂ ਨਹੀਂ ਕਹਿੰਦਾ ਮੈਨੂੰ ਡਾਰਲਿੰਗ ਕਹਿ ਪਰ ਕੋਈ ਹਰਜ ਵੀ ਨਹੀਂ ਪਰ ਉਹ ਤੇ ਤੇਰਾ ਪਰਮਿੰਦਰ ਹੈ ਹੀ। ਬਸ ਵਿਚ ਵਿਚਾਲੇ ਕੁਝ ਕਹਿ ਲੈ।"

"ਤੁਸੀਂ ਹੀ ਦਸੋ, ਕੀ ਕਹਾਂ?"  ਹਰੀ ਚਾਂਭਲੀ ਜਿਹੀ ਕਹਿ ਰਹੀ ਸੀ।

"ਮੈਨੂੰ ਨਹੀਂ ਪਤਾ। ਜੋ ਮਰਜ਼ੀ ਕਹਿ, ਪਰ ਨਾ ਭਾਜੀ ਨਾ ਸਰ। ਕੁਝ ਆਪਣਾ ਜਿਹਾ। ਪਰਾਏਪਨ ਤੋਂ ਬਗੈਰ। ਕੁਝ ਵੀ, ਕੋਈ ਵੀ ਨਾਮ, ਦੋਸਤ, ਮਿੱਤਰ, ਸਹੇਲੀ, ਦੁਸ਼ਮਣ, ਬਦਮਾਸ਼। ਬਸ ਮੈਂ ਤਾਂ ਚਾਹੁੰਨਾ ਮੇਰੇ ਪੈਰ ਦੀ ਪੀੜ ਨੂੰ ਮਹਿਸੂਸਣ ਵਾਲੀ ਮੈਨੂੰ ਪਜੈਸਿਵ ਨਾ ਸਮਝੇ। ਸਿਰਫ ਆਪਣਾ ਸਮਝੇ।"

"ਓ ਕੇ ਔਕੇ ਦੋਸਤ ਜੀ, ਮੈਂ ਕੱਲ੍ਹ ਨੂੰ ਦੁਪਿਹਰੇ ਫੋਨ ਕਰਕੇ ਦਸਾਂਗੀ ਕਿ ਕੀ ਕਿਹਾ ਜਾਵੇ ਤੁਹਾਨੂੰ।" ਹਰੀ ਨੇ ਭਾਂਡੇ ਢੀਂਡੇ ਸੰਭਾਲ ਕੇ ਥਾਂਉਂ ਥਾਂਈ ਟਿਕਾ ਦਿੱਤੇ ਤੇ ਚਲੇ ਗਈ।

ਹਰ ਸ਼ਾਮ ਖਾਣਾ ਲੈਕੇ ਆਉਂਦੀ ਹਰੀ ਜਿਵੇਂ ਇਸ ਛੋਟੇ ਜਿਹੇ ਲਿਵ-ਰੂਮ ਦਾ ਹਿੱਸਾ ਬਣ ਗਈ। ਲਾਂਡਰੀ ਕਰਦੀ ਵੈਕਿਊਮ ਕਰਦੀ ਮੇਰੇ ਆਸੇ-ਪਾਸੇ ਫਿਰਦੀ, ਨਿੱਕੀਆਂ ਨਿੱਕੀਆਂ ਗੱਲਾਂ ਕਰਦੀ, ਮੇਰੇ ਲਈ ਕਿਤਨੇ ਹੀ ਸੁਆਲ ਛੱਡ ਜਾਂਦੀ। ਉਸ ਦਾ ਹਰ ਸੁਆਲ ਮੇਰੇ ਲਈ ਇਮਤਿਹਾਨ ਹੁੰਦਾ। ਕਿਤੇ ਨਾ ਕਿਤੇ ਮੈਂ ਪਰੇਸ਼ਾਨ ਜ਼ਰੂਰ ਸੀ। ਕੋਈ ਤੇ ਗੱਲ ਸੀ ਜੋ ਸਾਡੇ ਵਿਚ ਵਿਚਾਲੇ ਸਾਂਝੀ ਨਹੀਂ ਸੀ। ਉਸ ਦਾ ਕੋਈ ਵੀ ਵਾਕ ਮੇਰੇ ਤੱਕ ਨਿਰਵਿਘਨ ਨਹੀਂ ਪਹੁੰਚਦਾ ਸੀ। ਉਸ ਦੀ ਕੋਈ ਵੀ ਗੱਲ, ਮੇਰੀ ਸੋਚ ਨੂੰ ਹੋਰ ਹੀ ਪਾਸੇ ਲੈ ਜਾਂਦੀ। ਕਿਸੇ ਵੀ ਗੱਲ ਦਾ ਸਿੱਧਾ ਪਾਸਾ ਮੇਰੇ ਲਈ ਮੁਸੀਬਤ ਬਣਦਾ ਜਾ ਰਿਹਾ ਸੀ। ਉਸ ਦੇ ਕਹੇ ਸ਼ਬਦਾਂ ਦੇ ਕੀ ਮਤਲਬ ਹਨ, ਉਨ੍ਹਾਂ ਅਰਥਾਂ ਦਾ ਮੈਂ ਕੀ ਜੁਆਬ ਦੇਣਾ ਹੈ? ਹੌਲੀ ਹੌਲੀ ਮੈਂ ਮਹਿਸੂਸ ਕਰਨ ਲੱਗ ਪਿਆ ਕਿ ਇਹ ਡਰ ਮੇਰਾ ਆਪਣਾ ਹੈ। ਮੇਰਾ ਹੀ ਨਿੱਜ, ਰੁਕਾਵਟ ਹੈ। ਮੈਂ ਹੋਰ ਵੀ ਸਤਰਕ ਹੋ ਗਿਆ। ਆਪਣੇ ਪਾਣੀਆਂ ਨੂੰ ਨਿਰਮਲ ਕਰਨ ਦੇ ਮੇਰੇ ਉਪਰਾਲੇ, ਧਰਤੀ ਦੇ ਹਾਣਦੇ ਹੋਣ ਲੱਗੇ। ਨਿੱਕੇ ਨਿੱਕੇ ਹਾਸੇ, ਛੋਟੇ ਛੋਟੇ ਲਤੀਫੇ ਸੁਣਨ ਸੁਣਾਉਣ ਤੋਂ ਬਾਅਦ ਹਰੀ ਨੂੰ ਮਹਿਸੂਸ ਹੋ ਗਿਆ ਕਿ ਮੈਂ ਹਾਰਮਲੈਸ ਜੀਵ ਹਾਂ। ਔਰਤ ਤੇ ਘੜਾ ਲੈਣ ਲੱਗਿਆਂ ਵੀ ਟਣਕਾਕੇ ਵੇਖਦੀ ਹੈ ਪਰ ਹਰੀ ਨੇ ਮੈਨੂੰ ਟਣਕਾਉਂਣ ਵਿਚ ਕੁਝ ਜ਼ਿਆਦਾ ਹੀ ਵਕਤ ਲੈ ਲਿਆ ਜਾਂ ਇਹ ਸਮਝ ਲਵੋ ਕਿ ਮੇਰੇ ਹੀ ਘੜੇ ਦਾ ਸੰਗੀਤ ਲੈਅ ਵਿਚ ਆਉਣ ਲੱਗਿਆਂ ਕੁਝ ਸਮਾਂ ਲੈ ਗਿਆ। ਗੱਲਾਂ ਸੁਣਦੀ, ਗਹਿਰ ਗੰਭੀਰ ਵੀ ਹੋ ਜਾਂਦੀ ਪਰ ਪਰਨਾਲਾ ਉੱਥੇ ਦਾ ਉੱਥੇ, ਇੱਕ ਗੁੱਠੇ ਜਿਹੇ। ਫਿਰ ਇੱਕ ਦਿਨ ਮੇਰੀ ਕਹੀ ਗੱਲ ਨੇ ਉਸ ਦਾ ਟਣਕਾਉਂਣਾ ਸਮਾਪਤ ਕਰ ਦਿੱਤਾ।

ਹਰੀ ਨੇ ਫੋਨ ਕਰਕੇ ਮੈਨੂੰ ਟਿਮ ਹਾਰਟਨ ਸੱਦਿਆ ਸੀ। ਕਹਿਣ ਲੱਗੀ, "ਗੋਪੀ ਜੀ ਹਮਨੇ ਪੰਜ ਨੰਬਰ ਮਸ਼ੀਨ ਤੇ ਕੰਮ ਨਹੀਂ ਕਰਨਾ ਮੈ ਨਹੀਂ ਹੋਰ ਸੀਮਾ ਨਾਲ ਕੰਮ ਕਰ ਸਕਦੀ। ਉਹ ਨਿਰੀਪੁਰੀ ਗੁਆਰ ਹੈ।" ਸੀਮਾ ਤੇ ਹਰੀ ਦੇ ਹਮੇਸ਼ਾਂ ਸਿੰਗ ਫਸੇ ਰਹਿੰਦੇ। ਕਦੇ ਕਦੇ ਗੱਲ ਵਧ ਵੀ ਜਾਂਦੀ।

ਮੈਂ ਕਿਹਾ, " ਪਤਾ ਹਰੀ ਤੁਹਾਡੇ ਦੋਵਾਂ ਦੀ ਲੜਾਈ ਵਿਚ ਕਸੂਰ ਕਿਸ ਦਾ ਹੈ?"

"ਕਿਸ ਦਾ?"

"ਤੇਰਾ, ਸੌ ਫੀ ਸਦੀ ਤੇਰਾ। ਤੂੰ ਉਸ ਨੂੰ ਬਦਲਨਾ ਚਾਹੁੰਦੀ ਹੈਂ। ਤੇਰੇ ਦਿਮਾਗ ਵਿਚ ਕਿਤੇ ਨਾ ਕਿਤੇ ਇਹ ਗੱਲ ਬੈਠੀ ਹੈ ਕਿ ਉਹ ਤੇਰੇ ਵਾਂਗ ਸੋਚੇ, ਤੇਰੀ ਸੋਚ ਵਾਂਗ ਵਿਹਾਰ ਕਰੇ। ਤੇਰੇ ਵਾਂਗ ਉੱਠੇ ਬੈਠੇ। ਤੂੰ ਇਹ ਕਿਉਂ ਨਹੀਂ ਸੋਚਦੀ ਕਿ ਇਹ ਤੇਰੇ ਵਸ ਵਿਚ ਨਹੀਂ ਤੇ ਤੇਰਾ ਇਹ ਕੰਮ ਵੀ ਨਹੀਂ। ਇਨਸਾਨ ਨੂੰ ਸਮੁੱਚ ਵਿਚ ਲੈਣਾ ਚਾਹੀਦਾ ਹੈ। ਜਸਟ ਇਨ ਟੋਟੈਲਿਟੀ। ਅੱਧ ਪਚੱਧਾ ਨਹੀਂ। ਉਹ ਆਪਣੀਆਂ ਆਦਤਾਂ ਨਾਲ ਆਪਣੇ ਟੱਬਰ ਨਾਲ ਜੀ ਰਹੀ ਹੈ, ਬੱਚੇ ਪਾਲ ਰਹੀ ਹੈ, ਸਮਾਜ ਵਿਚ ਵਿਚਰ ਰਹੀ ਹੈ ਤੇ ਵਿਚਰਨ ਦੇ। ਉਹਦੇ ਇਰਾਦੇ ਬਦਲਣ ਦੀ ਤੈਨੂੰ ਕੀ ਜ਼ਰੂਰਤ ਹੈ। ਤੂੰ ਉਹਦੀ ਗਾਈਡ ਬਣਨ ਦੀ ਕੋਸ਼ਿਸ਼ ਨਾ ਕਰ। ਜਿਸ ਦਿਨ ਤੇਰਾ ਗਾਈਡ ਬਣਨ ਦਾ ਇਰਾਦਾ ਬਦਲ ਗਿਆ ਤੁਹਾਡੀ ਲੜਾਈ ਖ਼ਤਮ ਹੋ ਜਾਇਗੀ, ਤੇਰਾ ਕੰਮ ਅਡਜਸਟ ਕਰਨਾ ਹੈ।"

ਉਹਦੋਂ ਹੀ ਫ਼ੋਨ ਦੀ ਘੰਟੀ ਵੱਜੀ। ਹਰੀ ਨੇ ਫੋਨ ਖੋਲ੍ਹ ਕੇ ਹੈਲੋ ਕਿਹਾ। " ਹਾਂ ਮੈਂ ਟਿਮ ਹਾਰਟਨ ਹਾਂ, ਕਾਫੀ ਪੀਣ ਗੋਪੀ ਭਾਜੀ ਨਾਲ। ਮੈਂ ਪਹੁੰਚ ਜਾਵਾਂਗੀ।" ਹਰੀ ਨੇ ਫੋਨ ਫੋਲਡ ਕਰਕੇ ਪਰਸ ਵਿਚ ਪਾ ਲਿਆ।

"ਕੀਹਦਾ ਫੋਨ ਸੀ?"

"ਪਰਮਿੰਦਰ ਦਾ।" ਇੱਕ ਵਾਰੀ ਤਾਂ ਮੈਂ ਥਿੜਕ ਗਿਆ, ਸੋਚਿਆ ਕੀ ਸੋਚਦਾ ਹੋਵੇਗਾ?

"ਹਾਂ ਤੇ ਤੁਸੀਂ ਜੋ ਕਿਹਾ ਉਹੋ ਠੀਕ ਹੈ। ਹੁਣ ਮੇਰੀ ਸਮਝ ਵਿਚ ਆ ਗਿਆ ਹੈ ਸਰ ਜੀ। ਸੀਮਾ ਨਾਲ ਮੈਂ ਹੁਣ ਨਹੀਂ ਲੜਦੀ ਸਰ ਜੀ।"

"ਬਸ ਇਤਨੀ ਹੀ ਗੱਲ ਹੈ।" ਮੈਂ ਆਪਣੀ ਗੱਲ ਦੀ ਤਾਮੀਰ ਨਪਵਾ ਕੇ ਖੁਸ਼ ਹੋਇਆ।

"ਪਰ ਕੀ ਤੁਸੀਂ ਵੀ ਕਦੇ ਮੈਨੂੰ ਬਦਲਣ ਦੀ ਕੋਸ਼ਿਸ਼ ਕਰ ਸਕਦੇ ਹੋ?"

"ਹਰਗਿਜ਼ ਨਹੀਂ। ਮੈਂ ਸਮੁੱਚ ਵਿਚ ਵਿਸ਼ਵਾਸ਼ ਰੱਖਦਾ ਹਾਂ।"

"ਪਰ ਤੁਹਾਡੇ ਸਮੁੱਚੇ ਵਿਸ਼ਵਾਸ਼ ਦਾ ਪੁੱਠਾ ਪਾਸਾ ਵੀ ਤੇ ਹੋ ਸਕਦਾ ਹੈ।"

"ਗੱਲ ਸਿੱਧੇ ਜਾਂ ਪੁੱਠੇ ਦੀ ਨਹੀਂ। ਗੱਲ ਦੋਸਤੀ ਦੀ ਹੈ। ਹਰੀ ਦੀ ਦੋਸਤੀ ਦੀ।"

"ਤੇ ਜੇ ਹਰੀ ਤੇ ਦੋਸਤੀ ਦੋ ਗੱਲਾਂ ਹੋਣ?"

"ਫਿਰ ਵੀ ਨਹੀਂ।"

"ਸੋਚ ਲਵੋ।"

"ਹਰੀ ਇੱਕ ਗੱਲ ਦਸਾਂ, ਕਦੇ ਕਦੇ ਮੈਨੂੰ ਲੱਗਦਾ ਹੈ ਤੂੰ ਜਿਤਨੀ ਸੋਹਣੀ ਹੈਂ ਉਤਨੀ ਸਿਆਣੀ ਨਹੀਂ। ਪਰ ਮੈਨੂੰ ਸਿਆਣਪ ਨਾਲ ਕੋਈ ਸਰੋਕਾਰ ਨਹੀਂ। ਮੈਨੂੰ ਤੇ ਦੋਸਤੀ ਨਾਲ ਮਤਲਬ ਹੈ ਤੇ ਜਿਸ ਦਾ ਨਾਮ ਹਰੀ ਹੈ। ਦਰਅਸਲ ਦੋਸਤੀ ਵਿਚ ਸਿਆਣਪ ਹੋਣੀ ਹੀ ਨਹੀਂ ਚਾਹੀਦੀ।"

"ਕਦੇ ਸੋਹਣੀ ਕਦੇ ਮੋਹਣੀ, ਤੁਸੀਂ ਦੋਸਤੀ ਦੀ ਆੜ ਵਿਚ ਕਿਤੇ ਪਜੈਸਿਵ ਤੇ ਨਹੀਂ ਹੁੰਦੇ ਜਾ ਰਹੇ?"

"ਪਜੈਸਿਵ ਹੋ ਕੇ ਮੈਨੂੰ ਕੀ ਮਿਲੇਗਾ? ਵਧ ਤੋਂ ਵਧ ਇੱਕ ਪੱਪੀ ਜਾਂ ਦੋ ਜਾਂ ਤਿੰਨ। ਤਿੰਨ ਚੁੰਮੀਆਂ ਪਿੱਛੇ ਮੈਂ ਆਪਣਾ ਦੋਸਤ ਤੇ ਨਹੀਂ ਗਵਾਉਣ ਲੱਗਾ।"

"ਵਾਰੇ ਵਾਰੇ ਜਾਈਏ ਤੁਹਾਡੇ ਇਸ਼ਾਰਿਆਂ ਦੇ।"

"ਵਾਰੇ ਵਾਰੇ ਜਾਉ ਮੈਂ ਕਦੋਂ ਮਨ੍ਹਾਂ ਕਰਦਾ ਹਾਂ। ਬਹੁਤ ਗੁਣੀ ਗਿਆਨੀ, ਰੁੜੇ ਗੜੇ ਵੀ ਇਸ ਪਜੈਸਿਵਪੁਣੇ ਤੋਂ ਮੁਕਤ ਨਹੀਂ ਹਨ। ਕਹਿਣ ਨੂੰ ਤੇ ਜੋ ਮਰਜ਼ੀ ਕਹਿ ਲਵੋ ਪਰ ਨਬੇੜੇ ਤਾਂ ਜਾਚ ਨਾਲ ਹੀ ਹੁੰਦੇ ਹਨ। ਨੱਚਣ ਦਾ ਚੱਜ ਹੋਵੇ ਤਾਂ ਹੀ ਸੰਗੀਤ ਦੀ ਇੱਜ਼ਤ ਹੁੰਦੀ ਹੈ। ਇੱਕ ਕਰੈਕਟਰ ਦੀ ਗੱਲ ਤੈਨੂੰ ਸੁਣਾਉਂਦਾ ਹਾਂ।

ਉਹ ਭਲਾਮਾਣਸ ਔਰਤ ਦੀ ਇਜ਼ਤ ਹੀ ਨਹੀਂ ਕਰਦਾ ਬਲਕਿ ਔਰਤਾਂ ਤੇ ਹੋਣ ਵਾਲੇ ਇਨਵਿਜ਼ਿਬਲ ਜ਼ੁਲਮਾਂ ਦੀਆਂ ਕਹਾਣੀਆਂ ਵੀ ਪਾਉਂਦਾ ਹੈ। ਗਿਆਨਵਾਨ ਹੈ। ਔਰਤਜ਼ਾਤ ਦੀਆਂ ਨਾਇਕਾਵਾਂ ਦੀਆਂ ਕਿਤਨੀਆਂ ਹੀ ਉਦਾਹਰਣਾਂ ਹਨ ਜੋ ਪਤੀ ਦੇ ਸਾਏ ਵਿਚ ਰਹਿਕੇ ਨੱਢੀਆਂ ਹੀ ਰਹਿੰਦੀਆਂ ਹਨ ਵੱਡੀਆਂ ਨਹੀਂ ਹੁੰਦੀਆਂ। ਪਤੀ ਦੇ ਸਾਏ ਤੋਂ ਬਾਹਰ ਆ ਕੇ ਸੋਚ ਵੀ ਨਹੀਂ ਸਕਦੀਆਂ। ਆਪਣੇ ਮਰਦ ਦੀ ਇੱਜ਼ਤ ਕਰਦੀਆਂ ਕਰਦੀਆਂ ਆਪਣਾ ਵੱਖਰਾ ਸਰੂਪ ਹੀ ਗੁਆ ਬੈਠਦੀਆਂ ਹਨ। ਸਾਡੇ ਘਰ ਬੈਠਿਆਂ ਔਰਤਾਂ ਇੱਕਠੀਆਂ ਹੋ ਕੇ ਮਾਲ ਨੂੰ ਗਈਆਂ ਪਰ ਇੱਕ ਨਹੀਂ ਗਈ ਜੋ ਨਹੀਂ ਗਈ ਉਹ ਮੁੱਕਤ ਸੀ ਆਪਣੇ ਆਪ ਤੋਂ। ਆਪਣੇ ਨਾਮ ਤੋਂ ਅਨਜਾਣ ਉਹ ਸਿਰਫ਼ ਮਿਸਿਜ਼ ਸੀ। ਪਰਮੇਸ਼ਰ ਨੇ ਰੋਟੀ ਤੋਂ ਬਾਅਦ ਦੋ ਵਜੇ ਚਾਹ ਪੀਣੀ ਸੀ। ਕੋਈ ਦੁਵਾਈ ਦਵੂਈ ਖਾਣੀ ਸੀ। ਬੇਵਕੂਫ ਤੋਂ ਬੇਵਕੂਫ਼ ਬੰਦਾ ਵੀ ਚਾਹ ਬਨਾਉਣ ਵਰਗਾ ਨਖਿੱਧ ਕੰਮ ਕਰ ਸਕਦਾ ਹੈ। ਜੋ ਚਾਹ ਵੀ ਨਹੀਂ ਬਣਾ ਸਕਦਾ ਉਸ ਨੂੰ ਤੇ ਵਿਆਹ ਵੀ ਨਹੀਂ ਕਰਵਾਉਂਣਾ ਚਾਹੀਦਾ। ਪਰ ਉਹਨਾਂ ਦੇ ਪਿਆਰ ਦੀ ਇੰਤਹਾ ਸ਼ਾਹਜਹਾਨ-ਮੁਮਤਾਜ਼ ਦੇ ਇਸ਼ਕ ਨੂੰ ਮਾਤ ਪਾ ਰਹੀ ਸੀ।"

"ਸਰ ਜੀ, ਗੁਸਤਾਖੀ ਮੁਆਫ਼ ਤੁਹਾਡੀ ਗੱਲ ਟੋਕੀ ਇਹ ਪਿਆਰ ਤੇ ਇਸ਼ਕ ਵਿਚ ਫ਼ਰਕ ਕੀ ਹੁੰਦਾ ਹੈ?"

"ਜਦੋਂ ਪਿਆਰ ਨੂੰ ਬੁਖਾਰ ਚੜ੍ਹ ਜਾਏ। ਤਾਪਮਾਨ ਵਸੋਂ ਬਾਹਰ ਜੋ ਜਾਏ। ਨਜ਼ਰ ਕਮਜ਼ੋਰ ਹੋ ਜਾਏ ਤੇ ਉਹੋ ਕੁਝ ਦਿਸੇ ਜਿਸਨੂੰ ਦੇਖਣ ਲਈ ਦਿਲ ਕਰੇ।"

"ਇਹ ਕੀ ਗੱਲ ਹੋਈ ਭਲਾ, ਹਮਨੇ ਨਹੀਂ ਸਮਝੀ?"

"ਬੱਸ ਇਹੋ ਤੇ ਗੱਲ ਹੈ। ਸਭ ਕੁਝ ਜਾਣਦਿਆਂ ਬੁਝਦਿਆਂ ਵੀ ਸੱਚ ਨਹੀਂ ਬੋਲਦੇ। ਕਬਜ਼ੇ ਨੂੰ ਹੀ ਇਸ਼ਕ ਦਾ ਨਾਮ ਦੇਈ ਜਾਂਦੇ ਹਨ। ਬੁੱਲੇ ਨੇ ਵੀ ਇਸ਼ਕ ਕੀਤਾ ਸੀ। ਉਸ ਦਾ ਇਸ਼ਕ ਸਾਰੇ ਜਾਣਦੇ ਹਨ। ਕੌਣ ਲਾਟ ਦੀ ਅੱਖ ਵਿਚ ਅੱਖ ਪਾਵੇ। ਝੂਠ ਬੋਲੇ ਕਊਆ ਕਾਟੇ।... ਪਰ ਇਹ ਝੂਠ ਬੋਲਦੇ ਕਦੋਂ ਹਨ? ਇਹਨਾਂ ਦੀ ਦਲੀਲ ਦੀ ਖਿੜਕੀ ਹੋਰ ਹੁੰਦੀ ਹੈ। ਇਹਨਾਂ ਕੋਲ ਹਜ਼ਾਰਾਂ ਖਿੜਕੀਆਂ ਹੁੰਦੀਆਂ ਹਨ। ਜਿਸ ਖਿੜਕੀ ਵਿਚੋਂ ਠੰਢੀ ਹਵਾ ਆਏ, ਉਹੋ ਸੱਚ।" ਝੂਠ ਬੋਲਣ ਦੀ ਲੋੜ ਤਾਂ ਸੱਚੇ ਆਦਮੀ ਨੂੰ ਹੁੰਦੀ ਹੈ। ਝੂਠ ਤਾਂ ਉਹ ਹੁੰਦਾ ਹੈ ਜਿਸ ਦਾ ਪਤਾ ਹੋਵੇ ਕਿ ਉਹ ਝੂਠ ਹੈ ਜਿਸ ਦਾ ਪਤਾ ਨਹੀਂ ਉਹ ਸਭ ਸੱਚ ਹੈ।"

"ਪਰ ਇਸ ਝੂਠ ਸੱਚ ਦਾ ਨਿਤਾਰਾ ਕਿਤੇ ਤਾਂ ਨਿੱਤਰਦਾ ਹੀ ਹੋਊ?" ਹੀਰੀ ਨੇ ਆਪਣੀ ਚੀਚੀ ਦੇ ਨੌਂਹ ਨੂੰ ਦੰਦਾਂ ਥੱਲੇ ਦਬਦਿਆਂ ਕਿਹਾ।

"ਇਸ ਕਰਕੇ ਤਾਂ ਮੈਂ ਤੈਨੂੰ ਕਹਿਨੈ ਮਿਲਦੀ ਰਿਹਾ ਕਰ।"

"ਚਲੋ ਛੱਡੋ ਪਰਾਂ, ਮੇਰੇ ਮਿਲਣ ਜਾਂ ਨਾ ਮਿਲਣ ਦੀ ਗੱਲ, ਤੁਸੀਂ ਸ਼ਾਹਜਹਾਨ ਬਾਰੇ ਕੁਝ ਕਹਿ ਰਹੇ ਸੀ।"

"ਹਾਂ ਤੇ ਮੈਂ ਕਿਹਾ ਸੀ ਕਿ ਸ਼ਾਹਜਹਾਨ ਨੂੰ ਚਾਹ ਬਨਾਉਣੀ ਨਹੀ ਆਉਂਦੀ ਸੀ।"

"ਨਹੀਂ ਨਹੀਂ ਗੋਪੀ ਜੀ, ਤੁਸੀਂ ਭੁਲਦੇ ਹੋ। ਤੁਸੀਂ ਕਿਹਾ ਸੀ ਕਿ ਸ਼ਾਹਜਹਾਨ ਨਖਿੱਧ ਸੀ। ਹਮਨੇ ਆਪ ਇਨ੍ਹਾਂ ਗੁਨਾਹਗਾਰ ਕੰਨਾਂ ਨਾਲ ਸੁਣਿਆ ਹੈ।"

"ਨਹੀਂ ਸ਼ਾਹਜਹਾਨ ਨਖਿੱਧ ਨਹੀਂ ਸੀ। ਜੇ ਉਹ ਇਤਨਾ ਹੀ ਨਿੰਕਮਾ ਹੁੰਦਾ ਤਾਂ ਬਾਦਸ਼ਾਹ ਕਿਵੇਂ ਬਣਦਾ। ਮੇਰਾ ਨਹੀਂ ਖਿਆਲ ਉਹਨੇ ਕਦੇ ਵੀ ਆਪਣੀ ਮੁਮਤਾਜ ਨੂੰ ਹੁਕਮ ਕਰਕੇ ਕਿਹਾ ਹੋਵੇ, ਏਹ ਜੀ ਸੋਹਣਿਓ, ਮੈਨੂੰ ਦੋ ਵਜੇ ਚਾਹ ਚਾਹੀਦੀ ਹੈ। ਢਾਈ ਵਜੇ ਮੈਂ ਦਰਬਾਰ ਲਾਉਂਣਾ ਹੈ। ਇਹ ਤੇ ਮਕਬਰਾ ਹੀ ਐਸਾ ਬਣਾਉਂਦੇ ਹਨ ਜੋ ਸੋਹਣਾ ਲੱਗੇ। ਮਕਬਰਾ ਕਿਸ ਤਰ੍ਹਾਂ ਬਣਿਆ, ਉਸ ਮਕਬਰੇ ਵਿਚ ਮੁਮਤਾਜ ਦੀਆਂ ਕਿਤਨੀਆਂ ਖਾਹਿਸ਼ਾਂ ਦਫ਼ਨ ਹਨ? ਇਸ ਦਾ ਹਿਸਾਬ ਉਹਨਾਂ ਕਿਸੇ ਨੂੰ ਨਹੀਂ ਦੇਣਾ, ਨਾ ਮੁਮਤਾਜ ਨੂੰ ਤੇ ਨਾ ਪਰਜਾ ਨੂੰ। ਅਸਲ ਵਿਚ ਹਕੂਮਤ ਕਰਦਿਆਂ, ਇਹ ਹਿਸਾਬ ਉਹਨਾਂ ਨੂੰ ਖੁਦ ਵੀ ਪਤਾ ਨਹੀਂ ਹੁੰਦਾ।"

"ਇਹ ਸਰ ਜੀ, ਕਮਾਲ ਦੀ ਗੱਲ ਕੀਤੀ ਤੁਸੀਂ, ਦਿਲ ਕਰਦਾ ਹਮਰੀ ਉਮਰ ਤੁਹਾਡੇ ਜਿਤਨੀ ਹੋ ਜਾਏ।"

"ਫ਼ਿਰ ਕੀ ਹੋਊ?"

"ਇਹ ਤੇ ਜੀ ਬਾਬਿਓ ਪਤਾ ਨਹੀਂ ਪਰ ਸੋਚਣ ਵਿਚ ਕੀ ਪਰਾਬਲਮ ਹੈ।"

"ਇਹ ਹਰੀ, ਤੇਰਾ ਪਰਮਿੰਦਰ ਕਿਸ ਤਰ੍ਹਾਂ ਦਾ ਹੈ? ਸ਼ਾਹਜਹਾਨ ਵਰਗਾ ਜਾਂ ਥੋੜ੍ਹਾ ਘੱਟ-ਵਧ?"

"ਬਹੁਤ ਚੰਗਾ ਹੈ, ਦੋਸਤ ਹੈ, ਮੇਰੇ ਸਰੀਰ ਦਾ ਮਾਲਕ ਹੈ। ਮੇਰੇ ਤੇ ਯਕੀਨ ਕਰਦਾ ਹੈ। ਕਦੇ ਵੀ ਦੋ ਵਜੇ ਚਾਹ ਨਹੀਂ ਮੰਗਦਾ।"

ਰਾਤ ਦੇ ਦੋ ਵਜੇ ਵੀ ਨਹੀਂ?"

"ਨਹੀਂ, ਰਾਤ ਦੇ ਦੋ ਵਜੇ ਵੀ ਨਹੀਂ।" ਹਰੀ ਨੇ ਬਹੁਤ ਹੀ ਗੰਭੀਰ ਹੋ ਕੇ ਕਿਹਾ। ਉਸ ਦੀ ਅਵਾਜ਼ ਵਿਚ ਕਹਿਰਾਂ ਦੀ ਉਦਾਸੀ ਸੀ। ਐਸੀ ਉਦਾਸੀ ਜੋ ਉਸ ਦੀਆਂ ਅੱਖਾਂ ਵਿਚ ਤਲਾਸ਼ ਬਣਕੇ ਸਾਰੇ ਸੰਸਾਰ ਦੀ ਖੋਜ ਕਰ ਰਹੀ ਸੀ।

"ਫਿਰ ਤੇ ਮਾੜੀ ਗੱਲ ਹੈ।" ਮੈਂ ਆਪਣੇ ਸ਼ਬਦਾਂ ਬਾਰੇ ਸੋਚਣ ਲਈ ਮਜਬੂਰ ਹੋ ਗਿਆ। ਐਸੀ ਉਦਾਸੀ ਨੂੰ ਕੋਈ ਵੀ ਅਣਤੁਲਿਆ ਸ਼ਬਦ ਬੇਮੇਚ ਹੋ ਸਕਦਾ ਸੀ।

"ਮਾੜੀ ਵਰਗੀ ਮਾੜੀ, ਮੈਂ ਤੇ ਚਾਹੁੰਦੀ ਹਾਂ ਉਹ ਮੇਰੇ ਤੋਂ ਚਾਹ ਮੰਗੇ। ਰੋਟੀ ਮੰਗੇ, ਮੈਨੂੰ ਕਹੇ ਮੇਰੇ ਬੂਟ ਪਾਲਿਸ਼ ਕਰ। ਮੈਨੂੰ ਕਹੇ ਮੇਰੇ ਪੈਰਾਂ ਦੇ ਨੌਂਹ ਕੱਟ ਜਾਂ ਕਹੇ ਜਦੋਂ ਤੱਕ ਮੈਂ ਕੱਪੜੇ ਪਾਵਾਂ ਬਾਹਰ ਜਾਕੇ ਕਾਰ ਸਟਾਰਟ ਕਰ। ਕਾਰ ਦੀ ਸਨੋ ਸਾਫ਼ ਕਰਨ ਦੇ ਬਹਾਨੇ ਮੈਂ ਉਸ ਦਾ ਕਾਰ ਵਿਚ ਪਾਇਆ ਗੰਦ ਵੀ ਸਾਫ ਕਰਾਂ। ਸ਼ਾਮ ਨੂੰ ਆ ਕੇ , ਸਾਫ ਕਾਰ ਦੀ ਗਾਥਾ ਪਾਉਂਦਾ ਉਹ ਮੇਰਾ ਮੂੰਹ ਚੁੰਮੇ। ਅਗਲੇ ਦਿਨ ਮੈਨੂੰ ਫਿਰ ਉਸ ਚੁੰਮੀ ਦੀ ਇੰਤਜ਼ਾਰ ਹੋਵੇ। ਇਸ ਚੁੰਮੀ ਦੀ ਖਾਤਰ ਮੈਂ ਉਸ ਦਾ ਘਾਹ ਕੱਟਾਂ। ਮੈਂ ਭਲਾ ਆਪਣਾ ਸਮਝਕੇ ਘਾਹ ਕਿਉਂ ਕਟਾਂ? ਮੈਂ ਤਾਂ ਚਾਹੁੰਦੀ ਹਾਂ, ਮੈਂ ਤਾਂ ਚਾਹੁੰਦੀ ਹਾਂ ਜਦੋਂ ਉਹ ਸ਼ਰਾਬ ਪੀਵੇ ਮੇਰੇ ਕੋਲੋਂ ਆਈਸ ਮੰਗੇ। ਕਦੇ ਕਦੇ ਗੁੱਸੇ ਵਿਚ ਆ ਕੇ ਨਸ਼ੇ ਦੇ ਲੋਰ ਵਿਚ ਮੇਰੇ ਥੱਪੜਮਾਰੇ। ਫਿਰ ਸਵੇਰੇ ਉੱਠ ਕੇ ਮੇਰੇ ਕੋਲੋਂ ਮੁਆਫੀ ਮੰਗੇ।" ਹਰੀ ਗੱਲਾਂ ਕਰਦੀ ਕਰਦੀ ਭਾਵਕ ਹੋ ਕੇ ਰੋਣ ਲੱਗ ਪਈ।

ਮੇਰੀ ਸਮਝ ਵਿਚ ਕੁਝ ਨਹੀਂ ਆ ਰਿਹਾ ਸੀ। ਅਸੀਂ ਦੋਵੇਂ ਦੋਸਤ ਨਦੀ ਦੇ ਦੋ ਕਿਨਾਰਿਆਂ ਵਾਂਗ ਬੈਠੇ ਸਾਂ। ਮੈਂ ਆਪਣੀ ਹੀ ਗੱਲ ਨੂੰ ਉਲਟਾਉਣਾ ਨਹੀਂ ਚਾਹੁੰਦਾ ਸੀ। ਦੋਸਤ ਨੂੰ ਬਦਲਣ ਦੀ ਕੋਸ਼ਿਸ਼ ਨੈਤਿਕਤਾ ਨਹੀਂ ਸੀ। ਜਿਹਨਾਂ ਮਕਬਰਿਆਂ ਦੀਆਂ ਗੱਲਾਂ ਕਰਕੇ ਮੈਂ ਹਰੀ ਨੂੰ ਖੁਸ਼ ਕਰਨ ਦਾ ਭਰਮ ਪਾਲ ਰਿਹਾ ਸੀ ਹਰੀ ਤਾਂ ਉਹਨਾਂ ਹੀ ਮਕਬਰਿਆਂ ਵਿਚ ਦਫਨ ਹੋਣ ਵਿਚ ਆਪਣੀ ਖੁਸ਼ੀ ਭਾਲ ਰਹੀ ਸੀ। ਮਕਬਰੇ ਦੇ ਭੋਰੇ ਵਿਚ ਜਾਣ ਵਾਲੀਆਂ ਪੌੜੀਆਂ ਦੀ ਤਲਾਸ਼ ਕਰਦੀ ਕੁੜੀ ਦਾ ਭੂਤ, ਨੰਗ ਮਨੰਗਾ ਸੀ ਜਾਂ ਉਸ ਨੇ ਕਿਸੇ ਤਰਾਂ ਦਾ ਕੋਈ ਮਹਿੰਗਾ ਲਿਬਾਸ ਪਾਇਆ ਹੋਇਆ ਸੀ। ਮੈਂ ਉੱਠਣਾ ਹੀ ਬੇਹਤਰ ਜਾਣਿਆਂ।

ਘਰ ਆ ਕੇ ਮੈਂ ਡੂੰਘੀ ਸੋਚ ਵਿਚ ਪੈ ਗਿਆ। ਮੈਂ ਠੀਕ ਸੀ ਜਾਂ ਹਰੀ ਠੀਕ ਸੀ ਜਾਂ ਅਸੀਂ ਦੋਵੇਂ ਠੀਕ ਸਾਂ? ਮੈਂ ਹਰੀ ਦੇ ਵਿਚਾਰਾਂ ਨੂੰ ਫਿਰ ਘੋਖਣਾ ਸ਼ੁਰੂ ਕੀਤਾ। ਗੱਲਾਂ ਵਿਚ ਲਈਆਂ ਖੁਲ੍ਹਾਂ ਨੂੰ ਨਾਪਿਆ ਪਰ ਮੇਰੇ ਹੱਥ ਪੱਲੇ ਕੁਝ ਨਾ ਪਿਆ। ਹਰੀ ਦੀਆਂ ਪਰਤਾਂ ਵਿਚ ਪਈ ਜੁਆਲਾਮੁਖੀ ਵਿਚ ਕਿਹੜੀ ਅੱਗ ਸੀ। ਉਸ ਅੱਗ ਦਾ ਸੇਕ ਕਿਹੋ ਜਿਹਾ ਭੋਜਨ ਚਾਹੁੰਦਾ ਹੈ? ਕਿਤਨੇ ਹੀ ਸੁਆਲਾਂ ਨੇ ਮੈਨੂੰ ਘੇਰ ਲਿਆ।

ਇਹਨਾਂ ਸੁਆਲਾਂ ਵਿਚ ਘਿਰੇ, ਮੈਨੂੰ ਹਰੀ ਦੇ ਅੰਗ ਮਘਦੇ ਦਿਸਣ ਲੱਗੇ। ਮੈਨੂੰ ਪਤਾ ਹੀ ਨਹੀਂ ਚੱਲਿਆ ਕਦੋਂ ਮੇਰੇ ਖਿਆਲਾਂ ਵਿਚ ਹਰੀ ਦਾ ਸਰੀਰ ਅੰਗੜਾਈ ਲੈਣ ਲੱਗਾ। ਮੇਰੇ ਅੰਦਰ ਬੈਠਾ ਮੁੰਡਾ ਜਾਗ ਰਿਹਾ ਸੀ। ਉਸ ਦੀਆਂ ਮਾਰੀਆਂ ਕੂਹਣੀਆਂ ਮੈਨੂੰ ਸੁਣਾਈ ਦੇਣ ਲੱਗੀਆਂ। 'ਹਰੀ ਨੂੰ ਮਰਦ ਚਾਹੀਦਾ ਹੈ ਕਮਲਿਆ, ਮੇਰੇ ਮੁੰਡੇ ਨੇ ਲਲਕਾਰਾ ਮਾਰਿਆ। ਮੌਕਾ ਨਾ ਗਵਾ। ਔਰਤ ਸਦਾ ਤੋਂ ਮਧੋਲ ਹੋਣਾ ਪਸੰਦ ਕਰਦੀ ਆਈ ਹੈ। ਇਹੋ ਹਰੀ ਦੀ ਬਿਮਾਰੀ ਹੈ। ਕਰਦੇ ਉਹਦਾ ਇਲਾਜ। ਹੋਰ ਹਰ ਮੌਕੇ ਭੱਜੀ ਕਾਹਤੋਂ ਆਉਂਦੀ ਹੈ?' ਮੇਰੇ ਅੰਦਰਲੇ ਮੂਰਛਿਤ ਬਿੱਛੂ, ਡੰਗ ਮਾਰ ਮਾਰ ਮੈਨੂੰ ਬੇਹਾਲ ਕਰ ਰਹੇ ਸਨ।

'ਨਹੀਂ ਇਹ ਠੀਕ ਨਹੀ ਮੇਰੇ ਆਪਣੇ ਵੀ ਕੁਝ ਵੇਗ ਹਨ ਕਿ ਨਹੀਂ। ਚੱਲ ਛੱਡ ਇਹਨਾਂ ਵੇਗਾਂ ਵੂਗਾਂ ਨੂੰ, ਟੋਹ ਕੇ ਤੇ ਵੇਖ।' ਮੇਰਾ ਅੰਦਰਲਾ ਆਪਾ, ਮੇਰੇ ਆਪਣੇ ਸਿਰਜੇ ਅਸੂਲਾਂ ਦੇ ਲੈਂਟਰ ਤੇ ਮਣਾਂ ਮੂੰਹੀਂ ਭਾਰ ਸੁਟ ਰਿਹਾ ਸੀ। ਆਖਰ ਲੈਂਟਰ ਵਿਚ ਤਰੇੜ ਆ ਹੀ ਗਈ ਤੇ ਮੈਂ ਕੁਝ ਸੋਚ ਲਿਆ। ਬੰਦੇ ਦੇ ਬਣਾਏ ਰੱਬ ਨੇ ਮੈਨੂੰ ਕਿਹਾ, ਜੋੜੀਆਂ ਤਾਂ ਰੱਬ ਬਣਾਉਂਦਾ ਹੈ, ਧਰਤੀ ਤੇ ਤਾਂ ਸਿਰਫ਼ ਜਸ਼ਨ ਹੁੰਦਾ ਹੈ।

ਅੱਜ ਹੀਰੀ ਨੂੰ ਫੋਨ ਕਰਦਿਆਂ ਮੇਰਾ ਦਿਲ ਘਬਰਾ ਰਿਹਾ ਸੀ। ਸਿਆਣੀ ਕੁੜੀ ਹੈ, ਨਾਂਹ ਵੀ ਕਰੇਗੀ ਤਾਂ ਸਿਆਣਪ ਨਾਲ ਹੀ ਕਰੇਗੀ। ਵੈਸੇ ਐਸਾ ਮੌਕਾ ਨਾਂ ਹੀ ਆਵੇ ਤਾਂ ਚੰਗਾ। ਆਰ ਜਾਂ ਪਾਰ।

"ਜੀ ਸਰ ਜੀ।" ਹੀਰੀ ਨੇ ਫੋਨ ਚੁੱਕ ਲਿਆ। ਮੈਂ ਕੁਝ ਵੀ ਨਾ ਬੋਲ ਸਕਿਆ।

"ਹੈਲੋ ਹੈਲੋ ਅਵਾਜ਼ ਨਹੀਂ ਆ ਰਹੀ ਸਰ ਜੀ।"

ਸਰ ਬੋਲੂ ਤਾਂ ਅਵਾਜ਼ ਆਊ ਐਵੇਂ ਕਿਵੇਂ ਅਵਾਜ਼ ਆਊ।

"ਹੀਰੀ ਅੱਜ ਸ਼ਾਮ ਨੂੰ ਚਿੱਟਾ ਸੂਟ ਪਾ ਕੇ ਟਿਮ ਹਾਰਟਨ ਪਹੁੰਚ ਜਾਵੀਂ। ਨੋ ਜੀਨਜ਼ ਪਲੀਜ਼।"

ਹਰੀ ਹੱਸਣ ਲੱਗ ਪਈ। " ਓ ਕੇ ਸਰ ਜੀ, ਹਮਨੇ ਅੱਜ ਜੀਨ ਨਹੀਂ ਪਾਉਂਣੀ, ਮੈਂ ਆ ਜਾਵਾਂਗੀ।"

ਸ਼ਾਮ ਨੂੰ ਹਰੀ ਹਰੇ ਸੂਟ ਵਿਚ ਕਾਰ ਵਿਚੋਂ ਉੱਤਰਕੇ ਟਿਮ ਹਾਰਟਨ ਵੱਲ ਆ ਰਹੀ ਸੀ। ਆਉਂਦਿਆਂ ਹੀ ਹੱਸਣ ਲੱਗ ਪਈ।

"ਇਹ ਚਿੱਟੇ ਸੂਟ ਦੀ ਕੀ ਕਹਾਣੀ ਹੈ?" ਉਹ ਆਉਂਦਿਆਂ ਹੀ ਬੋਲੀ।

"ਬੱਸ ਐਵੇਂ ਹੀ, ਅੱਜ ਸ਼ਾਂਤੀ ਵਾਲਾ ਦਿਨ ਹੈ। ਜਵਾਹਰ ਲਾਲ ਨੈਹਰੂ ਦਾ ਜਨਮ ਦਿਨ। ਮੈਂ ਸੋਚਿਆ ਸ਼ਾਂਤੀ ਦੇ ਦਰਸ਼ਨ ਕਰ ਲਈਏ। ਪਰ ਤੂੰ ਪਾਇਆ ਕਿਉਂ ਨਹੀਂ?"

"ਮੈਂ ਸੋਚਿਆ, ਸਰ ਜੀ ਐਵੇਂ ਮਜ਼ਾਕ ਕਰਦੇ ਹਨ। ਪਰਮਿੰਦਰ ਵੀ ਸੁਣਕੇ ਬਹੁਤ ਹੱਸਿਆ।

"ਕੀ ਪਰਮਿੰਦਰ ਨੂੰ ਵੀ ਦਸਿਆ ਤੂੰ?"

"ਹੋਰ ਕੀ ਤੁਹਾਡੇ ਤੋਂ ਬਾਅਦ ਉਹਦਾ ਫੋਨ ਆ ਗਿਆ। ਪੁੱਛਦਾ ਸੀ, ਕੀ ਕਰਦੀ ਹੈਂ? ਮੈਂ ਕਿਹਾ ਚਿੱਟਾ ਸੂਟ ਲੱਭਦੀ ਹਾਂ ਸਰ ਜੀ ਦੀ ਫਰਮਾਇਸ਼ ਹੈ। ਕਹਿੰਦਾ ਚਿੱਟਾ ਸੂਟ ਨਾ ਪਾਈਂ, ਉਹ ਪਤਲਾ ਬੜਾ, ਐਵੇਂ ਡਲਕਾਂ ਮਾਰੇਂਗੀ ਅੱਗੇ ਪਿੱਛੇ।"

ਮੈਂ ਪਾਣੀਉਂ ਪਤਲਾ ਹੋਈ ਜਾਂਦਾ ਸੀ। ਸੋਚ ਰਿਹਾ ਸੀ, ਘਬਰਾ ਰਿਹਾ ਸੀ। ਦਿਲ ਕਰਦਾ ਸੀ ਹੋਏ ਬੀਤੇ ਨੂੰ ਰੀਵਾਂਈਡ ਕਰ ਦਿਆਂ। ਨਿਕਲੇ ਤੀਰ ਨੂੰ ਪਿੱਛੇ ਮੋੜ ਲਵਾਂ। ਸੋਚ ਰਿਹਾ ਸੀ ਮਿੱਟੀ ਪਾਉਣ ਲਈ ਕੀ ਕਰਾਂ? ਹਲਕੀ ਜੀ ਟਰਾਈ ਐਵੇਂ ਹੀ ਭਾਰੀ ਹੋ ਗਈ ਸੀ। ਪਰ ਹਰੀ ਦੇ ਵਿਵਹਾਰ ਵਿਚ ਕੋਈ ਡਾਵਾਂ ਡੋਲੀ ਨਹੀਂ ਸੀ। ਹੋਈ ਬੀਤੀ ਨੂੰ ਬਾਦ ਵਿਚ ਸੋਚਣ ਦੇ ਡੱਬੇ ਵਿਚ ਬੰਦ ਕਰਕੇ ਮੈਂ ਕਾਫੀ ਸਿਪ ਕੀਤੀ।

"ਹਰੀ ਇੱਕ ਗੱਲ ਤੇ ਦਸ।"

"ਪੁੱਛੋ ਜੀ।"

"ਤੂੰ ਜਦੋਂ ਵੀ ਇੱਥੇ ਕਾਫ਼ੀ ਪੀਣ ਆਉਂਦੀ ਹੈਂ ਮੈਂ ਇੱਥੇ ਹੁੰਦਾ ਹਾਂ ਕਦੇ ਪਰਮਿੰਦਰ ਨੇ ਕੋਈ ਸ਼ੱਕ ਨਹੀਂ ਕੀਤਾ? ਕਦੇ ਗੁੱਸਾ ਨਹੀਂ ਕੀਤਾ?"

"ਜੀ ਪਿਆਰਿਉ, ਮੈਂ ਤਾਂ ਤਰਸ ਗਈ ਹਾਂ ਕਿ ਉਹ ਸ਼ੱਕ ਕਰੇ। ਮੇਰਾ ਪਿੱਛਾ ਕਰੇ, ਪਰ ਉਹਨੂੰ ਪੈਸੇ ਕਮਾਉਣ 'ਚੋਂ ਫੁਰਸਤ ਮਿਲੇ ਤਾਂ ਉਹ ਸ਼ੱਕ ਕਰੇ। ਸ਼ੱਕ ਕਰਨ ਲਈ ਟਾਇਮ ਚਾਹੀਦਾ ਹੈ ਤੇ ਟਾਇਮ ਜਨਾਬ ਕੋਲ ਹੈ ਕੋਈ ਨਹੀਂ। ਵੈਸੇ ਵੀ ਤੁਸੀਂ ਦੇਖਣ ਪਾਖਣ ਨੂੰ ਮੇਰੇ ਅੰਕਲ ਲੱਗਦੇ ਹੋ ਤੇ ਅੰਕਲ ਜੀ ਤੇ ਕਾਹਦਾ ਸ਼ੱਕ।" ਹਰੀ ਹੱਸਣ ਲੱਗ ਪਈ।

"ਗੱਲ ਹੱਸਣ ਦੀ ਨਹੀਂ।"

"ਹਾਂ ਗੱਲ ਹੱਸਣ ਦੀ ਨਹੀਂ ਰੋਣ ਦੀ ਹੈ।" ਹਰੀ ਸਿਰੀਅਸ ਹੋ ਗਈ। "ਮੈਂ ਤਾਂ ਚਾਹੁੰਦੀ ਹਾਂ, ਉਹ ਮੇਰੇ ਤੇ ਸ਼ੱਕ ਕਰੇ। ਮੈਨੂੰ ਸਾਂਭ ਸਾਂਭ ਰੱਖੇ। ਮੇਰੇ ਤੇ ਪੂਰਾ ਕਬਜ਼ਾ ਜਮਾਏ। ਜਿਵੇਂ ਮੇਰੇ ਬਾਪ ਨੇ ਮੇਰੀ ਮਾਂ ਤੇ ਕੀਤਾ ਹੈ। ਮੈਨੂੰ ਥੱਪੜ ਮਾਰੇ। ਪਤਾ ਮੇਰਾ ਬਾਪ ਮੇਰੀ ਮਾਂ ਨੂੰ ਕਦੋਂ ਥੱਪੜ ਮਾਰਦਾ ਸੀ? ਜਦੋਂ ਉਸ ਦਾ ਬਾਹਰ ਕਿਸੇ ਨਾਲ ਪੰਗਾ ਹੁੰਦਾ ਸੀ ਤੇ ਉਹ ਬਾਹਰ ਹੌਲਾ ਪੈ ਜਾਂਦਾ ਸੀ। ਮੇਰੀ ਮਾਂ ਨੂੰ ਪਤਾ ਹੁੰਦਾ ਸੀ ਅੱਜ ਫਿਰ ਸਰਦਾਰ ਜੀ ਦੁਖੀ ਹਨ।

'ਇਹ ਦੁਨੀਆਂ ਵੀ ਕਿਤਨੀ ਜ਼ਾਲਮ ਹੈ।' ਮੇਰੀ ਮਾਂ ਦੇ ਇਹ ਆਖਰੀ ਸ਼ਬਦ ਹੁੰਦੇ ਸਨ। ਮੈਂ ਤਾਂ ਚਾਹੁੰਦੀ ਹਾਂ ਉਹ ਮੈਨੂੰ ਘਰੋਂ ਕੱਢਣ ਦੀ ਧਮਕੀ ਦੇਵੇ ਤੇ ਬਾਦ ਵਿਚ ਗੁੱਸਾ ਲਥਣ ਤੋਂ ਬਾਦ ਦੰਦ ਕੱਢਣ ਲੱਗ ਪਵੇ। ਮੈਂ ਡਰਦੇ ਮਾਰੇ ਉਸ ਦੀ ਰੋਟੀ ਪਕਾਵਾਂ। ਲੂਣ ਮਿਰਚਾਂ ਉਹਦੀ ਮਰਜ਼ੀ ਮੁਤਾਬਕ ਪਾਵਾਂ। ਕਦੇ ਘੱਟ ਕਦੇ ਵੱਧ। ਉਹਨੂੰ ਸੁਆਦੀ ਖਾਣਾ ਖੁਆ ਕੇ ਖੁਸ਼ ਹੋਵਾਂ। ਪਰ ਉਹ ਐਸਾ ਨਹੀਂ ਹੈ। ਇਸ ਗੱਲ ਦਾ ਮੈਨੂੰ ਅਫਸੋਸ ਹੈ, ਬਹੁਤ ਅਫਸੋਸ ਹੈ। ਮੈਨੂੰ ਤੇ ਲੱਗਦਾ ਉਹ ਮੈਨੂੰ ਆਪਣੀ ਪਤਨੀ ਨਹੀਂ ਸਮਝਦਾ, ਸਿਰਫ਼ ਇੱਕ ਔਰਤ ਸਮਝਦੈ।"

"ਇਹ ਤਾਂ ਸਗੋਂ ਚੰਗੀ ਗੱਲ ਹੈ। ਔਰਤਾਂ ਤੇ ਤਰਸਦੀਆਂ ਹਨ ਐਸੇ ਮਾਹੌਲ ਨੂੰ। ਔਰਤ ਤੇ ਆਪਣੇ ਆਪ ਨੂੰ ਅਜ਼ਾਦੀ ਦਿਵਾਣ ਲਈ ਜਦੋ-ਜਹਿਦ ਕਰ ਰਹੀ ਹੈ ਤੇ ਤੁਸੀਂ ਪਿਆਰਿਓ ਉਲਟੀ ਗੰਗਾ ਵਲ ਮੇਰਾ ਮਤਲਬ ਗੰਗੋਤਰੀ ਵਲ ਤੁਰੇ ਜਾ ਰਹੇ ਹੋ? ਤੁਹਾਡਾ ਦਿਮਾਗ ਤੇ ਠੀਕ ਹੈ?"

"ਸਰ ਜੀ ਮੈਨੂੰ ਬਦਲਣ ਦੀ ਕੋਸ਼ਿਸ਼ ਨਾ ਕਰੋ। ਇਹ ਤੁਹਾਡੀ ਆਪਣੀ ਫਿਲਾਸਫੀ ਹੈ। ਯਾਦ ਆਇਆ ਕੁਝ? ਕੀ ਤੁਸੀਂ ਵੀ ਉਹਨਾਂ ਲੱਖਾਂ ਵਿਚੋਂ ਹੀ ਹੋ? ਨਹੀਂ ਨਹੀਂ ਜੇ ਹੋ ਤਾਂ ਦੱਸ ਦਿਉ, ਹਮਨੇ ਤੇ ਇੱਥੇ ਆ ਕੇ ਗਲਤੀ ਕਰ ਲਈ। ਅਜੇ ਤਾਂ ਮੈਂ ਹੋਰ ਬਹੁਤ ਕੁਝ ਸਾਂਝਾ ਕਰਨ ਨੂੰ ਫਿਰਦੀ ਸੀ। ਪਤਾ ਤਾਂ ਲੱਗੇ ਤੁਹਾਡਾ। ਨਹੀਂ ਤਾਂ ਛੇਤੀ ਛੁਟਕਾਰਾ ਹੋਊ, ਤੁਹਾਡੇ ਤੋਂ ਵੀ।" ਹਰੀ ਨੇ ਮੇਰੀ ਭੰਬੀਰੀ ਘੁੰਮਾ ਦਿੱਤੀ ਸੀ। ਮੈਂ ਚੁੱਪ ਰਿਹਾ ਜਿਤਨਾ ਚਿਰ ਭੰਬੀਰੀ ਘੁੰਮਦੀ ਰਹੀ।

"ਮੇਰੀ ਮਾਂ ਕੋਲ ਝੁਮਕੇ ਸਨ। ਲਿਸ਼ ਲਿਸ਼ ਕਰਦੇ। ਨੱਕ ਵਿਚ ਨੱਥਣੀ, ਹੱਥਾਂ 'ਚ ਚੂੜੀਆਂ, ਪੈਰਾਂ 'ਚ ਪਜ਼ੇਬਾਂ, ਪੈਰਾਂ ਦੀਆਂ ਉਂਗਲਾਂ 'ਚ ਕਚੀਲਾਂ, ਮੱਥੇ ਤੇ ਟਿੱਕਾ, ਗਲੇ ਵਿਚ ਮੰਗਲ ਸੂਤਰ, ਮੱਥੇ ਦੇ ਐਨ ਵਿਚਕਾਰ ਲਾਈ ਬਿੰਦੀ। ਇਹਨਾਂ ਵਿਚੋਂ ਕੁਝ ਸੋਨੇ ਦੇ ਤੇ ਕੁਝ ਸੋਨੇ ਦੇ ਨਹੀਂ। ਮੱਥੇ ਦਾ ਟਿੱਕਾ ਸੋਨੇ ਦਾ ਨਹੀਂ ਸੀ ਪਹਿਲੇ, ਪਰ ਫਿਰ ਇੱਕ ਦਿਨ ਮੇਰੇ ਬਾਪ ਨੇ ਆਪਣੇ ਹੱਥੀਂ ਸੋਨੇ ਦਾ ਟਿੱਕਾ ਲਿਆ ਕੇ ਮੇਰੀ ਮਾਂ ਦਾ ਮੱਥਾ ਸੋਨੇ ਰੰਗਾ ਕਰ ਦਿੱਤਾ। ਮੇਰੇ ਕੋਲ ਤੇ ਕੁਝ ਵੀ ਨਹੀਂ। ਝੁਮਕਿਆਂ ਨੂੰ ਛੱਡਕੇ ਬਾਕੀ ਸਾਰਾ ਕੁਝ ਕਈ ਵਾਰੀ ਬਾਪ ਨੇ ਵੇਚਿਆ ਤੇ ਕਈ ਵਾਰੀ ਖਰੀਦਿਆ ਪਰ ਪਰਮਿੰਦਰ ਨੇ ਤੇ ਕਦੇ ਕੁਝ ਖਰੀਦਿਆ ਨਹੀਂ ਕਦੇ ਕੁਝ ਵੇਚਿਆ ਨਹੀਂ।"

"ਪਰ ਔਰਤ ਦੇ ਇਹ ਗਹਿਣੇ ਤਾਂ ਕਹਿੰਦੇ ਹਨ ਗੁਲਾਮੀ ਦੀ ਨਿਸ਼ਾਨੀ ਹਨ। ਇੱਕ ਪਛੂਪਣੇ ਦੀ ਪਛਾਣ ਮਾਤਰ। ਅੱਜਕਲ ਜ਼ਮਾਨਾ ਬਦਲ ਗਿਆ ਹੈ। ਔਰਤ ਮਰਦ ਬਰਾਬਰ ਖਲੋਤੇ ਹਨ। ਸਮਾਂ ਬਦਲ ਗਿਆ ਹੈ, ਸਮਾਂ ਬਦਲ ਰਿਹਾ ਹੈ।"

" ਕੁਝ ਨਹੀਂ ਬਦਲਿਆ, ਸਗੋਂ ਔਰਤ ਦੀ ਸਰਦਾਰੀ ਖੁਸ ਰਹੀ ਹੈ। ਪਰਿਵਾਰ ਤੇ ਭੀੜ ਆ ਜਾਵੇ ਤਾਂ ਔਰਤ ਕੀ ਕਰ ਸਕਦੀ ਹੈ? ਕੀਹਦੇ ਅੱਗੇ ਹਾੜੇ ਕਢੇਗਾ ਬੰਦਾ ਜੇ ਬੰਦੀ ਦੇ ਪੱਲੇ ਹੀ ਕੁਝ ਨਹੀਂ।"

"ਔਰਤ ਕੋਲ ਬੈਂਕ-ਬੈਂਲਸ ਹੈ। ਡਾਲਰ ਕਮਾਉਣ ਦੀ ਸਮਰਥਾ ਹੈ।" ਮੈਂ ਛਿੱਥਾ ਪੈ ਗਿਆ।

"ਸਭ ਬਕਵਾਸ ... ਜੇ ਔਰਤ ਕੋਲ ਆਤਮ-ਸਨਮਾਨ ਹੀ ਨਹੀਂ ਰਿਹਾ, ਬੈਂਕ ਬੈਲਸ ਨੂੰ ਕਿਸੇ ਕੀ ਕਰਨਾ। ਰੂਹ ਦਾ ਰੱਜ ਤਾਂ ਝੁਮਕੇ ਪਾਉਣ ਵਿਚ ਹੈ, ਝੁਮਕੇ ਕੋਈ ਕੱਪੜੇ ਨਹੀਂ ਹਨ, ਔਰਤ ਦੇ ਜਿਸਮ ਦਾ ਹਿੱਸਾ ਹਨ। ਔਰਤ ਦਾ ਕੱਜ ਹਨ। ਔਰਤ ਦਾ ਸੁਆਦ ਹੈ।"

ਮੈਂ ਕੁੱਚਜਾ ਜਿਹਾ ਮੁਸਕਰਾਇਆ। ਮੇਰੀ ਭੰਬੀਰੀ ਮੂਧੇ ਮੂੰਹ ਡਿਗੀ ਪਈ ਸੀ। "ਹਰੀ ਛੋਟੇ ਹੁੰਦੇ ਗਾਣਾ ਸੁਣਦੇ ਹੁੰਦੇ ਸੀ, ਝੁਮਕਾ ਗਿਰਾ ਰੇ ਬਰੇਲੀ ਕੇ ਬਜ਼ਾਰ ਮੇਂ। ਮੈਨੂੰ ਇਹ ਗਾਣਾ ਬੜਾ ਛਛੋਰਾ ਲੱਗਦਾ ਸੀ ਐਵੇਂ ਫੁੱਕਰਾ ਜਿਹਾ, ਸਸਤੇ ਜਿਹੇ ਡਾਂਨਸ ਵਾਲਾ, ਪਰ

ਤੇਰੀਆਂ ਗੱਲਾਂ ਨਾਲ ਹੁਣ ਸਮਝ ਆ ਰਿਹਾ ਹੈ ਕਿ ਬਰੇਲੀ ਦੇ ਬਜ਼ਾਰ ਵਿਚ ਡਿਗਿਆ ਝੁਮਕਾ ਕੋਈ ਮਾਮੂਲੀ ਨਹੀਂ ਸੀ। ਉਸ ਦਾ ਲੱਭਣਾ ਬਹੁਤ ਜ਼ਰੂਰੀ ਸੀ। ਮੈਂ ਹਫਤੇ ਕੁ ਤੱਕ ਜਾਣਾ ਹੈ ਇੰਡੀਆ। ਮਾਰੂੰਗਾ ਚੱਕਰ ਬਰੇਲੀ ਵੀ ਜੇ ਲਭ ਪਿਆ ਤਾ ਤੈਨੂੰ ਫੋਨ ਕਰੂੰਗਾ। ਜੇ ਨਾ ਵੀ ਲਭਾ ਤਾਂ ਤੈਨੂੰ ਫੋਨ ਕਰਕੇ ਦਸੂੰਗਾ ਕਿ ਉਹ ਬਰੇਲੀ ਵਾਲਾ ਨਹੀਂ ਲਭਣਾ ਜੇ ਹੋਰ ਕੋਈ ਲਭਣਾ ਹੈ ਤਾਂ ਦੱਸ।"

"ਜ਼ਰੂਰ ਦਸਾਂਗੀ। ਝੁਮਕਿਆਂ ਦੀ ਸਾਈ ਦੇ ਦਿੱਤੀ ਹੈ, ਸ਼ਾਇਦ ਤੁਹਾਡੇ ਆਉਣ ਤੱਕ ਤਿਆਰ ਹੋ ਜਾਣ।" ਹਰੀ ਮੁਸਕਰਾ ਰਹੀ ਸੀ। ਉਸ ਦੀਆਂ ਅੱਖਾਂ ਦੀ ਤਕਣੀ ਵਿਚ ਲੋਹੜੇ ਦਾ ਸ਼ੋਰ ਸੀ।

"ਹਰੀ ਮੇਰੀ ਇੱਕ ਸਮਸਿਆ ਹੈ। ਸ਼ਾਇਦ ਤੇਰੀ ਮਦਦ ਦੀ ਲੋੜ ਪਵੇ।

"ਹੁੱਕਮ ਜਨਾਬ।" ਹਰੀ ਹੁਣ ਚਾਂਭਲੀ ਹੋਈ ਸੀ।

"ਗੱਲ ਸਿਰੀਅਸ ਹੈ। ਮੈਂ ਸੋਚਦਾ ਹਾਂ ਕਿ ਤੇਰੇ ਨਾਲ ਗੱਲ ਕਰਾਂ ਜਾਂ ਨਾਂ।"

"ਜੇ ਤੁਹਾਨੂੰ ਸੋਚਣਾ ਪੈ ਰਿਹਾ ਹੈ, ਤਾਂ ਬਹੁਤ ਹੀ ਮਾੜੀ ਗੱਲ ਹੈ। ਅਜੇ ਵੀ ਜੇ ਤੁਸੀਂ ਕੋਈ ਗੱਲ ਕਹਿਣ ਲਈ ਸੋਚਦੇ ਹੋ ਤਾਂ ਲਾਹਨਤ ਹੈ ਆਪਣੇ ਦੋਵਾਂ ਤੇ।"

"ਗੱਲ ਜੇ ਤੇਰੇ ਇੱਕਲੇ ਦੀ ਹੁੰਦੀ ਤਾਂ ਸ਼ਾਇਦ ਇਤਨਾ ਨਾ ਸੋਚਦਾ। ਪਰਮਿੰਦਰ ਨੂੰ ਵੀ ਵਿਸ਼ਵਾਸ਼ ਵਿਚ ਲੈਣਾ ਪਵੇਗਾ।"

"ਇਹ ਗੱਲ ਤਾਂ ਵਾਕਈ ਮੈਂ ਸੋਚੀ ਹੀ ਨਹੀਂ ਕਿ ਕਦੇ ਤੁਹਾਡੀ ਗੱਲ ਮੋੜਨ ਲਈ ਪਰਮਿੰਦਰ ਵੀ ਕਿਤੇ ਹੋਵੇਗਾ।"

"ਗੱਲ ਇਸ ਤਰ੍ਹਾਂ ਹੈ ਕਿ ਸਾਡੀ ਜਾਇਦਾਦ ਦਾ ਕੋਈ ਰੌਲਾ ਹੈ ਤੇ ਮੇਰੀ ਛੋਟੀ ਭੈਣ ਸਾਈਨ ਕਰਨ ਨੂੰ ਮੰਨਦੀ ਨਹੀਂ। ਉਸ ਦਾ ਪ੍ਰਾਹੁਣਾ ਮੰਨਦਾ ਹੈ ਪਰ ਉਹ ਆਪਣੀ ਹੀ ਦੁਨੀਆਂ ਵਿਚ ਰਹਿੰਦੀ ਹੈ ਕਿ ਇਹ ਤੇ ਪਿਉ ਵੇਚਣ ਵਾਲੀ ਗੱਲ ਹੈ। ਉਸ ਕਮਲੀ ਨੂੰ ਦੁਨੀਆ ਦਾਰੀ ਦੀ ਇਤਨੀ ਸਮਝ ਨਹੀਂ। ਜੇ ਵਕਤ ਸਿਰ ਕੁਝ ਨਾ ਕੀਤਾ ਤਾਂ ਸ਼ਰੀਕਾਂ ਨੇ ਕਿਹੜੀ ਘੱਟ ਕਰਨੀ ਹੈ। ਮੈਂ ਚਾਹੁੰਨਾ ਕਿ ਜੇ ਲੋੜ ਪਈ ਤਾਂ ਉਸ ਦੀ ਜਗ੍ਹਾ ਤੈਨੂੰ ਖੜਾ ਕਰ ਦੇਈਏ। ਸਾਰਾ ਇੰਤਜ਼ਾਮ ਬਾਕੀ ਠੀਕ ਠਾਕ ਹੈ। ਤੇਰੀ ਤੇ ਉਹਦੀ ਉਮਰ ਇੱਕੋ ਜੇਹੀ ਹੈ।"

"ਇਹਦੇ ਵਿਚ ਸੋਚਣ ਵਾਲੀ ਕਿਹੜੀ ਗੱਲ ਹੈ। ਜਿਸ ਤਰ੍ਹਾਂ ਤੁਸੀਂ ਠੀਕ ਸਮਝਦੇ ਹੋ, ਕਰ ਲਿਉ। ਇਸੇ ਬਹਾਨੇ ਮੈਂ ਵੀ ਇੰਡੀਆ ਗੇੜਾ ਮਾਰ ਲਵਾਂਗੀ।"

ਉਸ ਤੋਂ ਬਾਦ ਮੈਂ ਇੰਡੀਆ ਚਲੇ ਗਿਆ। ਆਖਰੀ ਮੌਕੇ ਛੋਟੀ ਵੀ ਮੰਨਕੇ ਇੰਡੀਆ ਆ ਗਈ ਸੀ। ਇੱਕ ਮਹੀਨਾ ਮੈਨੂੰ ਹਰੀ ਚੇਤੇ ਵੀ ਨਾ ਰਹੀ। ਜਦੋਂ ਮੈਂ ਆਇਆ ਤਾਂ ਹਰੀ ਮੈਨੂੰ ਫੈਕਟਰੀ ਵਿਚ ਧਾਹ ਕੇ ਮਿਲੀ। ਉਸ ਦੀਆਂ ਅੱਖਾਂ ਦੇ ਸ਼ੋਰ ਵਿਚ ਇੱਕ ਅਜੀਬ ਸੱਖਣਾਪਨ ਸੀ। ਦਿਲ ਵਿਚ ਕੋਈ ਗੱਲ ਛੁਪਾਈ ਆਪਣੇ ਕੰਮ ਵਿਚ ਰੁਝੀ ਰਹੀ।

"ਇਹ ਠੀਕ ਨਹੀਂ।" ਮੈਂ ਸਾਰੀ ਗੱਲ ਸੁਣ ਕੇ ਕਿਹਾ।

"ਤੁਸੀਂ ਕੌਣ ਹੁੰਦੇ ਹੋ ਇਹ ਫੈਸਲਾ ਕਰਨ ਵਾਲੇ ਕਿ ਕੀ ਠੀਕ ਹੈ ਤੇ ਕੀ ਗਲਤ। ਮੇਰੀ ਆਪਣੀ ਮਰਜ਼ੀ ਹੈ, ਮੇਰੀ ਆਪਣੀ ਸੋਚ ਹੈ। ਮੇਰੀ ਹੋਂਦ ਨੂੰ ਠੀਕ ਤੇ ਗਲਤ ਦੇ ਦੋ ਹਿੱਸਿਆਂ ਵਿਚ ਵੰਡਣਾ ਤਾਂ ਵੈਸੇ ਵੀ ਤੁਹਾਡੇ ਆਪਣੇ ਸਿਰਜੇ ਅਸੂਲਾਂ ਦੇ ਖਿਲਾਫ਼ ਹੈ।"

"ਪਰ ਹੱਦੋਂ ਵੱਧ ਗੱਲ ਨੂੰ ਠੀਕ ਸੇਧ ਦੇਣੀ ਵੀ ਤੇ ਮੇਰਾ ਫ਼ਰਜ਼ ਹੈ। ਮੈਂ ਮੰਨਦਾ ਸ਼ਰਮਸ਼ਾਰੀ ਵਾਲੀਆਂ ਗੱਲਾਂ ਹਰ ਇੱਕ ਨਾਲ ਸਾਂਝੀਆਂ ਕਰਨੀਆਂ ਮੁਮਕਿਨ ਨਹੀਂ। ਮੈਂ ਮਾਣ ਮਹਿਸੂਸ ਕਰ ਰਿਹੈਂ ਕਿ ਤੂੰ ਮੇਰੇ ਤੇ ਇਤਨਾ ਯਕੀਨ ਕਰ ਰਹੀ ਹੈਂ ਪਰ..."

"ਪਰ ਪੁਰ ਕੋਈ ਨਹੀਂ। ਇਸ ਵਿਚ ਕੋਈ ਸ਼ਰਮ ਵਾਲੀ ਗੱਲ ਹਮਕੋ ਨਹੀਂ ਦਿਸਦੀ। ਇਹੀ ਹਮਰੀ ਜ਼ਿੰਦਗੀ ਦਾ ਸੱਚ ਹੈ। ਜੋ ਮੈਂ ਤੁਹਾਡੇ ਅੱਗੇ ਨੰਗਾ ਕੀਤਾ ਹੈ।"

"ਹਰੀ ਤੈਨੂੰ ਝੁਮਕਿਆਂ ਦਾ ਓਬਸ਼ੈਸ਼ਨ ਹੋ ਗਿਆ ਹੈ।"

"ਨਹੀਂ ਨਹੀਂ, ਇਹ ਕੋਈ ਓਬਸ਼ੈਸ਼ਨ ਨਹੀਂ ਇਹ ਤੇ ਮੇਰੀ ਉਮਰ ਦੇ ਨਾਲ ਨਾਲ ਵੱਡਾ ਹੋਇਆ ਹੈ, ਫਿਰ ਓਬਸ਼ੈਸ਼ਨ ਕਾਹਦਾ।"

"ਪਰ ਪਰਮਿੰਦਰ...?"

"ਕੀ ਪਰਮਿੰਦਰ... ਜੇ ਮੈਂ ਉਸ ਨੂੰ ਕਹਾਂ ਮੈਨੂੰ ਝੁਮਕੇ ਚਾਹੀਦੇ ਹਨ ਤਾਂ ਉਹ ਕਹੇਗਾ ਕਾਰਡ ਤੇ ਖਰੀਦ ਲਿਆ। ਐਸੇ ਝੁਮਕੇ ਤਾਂ ਮੇਰੇ ਕੰਨਾਂ ਨੂੰ ਕੀੜੀਆਂ ਵਾਂਗ ਚੰਬੜ ਜਾਣਗੇ। ਮੈਨੂੰ ਝੁਮਕੇ ਚਾਹੀਦੇ ਹਨ ਕੀੜੀਆਂ ਨਹੀਂ।"

"ਪਰ ਹਰੀ..."

"ਵੇਖੋ ਸਰ ਜੀ ਹਮਸੇ ਹੋ ਗਈ ਖੁਨਾਮੀਂ। ਤੁਹਾਨੂੰ ਦੱਸ ਕੇ। ਤੁਹਾਡੀਆਂ ਗੱਲਾਂ ਵਿਚ ਆ ਕੇ ਮੈਂ ਸੋਚਿਆ ਸੀ ਸਾਰੇ ਮਰਦ ਇਕੋ ਜਿਹੇ ਨਹੀਂ ਹੁੰਦੇ। ਪਰ ਕਈਆਂ ਨੇ ਸ਼ੇਰ ਦੀ ਖੱਲ ਪਾਈ ਹੁੰਦੀ ਹੈ। ਖੱਲ ਲਾਹ ਦਿਉ ਵਿਚੋਂ ਨਿਕਲਣਗੇ ਖੋਤੇ ਦੇ ਖੋਤੇ। ਮੈਨੂੰ ਲੱਗਦਾ ਸੀ ਤੁਸੀਂ ਖੋਤੇ ਨਹੀਂ ਹੋ। ਕਿਉਂਕਿ ਤੁਹਾਡੀਆਂ ਗੱਲਾਂ ਖੋਤਿਆਂ ਨਾਲੋਂ ਵੱਖਰੀਆਂ ਸਨ। ਅਖੇ ਕਿਸੇ ਨੂੰ ਬਦਲੀਦਾ ਨਹੀਂ, ਸਮੁੱਚਤਾ ਵਿਚ ਲਈਦਾ ਹੈ ਤੇ ਇਹ ਹੈ ਤੁਹਾਡੀ ਸਮੁੱਚਤਾ? ਤੇ ਜਦੋਂ ਹਮਨੇ ਦਸਿਆ ਆਪਣਾ ਸੱਚ, ਤੁਸੀਂ ਵੀ ਲੱਗ ਪਏ ਹਿਣਕਣ। ਕੀ ਲੋੜ ਸੀ ਮੈਨੂੰ ਵਰਗਲਾਉਣ ਦੀ। ਮੈਂ ਕੋਈ ਕਨਫ਼ੈਸ਼ਨ ਨਹੀਂ ਕਰ ਰਹੀ ਤੁਹਾਡੇ ਅੱਗੇ ਤੇ ਨਾ ਤੁਹਾਨੂੰ ਲਗਾਮ ਪਾਉਣ ਦੇਵਾਂਗੀ ਆਪਣੀ ਸੋਚ ਤੇ। ਜਿੰਨਾ ਨਾਹਤੀ ਉਨਾ ਪੁੰਨ।"

"ਉਹ ਬਾਬਿਓ ਗਲਤੀ ਹੋ ਗਈ ਮੁਆਫ ਕਰ ਦੇ। ਚਲ ਮੈਨੂੰ ਵੀ ਇੱਕ ਪਪੀ ਦੇ ਦੇ।"

"ਪਪੀ ਛੱਡਕੇ ਜੋ ਮਰਜ਼ੀ ਕਰ ਲਵੋ ਖੋਤਾ ਸਰ ਜੀ ਪਰ ਉਸ ਤੋਂ ਬਾਦ ਮੈਨੂੰ ਬਲਾਇਉ ਨਾ। ਤੁਹਾਡਾ ਹਮਰਾ ਮੇਲ ਮਿਲਾਪ ਖ਼ਤਮ। ਜਿੱਥੇ ਇੱਕ ਉੱਥੇ ਦੋ ਪਰ ਲਾਹਨਤ ਹੈ ਇਸ ਜੀਣ ਤੇ... ਉਸ ਤੋਂ ਬਾਦ।"

"ਮੇਰੇ ਤੇ ਕਿਉਂ ਮੈਂ ਤੇ ਕੁਝ ਨਹੀ ਕਿਹਾ।"

"ਕਿਹਾ ਤੇ ਪਰਮਿੰਦਰ ਨੇ ਵੀ ਕੁਝ ਨਹੀਂ। ਨਾ ਉਹਨੇ ਉਹ ਕੀਤਾ ਜੋ ਮੈਨੂੰ ਚਾਹੀਦਾ ਸੀ ਤੇ ਨਾ ਤੁਸੀਂ ਖਰੇ ਉੱਤਰੇ।"

"ਮੈਂ ਭਲਾ ਕਿਉਂ?"

"ਹਮਕੋ ਨਸੀਹਤਾਂ ਨਹੀਂ ਚਾਹੀਦੀਆਂ, ਸਮਝੇ? ਤੁਸੀਂ ਦੋਸਤ ਹੋ, ਦੋਸਤ ਹੀ ਰਹੋ, ਗਾਈਡ ਨਾ ਬਣੋ।"

"ਚੱਲ ਮੇਰੀ ਛੱਡ, ਪਰਮਿੰਦਰ ਦਾ ਕੀ ਕਸੂਰ ਹੈ ਤੇਰੀ ਨਜ਼ਰ ਵਿਚ? ਮੈਂ ਕਈ ਕੁਝ ਜਾਣਦਾ ਹਾਂ ਪਰ ਤੇਰਾ ਵਿਚਾਰ ਜਾਣਨਾ ਚਾਹੁੰਨਾ, ਸ਼ਾਇਦ ਔਰਤ ਦੀਆਂ ਭਾਵਨਾਵਾਂ ਦੀ ਕੋਈ ਪਰਤ ਸਮਝ ਸਕਾਂ।"

"ਪਰਮਿੰਦਰ ਨੇ ਮੇਰੇ ਨਾਲ ਵਿਆਹ ਨਹੀਂ ਕੀਤਾ, ਇੱਕ ਔਰਤ ਦੇ ਗੋਸ਼ਤ ਨਾਲ ਵਿਆਹ ਕੀਤਾ ਹੈ।"

"ਪਰ ਵਧੀਆ ਗੋਸ਼ਤ ਨਾਲ ਵਿਆਹ ਕੀਤਾ ਹੈ।" ਮੈਂ ਸੰਜ਼ੀਦਗੀ ਨੂੰ ਪੇਤਲਾ ਕਰਨ ਲਈ ਇੱਕ ਘਟੀਆ ਜਿਹਾ ਫ਼ਿਕਰਾ ਬੋਲਿਆ ਜਿਸ ਦਾ ਮੈਨੂੰ ਵੀ ਅਫਸੋਸ ਹੋਇਆ ਤੇ ਹਰੀ ਨੇ ਵੀ ਕੋਈ ਨੋਟਿਸ ਨਾ ਲਿਆ। ਮੈਂ ਸੰਜ਼ੀਦਗੀ ਨੂੰ ਬਰਕਰਾਰ ਰੱਖਣ ਲਈ ਕਿਹਾ, "ਪਰ ਤੂੰ ਉਹਦੇ ਵਿਚੋਂ ਆਪਣੇ ਬਾਪ ਨੂੰ ਕਿਉਂ ਢੂੰਡ ਰਹੀ ਹੈਂ? ਤੂੰ ਕਿਉਂ ਚਾਹੁੰਦੀ ਹੈਂ ਕਿ ਉਹ ਤੈਨੂੰ ਆਪਣੀ ਜਾਇਦਾਦ ਸਮਝੇ। ਉਹਦੇ ਕੱਪੜੇ ਟੰਗਣ ਵਾਲੀ ਕਿੱਲੀ ਬਣਕੇ ਤੇਰਾ ਕਿਹੜਾ ਸਕੂਨ ਸ਼ਾਤ ਹੋਣ ਵਾਲਾ ਹੈ? ਉਹ ਤੈਨੂੰ ਥੱਪੜ ਮਾਰੇ ਤੇ ਫਿਰ ਮੁਆਫੀ ਮੰਗੇ?"

"ਤੈਨੂੰ ਨਹੀਂ ਪਤਾ ਸਰ ਜੀ, ਆਦਮੀ ਸਾਰਾ ਦਿਨ ਖਪਿਆ ਕ੍ਰਿਝਿਆ ਦੁਨੀਆਂ ਨਾਲ ਲੜਦਾ, ਹਾਰਦਾ ਜਦੋਂ ਘਰ ਆਉਂਦਾ ਹੈ ਤੇ ਉਹਨੂੰ ਆਪਣਾ ਗੁੱਸਾ ਉੱਤਾਰਨ ਲਈ ਕੋਈ ਆਪਣਾ ਚਾਹੀਦਾ ਹੈ ਜਿਸ 'ਤੇ ਉਹ ਆਪਣੀ ਹਕੂਮਤ ਕਰ ਸਕੇ ਤੇ ਉਸ ਦੀ ਉਹ ਹਕੂਮਤ ਹੈ ਉਸ ਦੀ ਬੀਵੀ। ਉਹ ਪੀ ਕੇ ਜਦੋਂ ਖੁਸ਼ ਹੁੰਦਾ ਹੈ ਤਾਂ ਬੀਵੀ ਦੇ ਕੰਨਾਂ ਦੁਆਲੇ ਲਮਕੇ ਝੁਮਕਿਆਂ ਨਾਲ ਖੇਡਦਾ ਹੈ। ਮੇਰੀ ਮਾਂ ਮੇਰੇ ਬਾਪ ਦੇ ਖਿਝਣ ਤੇ ਖੁਸ਼ ਹੁੰਦੀ ਸੀ। ਉਸ ਨੂੰ ਖੁਸ਼ ਕਰਨ ਨਾਲ ਉਸ ਦੀ ਤ੍ਰਿਪਤੀ ਹੁੰਦੀ ਸੀ। ਤੂੰ ਸਮਝਦਾ ਹੈਂ ਨਾ ਤ੍ਰਿਪਤੀ ਕਿਸਨੂੰ ਕਹਿੰਦੇ ਹਨ? ਨਹੀ ਮੇਰਾ ਨਹੀਂ ਖਿਆਲ ਤੈਨੂੰ ਇਸ ਦਾ ਇਲਮ ਹੈ। ਤ੍ਰਿਪਤੀ ਜੋ ਔਰਤ ਦੀ ਤਲਾਸ਼ ਹੈ। ਪਰ ਮੇਰੀ ਮਾਂ ਦੀ ਇੱਕ ਤ੍ਰਿਸ਼ਨਾ ਹੁੰਦੀ ਸੀ ਕਿ ਸਵੇਰੇ ਜਾਣ ਲੱਗਿਆਂ ਉਸ ਦਾ ਬਾਪ ਹੌਲਾ ਫੁੱਲ ਹੋ ਕੇ ਕੰਮ ਤੇ ਜਾਵੇ, ਖਿਝਣ ਖਿਝਾਉਣ ਦੀ ਦੁਨੀਆਂ ਵਿਚ। ਸਾਲ ਵਿਚ ਇੱਕ ਵਾਰ ਮੇਰੀ ਮਾਂ ਸਾਰੇ ਗਹਿਣੇ ਪਾ ਕੇ ਮੇਰੇ ਬਾਪ ਦੀ ਇੰਤਜ਼ਾਰ ਕਰਦੀ ਸੀ, ਆਪਣੀ ਸਾਰੀ ਗੁਲਾਮੀ ਦੇ ਸਮਰਪਣ ਨਾਲ। ਇਹ ਦਿਨ ਸੀ ਉਹਨਾ ਦੇ ਵਿਆਹ ਦੀ ਵਰ੍ਹੇ-ਗੰਢ। ਇਸ ਦਿਨ ਕਦੇ ਵੀ ਉਹਨਾਂ ਦੀ ਲੜਾਈ ਨਹੀਂ ਹੋਈ ਸੀ। ਮੇਰੀ ਮਾਂ ਆਪਣੇ ਪੈਰਾਂ ਦੀਆਂ ਕਲੀਚੀਆਂ ਸਮੇਤ ਤੁਰੀ ਫਿਰਦੀ ਮੈਨੂੰ ਬਹੁਤ ਚੰਗੀ ਲਗਦੀ ਸੀ। ਪਰ ਸਰ ਜੀ ਇਹ ਸਾਰਾ ਕੁਝ ਮੈਨੂੰ ਕਿਉਂ ਨਹੀਂ ਮਿਲਿਆ?"

"ਪਰ ਇਤਨੀ ਰੂੜੀਵਾਦੀ ਹੋ ਕੇ ਇਹ ਤੂੰ ਕੀ ਕਰਨ ਲੱਗੀ ਹੈਂ?"

"ਉਹ ਆਇਆ ਸੀ ਟਰਾਂਟੋ ਸਾਡੇ ਘਰ। ਮੈਂ ਤੇ ਭੁੱਲ ਭੁਲਾ ਗਈ ਸੀ। ਪਰ ਪਤਾ ਨਹੀਂ ਕਿਉਂ ਕਿਵੇਂ ਉਹਨੇ ਪਰਮਿੰਦਰ ਨਾਲ ਦੋਸਤੀ ਪਾ ਲਈ। ਉਹਨੂੰ ਦੇਖਦਿਆਂ ਪਹਿਲਾਂ ਤਾਂ ਮੈਨੂੰ ਅੱਗ ਹੀ ਲੱਗ ਗਈ। ਪਰ ਫਿਰ ਇਹ ਅੱਗ ਹੌਲੀ ਹੌਲੀ ਮੱਠੀ ਪੈਂਦੀ ਹੋਰ ਹੀ ਰੂਪ ਅਖਤਿਆਰ ਕਰਕੇ ਹਮਕੋ ਮੱਠਾ ਮੱਠਾ ਸੇਕ ਦਿੰਦੀ ਨਿੱਘ ਦੇਣ ਲੱਗ ਪਈ। ਉਸ ਦਾ ਫਿੱਕਾ ਜਿਹਾ ਚੇਹਰਾ।"

"ਕਿਤਨਾ ਕੁ ਫਿੱਕਾ?"

"ਬਸ ਸਰ ਜੀ ਇਹ ਸਮਝ ਲਵੋ, ਉਹ ਇੱਕ ਸਾਇਆ ਸੀ। ਕਾਲੇ ਰੰਗ ਦਾ। ਜਿਸ ਦਾ ਸਿਰਫ਼ ਕਲਬੂਤ ਦਿਸਦਾ ਸੀ। ਇੱਕ ਝਾਉਲਾ ਜਿਹਾ। ਤੁਰੇ ਜਾਂਦੇ ਦਾ ਕੋਈ ਖੜਾਕ ਨਹੀਂ। ਸਾਹ ਦੀ ਕੋਈ ਅਵਾਜ਼ ਨਹੀਂ। ਮੈਂ ਉਸ ਨੂੰ ਭੂਤ ਤੇ ਨਹੀਂ ਕਹਿੰਦੀ ਕਿਉਂਕਿ ਉਹਦੇ ਕੋਲੋਂ ਮੈਨੂੰ ਕੋਈ ਡਰ ਨਹੀਂ ਆਉਂਦਾ ਸੀ। ਉਸ ਦੇ ਪ੍ਰਛਾਵੇਂ ਨੇ ਦਸਤਾਨੇ ਪਾਏ ਹੋਏ ਸਨ ਜਾਂ ਉਸ ਦੇ ਹੱਥ ਨੰਗੇ ਸਨ ਇਸ ਚੀਜ਼ ਦੇ ਅਹਿਸਾਸ ਨਾਲ ਵੀ ਮੈਨੂੰ ਕੋਈ ਮਤਲਬ ਨਹੀਂ ਸੀ।

ਪਰ ਫਿਰ ਇੱਕ ਦਿਨ ਅਚਾਨਕ ਮੈਨੂੰ ਉਸ ਦੇ ਹੱਥ ਨੰਗੇ ਦਿਸੇ। ਹਮਰਾ ਯਕੀਨ ਬੱਝ ਗਿਆ ਕਿ ਉਸ ਦੇ ਹੱਥਾਂ ਤੇ ਕੋਈ ਦਸਤਾਨੇ ਨਹੀਂ ਸਨ। ਉਹ ਫਾਇਰ ਪਲੇਸ ਤੇ ਪਈ ਨਟਰਾਜਦੀ ਦੇਵੀ ਨੂੰ ਛੂਹ ਰਿਹਾ ਸੀ। ਉਸ ਨੇ ਮੇਰੇ ਕੋਲੋਂ ਗਿੱਲਾ ਕੱਪੜਾ ਮੰਗਿਆ। ਕੱਪੜੇ ਨਾਲ ਨਟਰਾਜਦੀ ਮੂਰਤੀ ਨੂੰ ਸਾਫ਼ ਕੀਤਾ। ਕੱਪੜਾ ਮੈਲਾ ਹੋ ਗਿਆ। ਮੈਨੂੰ ਬਹੁਤ ਸ਼ਰਮ ਆਈ। ਪਤਾ ਨਹੀਂ ਮੇਰੀ ਆਈ ਸ਼ਰਮ ਨੂੰ ਉਸ ਨੇ ਕਿਸ ਤਰ੍ਹਾਂ ਮਹਿਸੂਸ ਕੀਤਾ ਪਰ ਹਮਕੋ ਉਸ ਦਾ ਚੇਹਰਾ ਕੁਝ ਕੁਝ ਦਿਸਣ ਲੱਗ ਪਿਆ। ਉਸ ਦਾ ਨੱਕ ਪਹਿਲਾਂ ਵਾਂਗ ਹੀ ਤਿੱਖਾ ਤੇ ਲੰਬਾ ਸੀ। ਬਿਲਕੁਲ ਉਸੇ ਤਰ੍ਹਾਂ ਦਾ ਜਿਵੇਂ ਦਾ ਹੋਣਾ ਚਾਹੀਦਾ ਹੈ। ਕੁਝ ਕੁਝ ਮੇਰੀ ਮਾਂ ਵਰਗਾ।"

"ਤੁਸੀਂ ਮਾੜਾ ਨਾ ਮਹਿਸੂਸ ਕਰੋ ਇਹ ਨਟਰਾਜਦਾ ਧਾਤੂ ਹੀ ਐਸਾ ਹੈ, ਪਤਾ ਹੀ ਨਹੀਂ ਲੱਗਦਾ ਕਿਥੋਂ ਕਿਤਨਾ ਕੁ ਮੈਲਾ ਹੈ। ਲਵੋ ਹੁਣ ਇਹ ਬਿਲਕੁਲ ਸਾਫ਼ ਹੈ। ਲਾਗੇ ਪਾਸੇ ਤੋਂ ਆਈ ਨਿੱਕੀ ਤੋਂ ਨਿੱਕੀ ਮਿੱਟੀ ਦੀ ਕਣੀ ਵੀ ਇਹ ਆਪਣੇ ਵੱਲ ਸਰਕਾ ਲੈਂਦਾ ਹੈ। ਬੱਸ ਇਹ ਸਮਝ ਲਵੋ ਇਹ ਇਸ ਦਾ ਸ਼ੌਕ ਹੈ। ਸਾਡੇ ਘਰ ਵੀ ਹੈ ਐਸੀ ਮੂਰਤੀ। ਮੈਂ ਉਸ ਦੀ ਦਿਹਾੜੀ ਵਿਚ ਦੋ ਵਾਰੀ ਸਫ਼ਾਈ ਕਰਦਾ ਹਾਂ। ਇਨ ਫੈਕਟ ਮੈਂ ਤਾਂ ਉਸ ਮੂਰਤੀ ਨੂੰ ਹੋਰ ਵੀ ਸਜਾਇਆ ਹੋਇਆ ਹੈ। ਉਸ ਦੇ ਕੰਨਾਂ ਨੂੰ ਵਿੰਨ ਕੇ ਖਰੇ ਸੋਨੇ ਦੇ ਝੁਮਕੇ ਵੀ ਪਾਏ ਹੋਏ ਹਨ।"

"ਬਸ ਵੱਜ ਗਿਆ ਵਾਜਾ।" ਮੈਂ ਕੁਝ ਜ਼ੋਰ ਦੀ ਬੋਲ ਪਿਆ।

"ਕਿਹੜਾ ਵਾਜਾ? ਪੂਰੀ ਗੱਲ ਤੇ ਸੁਣੋ।"

"ਹਰੀ ਮੈਂ ਕੋਈ ਕਨਫ਼ੈਸ਼ਨ ਬੌਕਸ ਵਿਚ ਖੜਾ ਪਾਦਰੀ ਨਹੀਂ ਹਾਂ। ਮੈਂ ਤੈਨੂੰ ਦੇਖ ਸਕਦਾ ਹਾਂ। ਫਾਦਰ ਦੇ ਰਟੇ ਰਟਾਏ ਡਾਇਲੌਗ ਕੁਝ ਕਮਿਸ਼ਨ ਹੁੰਦੇ ਤੇ ਕੁਝ ਓਮਿਸ਼ਨ। ਕੁਝ ਕਰੋ ਤੇ ਕੁਝ ਨਾ ਕਰੋ। ਬੀਬੇ ਰਾਣੇ ਲੋਕ ਸੁਣਦੇ ਹਨ ਤੇ ਚਲੇ ਜਾਂਦੇ ਹਨ।"

"ਪਰ ਸਰਜੀ ਮੈਂ ਤੇ ਕਨਫੈਸ਼ਨ ਕਰ ਹੀ ਨਹੀਂ ਰਹੀ। ਇਹ ਤੇ ਮੇਰੀ ਸੁਭਾਵਿਕ ਤੋਰ ਹੈ।"

"ਚੱਲ ਅੱਗੇ ਸੁਣਾ।" ਮੈਂ ਹਾਰ ਰਹੀ ਕੁੜੀ ਦੀ ਉਗਾਈ ਪਹਿਲੀ ਡੋਡੀ ਨੂੰ ਦੇਖਣਾ ਚਾਹੁੰਦਾ ਸੀ। ਇਹ ਡੋਡੀ ਫੁੱਲ ਨਹੀਂ ਸੀ, ਇਹ ਮੇਰੀ ਸਮਝ ਸੀ ਤੇ ਇਹ ਜ਼ਹਿਰ ਨਹੀਂ ਸੀ ਇਹ ਹਰੀ ਦਾ ਭਰਮ ਸੀ।

"ਨਟਰਾਜ ਦੀ ਮੂਰਤੀ ਦੇ ਕੰਨਾਂ ਵਿਚ ਪਾਏ ਝੁਮਕਿਆਂ ਦੀ ਕਥਾ ਸੁਣਦਿਆਂ ਹਮਰਾ ਸੂਰਜ ਉਦੈ ਹੋ ਗਿਆ। ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਦੀ ਉਸ ਦੀ ਮਾੜੀ ਆਦਤ, ਮੇਰੀ ਲੋੜ ਬਣ ਗਈ। ਖਰੇ ਸੋਨੇ ਦੇ ਝੁਮਕਿਆਂ ਨਾਲ ਆਪਣੇ ਕੰਨਾਂ ਨੂੰ ਸਜਾਉਂਣ ਦੀ ਖਿੱਚ, ਮੇਰੀ ਰੂਹ ਦੀ ਲੋੜ ਬਣ ਗਈ।"

"ਪਰ ਇਹ ਤੇ ਨਜਾਇਜ਼ ਕਬਜ਼ਾ ਹੈ।"

"ਮੇਰੀ ਸੱਖਣੀ ਰੂਹ, ਇਸਨੂੰ ਕਬਜ਼ਾ ਨਹੀਂ ਸਮਝਦੀ। ਮੈਂ ਮਘ ਪਈ ਸੀ। ਦੋ ਰਾਤਾਂ ਰਿਹਾ ਸਿਰਫ਼ ਮੇਰਾ ਸੈੱਲ ਫੋਨ ਲੈਣ ਖਾਤਰ। ਤੀਸਰੇ ਦਿਨ ਅਸੀਂ ਉਸ ਨੂੰ ਛੱਡਣ ਬਫਲੋ ਗਏ। ਰਸਤੇ ਵਿਚ ਲੱਗ ਪਿਆ ਉਹੋ ਰਾਗ ਅਲਾਪਣ ਜੋ ਹਮਰੀ ਕਮਜ਼ੋਰੀ ਹੈ। ਜ਼ਿੰਦਗੀ ਐਸੀ ਹੈ, ਜ਼ਿੰਦਗੀ ਵੈਸੀ ਹੈ। ਫਲਾਣਾ ਰਾਗ ਫਲਾਣੇ ਮੌਸਮ ਵਿਚ ਛੇੜਿਆ ਜਾਂਦਾ ਹੈ ਤੇ ਫਿਰ ਉਹਨੇ ਕਹਿਕੇ ਰਸਤੇ ਵਿਚ ਕਾਰ ਖਲਿਆਰ ਲਈ। ਚਾਰੇ ਪਾਸੇ ਦਰੱਖ਼ਤ ਸਨ। ਇੱਕ ਦੂਜੇ ਤੋਂ ਥੋੜ੍ਹੀ ਵਿੱਥ ਤੇ ਖਲੋਤੇ ਦਰੱਖ਼ਤ। ਕਹਿੰਦੈ ਦੇਖੋ ਇਹਨਾਂ ਦਰੱਖਤਾਂ ਦੀ ਦੁਨੀਆਂ ਨੂੰ। ਅਡੋਲ ਖੜੇ ਤੁਹਾਨੂੰ ਬੇਜਾਨ ਲੱਗਣਗੇ ਪਰ ਇਹਨਾਂ ਦੀਆਂ ਆਪਸ ਵਿਚ ਰਿਸ਼ਤੇਦਾਰੀਆਂ ਹਨ। ਅੱਤ ਦੇ ਮੌਸਮ ਵਿਚ ਇਹ ਇੱਕ ਦੂਜੇ ਦਾ ਸਾਥ ਦਿੰਦੇ ਹਨ। ਰਾਤ ਦੇ ਹਨੇਰੇ ਵਿਚ ਇਹਨਾਂ ਦੀਆਂ ਮਹਿਫ਼ਲਾਂ ਸਜਦੀਆਂ ਹਨ। ਪੱਤੇ ਆਪਣਾ ਸਰੂਪ ਵਟਾਉਂਦੇ ਹਨ। ਇਹਨਾਂ ਦੇ ਵਿਆਹ ਵੀ ਹੁੰਦੇ ਹਨ। ਕਿਸੇ ਦਾ ਪਰਾਗ ਕੋਈ ਆਪਣੇ ਗਰਭ ਵਿਚ ਪਾਲਦਾ ਹੈ ਤੇ ਕਿਸੇ ਦਾ ਗਰਭ ਕਿਸੇ ਦਾ ਪਰਾਗ ਢੂੰਡਣ ਲਈ ਪੌਣਾਂ ਨੂੰ ਅਵਾਜ਼ ਮਾਰਦਾ ਹੈ। ਪੌਣਾਂ ਦੀ ਸ਼ਿੱਦਤ ਮਾਨਣੀ ਹੋਵੇ ਤਾਂ ਦਰੱਖਤਾਂ ਤੋਂ ਉੱਤਮ ਹੋਰ ਕੋਈ ਧਰਮ ਨਹੀਂ। ਹੋਰ ਕਿਤਨਾ ਹੀ ਕੁਝ ਉਸ ਨੇ ਕਿਹਾ ਜੋ ਹਮਕੋ ਯਾਦ ਨਹੀਂ ਪਰ ਮੇਰੇ ਜ਼ਿਹਨ ਵਿਚ ਵਸਿਆ ਹੋਇਆ ਹੈ। ਯਾਦ ਹੈ ਤੇ ਸਿਰਫ ਉਹਦੀ ਫੋਨ ਕਾਲ।"

"ਬੜਾ ਫੁੰਕਾਰ ਬੰਦਾ ਹੈ।" ਮੈਂ ਹੌਲੀ ਜਿਹੀ ਪਰ ਹਰੀ ਨੂੰ ਸੁਣਾਕੇ ਕਿਹਾ।

"ਜੋ ਮਰਜ਼ੀ ਕਹੋ ਹਮਕੋ ਤਾਂ ਉਸ ਦੀ ਇੱਕੋ ਗੱਲ ਨੇ ਖਰੀਦ ਲਿਆ। ਕਹਿੰਦਾ ਸੀ ਹਰੀ ਅਮਰੀਕਾ ਆ ਕੇ ਨਟਰਾਜ ਦੀ ਮੂਰਤੀ ਨੂੰ ਝੁਮਕਿਆਂ ਤੋਂ ਮੁੱਕਤ ਕਰਦੇ। ਤੁਸੀਂ ਦੱਸੋ ਸਰਜੀ ਮੈਂ ਹੁਣ ਕੀ ਕਰਾਂ? ਇਹ ਨਾ ਕਹਿਣਾ ਫਰਗੈੱਟ ਇੱਟ। ਇਹ ਦੱਸੋ ਕਦੋਂ ਤੇ ਕਿਸ ਤਰ੍ਹਾਂ ਜਾਵਾਂ ਤੇ ਤੁਸੀਂ ਹਮਰੀ ਕੀ ਮਦਦ ਕਰ ਸਕਦੇ ਹੋ? ਮੈਨੂੰ ਉਹ ਝੁਮਕੇ ਚਾਹੀਦੇ ਹਨ।"

"ਹਰੀ ਇਹਨਾਂ ਗੱਲਾਂ ਦੀ ਗਹਿਰਾਈ ਦੀਆਂ ਜੜ੍ਹਾਂ ਨਹੀਂ ਹੁੰਦੀਆਂ ਤੇ ਜੜ੍ਹਾਂ ਤੋਂ ਬਗੈਰ ਅਸੀਂ ਜ਼ੋਰਦਾਰ ਭੱਜੇ ਜਾਂਦੇ ਪਾਣੀ ਦੇ ਧੱਕੇ ਉਹ ਪੱਥਰ ਹਾਂ ਜਿਹਨਾਂ ਦੀ ਆਪਣੀ ਕੋਈ ਝੁੱਗੀ ਨਹੀਂ ਹੁੰਦੀ। ਮੈਂ ਵੀ ਰਿੜ੍ਹਿਆ ਹਾਂ। ਇੱਕ ਕਥਾ ਮੇਰੀ ਵੀ ਹੈ। ਇਸੇ ਲਈ ਮੈਂ ਤੈਨੂੰ ਸੁਝਾ ਹੀ ਦੇ ਸਕਦਾ ਹਾਂ ਕਿ ਇਹ ਸਭ ਭਟਕਣ ਹੈ। ਇਸ ਰੋਗ ਦਾ ਇਲਾਜ ਬਹੁਤ ਮੁਸ਼ਕਲ ਹੈ। ਲੈ ਮੇਰੀ ਵੀ ਕਥਾ ਸੁਣ।"

"ਸਰਜੀ ਮੈਂ ਤੇ ਤੁਹਾਨੂੰ ਸ਼ਰੀਫ ਸਮਝਦੀ ਸੀ ਪਰ ਤੁਸੀਂ ਤੇ ਪੂਰੇ ਕਮੀਨੇ ਨਿਕਲੇ, ਤੁਹਾਡੇ ਵਰਗੇ ਹਲਕਾਏ ਕੁੱਤੇ ਨੂੰ ਤੇ ਗੋਲੀ ਮਾਰ ਦੇਣੀ ਚਾਹੀਦੀ ਹੈ। ਲਾਹਨਤ ਹੈ ਤੁਹਾਡੇ ਤੇ, ਫਿਰ ਕੀ ਹੋਇਆ?"

"ਹੋਣਾ ਕੀ ਹੈ ਤੇ ਰੋਣਾ ਕੀ ਹੈ। ਭਟਕਣ ਨੂੰ ਜਿਹਨਾਂ ਮਰਜ਼ੀ ਵਧਾਈ ਜਾਉ।"

"ਹਮਰੇ ਮੰਨਣ ਵਿਚ ਨਹੀਂ ਆਉਂਦੀ ਤੁਹਾਡੀ ਸੁਣੀ ਗੱਲ, ਕੋਈ ਇਤਨਾ ਵੀ ਗਿਰ ਸਕਦਾ ਹੈ?"

"ਤਾਂ ਹੀ ਤੇ ਮੈਂ ਕਹਿੰਦਾ ਹਾਂ, ਇਹ ਦਿਲਾਂ ਦੇ ਕਹਿਣੇ, ਰੂਹ ਦੇ ਗਹਿਣੇ ਨਹੀਂ ਹੁੰਦੇ। ਲੱਗਦੇ ਹਨ ਪਰ ਹੁੰਦੇ ਨਹੀਂ।"

"ਸਰਜੀ ਮੈਨੂੰ ਤੁਹਾਡਾ ਡੈਬਿਟ ਕਾਰਡ ਤੇ ਉਸ ਦਾ ਪਿੰਨ ਨੰਬਰ ਚਾਹੀਦਾ ਹੈ। ਪਰਸੋਂ ਸਵੇਰੇ ਮੈਨੂੰ ਆਪਣੇ ਕਰੈਡਿਟ ਕਾਰਡ ਤੇ ਕਾਰ ਰੈਂਟ ਕਰਕੇ ਦੇਵੋ। ਤੜਕੇ ਛੇ ਵਜੇ ਮੈਂ ਚੱਲਣਾ ਹੈ, ਅੱਠ ਵਜੇ ਤੋਂ ਪਹਿਲਾਂ ਪਹਿਲਾਂ ਮੈਂ ਅਮਰੀਕਾ ਦਾ ਬਾਰਡਰ ਕਰਾਸ ਕਰਨਾ ਹੈ। ਤੁਸੀਂ ਮੇਰਾ ਕਾਰਡ ਸਵਾਈਪ ਇੰਨ ਤੇ ਸਵਾਈਪ ਆਊਟ ਕਰਨਾ ਹੈ। ਮੇਰਾ ਘਰੋਂ ਕੋਈ ਫ਼ੋਨ ਆਵੇ ਤਾਂ ਗੱਲ ਨੂੰ ਸੰਭਾਲਣਾ ਹੈ। ਪੂਰੇ ਦੋ ਵਜੇ ਹਮਨੇ ਕੈਨੇਡਾ ਦਾ ਬਾਰਡਰ ਕਰਾਸ ਕਰ, ਚਾਰ ਵਜੇ ਤੋਂ ਪਹਿਲਾਂ ਰੈਂਟਲ ਕਾਰ ਵਾਪਸ ਕਰਕੇ, ਝੁਮਕਿਆਂ ਸਮੇਤ ਘਰ ਜਾਣਾ ਹੈ ਤੇ ਫੇਰ ਤੁਹਾਨੂੰ ਫੋਨ ਕਰਾਂਗੀ।"

"ਤੇ ਜੇ ਕਾਰ ਰਸਤੇ ਵਿਚ ਪੰਕਚਰ ਹੋ ਗਈ ਫੇਰ?"

"ਜੇ ਤੁਸੀਂ ਚਾਹੁੰਦੇ ਹੋ ਕਾਰ ਪੰਕਚਰ ਨਾ ਹੋਵੇ ਤਾਂ ਨਹੀਂ ਹੋਵੇਗੀ।"

"ਤੂੰ ਟਲਣਾ ਨਹੀਂ। ਕਾਰ ਤੇ ਪੰਕਚਰ ਨਹੀਂ ਹੋਵੇਗੀ ਪਰ ਤੇਰੀ ਕੋਈ ਗਾਰੰਟੀ ਨਹੀਂ। ਮੈਨੂੰ ਪਤਾ ਹੈ ਤੂੰ ਆ ਕੇ ਮੈਨੂੰ ਕੁਝ ਨਹੀਂ ਦਸਣਾ। ਕਿਉਂਕਿ ਦਸਣ ਲਈ ਤੇਰੇ ਕੋਲ ਕੁਝ ਰਹਿਣਾ ਹੀ ਨਹੀਂ।"

"ਅਜੇ ਮੈਂ ਕੁਝ ਨਹੀਂ ਕਹਿ ਸਕਦੀ।"

"ਪਰ ਜੇ ਤੂੰ ਕਹੇਂ ਤਾਂ ਮੈਂ ਕੋਰੇ ਕਾਗਜ਼ ਤੇ ਲਿਖਕੇ ਲੌਕਰ ਵਿਚ ਰੱਖ ਦਿੰਦਾ ਹਾਂ ਕਿ ਤੇਰੇ ਨਾਲ ਕੀ ਬੀਤਣ ਵਾਲੀ ਹੈ। ਆ ਕੇ ਪੜ੍ਹ ਲਵੀਂ। ਜੇ ਇੰਨ ਬਿੰਨ ਗੱਲ ਸੱਚ ਨਾ ਨਿਕਲੇ ਤਾਂ ਮੈਨੂੰ ਸਰਜੀ ਕਹਿਣਾ ਛੱਡ ਦੇਵੀਂ।" ਅੱਜ ਫੇਰ ਮੈਨੂੰ ਪੁਰਾਣੀ ਅਪਰਾਧ ਕੱਥਾ ਯਾਦ ਆ ਰਹੀ ਸੀ। ਸੁਨੀਤਾ ਦੋ ਮਹੀਨੇ ਬਾਦ ਵਾਪਸ ਆ ਗਈ ਸੀ। ਨਾ ਪ੍ਰੇਮੀ ਰਿਹਾ ਤੇ ਨਾ ਪਤੀ। ਨਾ ਸੁਨੀਤਾ ਪਤਨੀ ਬਣੀ ਨਾ ਬੇਟੀ ਨਾ ਮਾਂ ਨਾ ਪ੍ਰੇਮਿਕਾ। ਬੱਸ ਇੱਕ ਮਾਸ ਦਾ ਲੋਥੜਾ। ਮੈਂ ਚਾਹੁੰਦਾ ਸੀ ਹਰੀ ਨਾਲ ਐਸਾ ਨਾ ਹੋਵੇ। ਇਸੇ ਕਰਕੇ ਹੀ ਮੈਂ ਉਸ ਦੀ ਮਦਦ ਕਰ ਰਿਹਾ ਸੀ। ਮੇਰੇ ਕੋਲ ਉਸ ਦੀ ਬੇਹਤਰੀ ਦਾ ਹੋਰ ਕੋਈ ਹੱਲ ਵੀ ਨਹੀਂ ਸੀ। ਮੇਰੀ ਜ਼ਰਾ ਜਿਤਨੀ ਸਿਆਣਪ ਉਸ ਦੀ ਜ਼ਿੰਦਗੀ ਤਬਾਹ ਕਰ ਸਕਦੀ ਸੀ। ਤਿਲਕਦੇ ਪੱਥਰ ਨੂੰ ਕੋਣ ਰੋਕ ਸਕਦਾ ਹੈ? ਮੈਂ ਤਾਂ ਚਾਹੁੰਦਾ ਸੀ ਕਿ ਇਹ ਤਿਲਕਦਾ ਪੱਥਰ ਆਪਣੇ ਖੇਤ ਤੋਂ ਲਾਂਭੇ ਨਾ ਜਾ ਪਵੇ। ਅਸੀਂ ਦੁਆ ਹੀ ਕਰ ਸਕਦੇ ਹਾਂ ਕਿ ਤਿਲਕਦਾ ਪੱਥਰ ਕਿਸੇ ਜੀਂਦੇ ਜਾਗਦੇ ਇਨਸਾਨ ਤੇ ਨਾ ਡਿਗੇ।

ਅੱਜ ਦੀ ਰਾਤ ਮੇਰੇ ਲਈ ਕਹਿਰ ਦੀ ਰਾਤ ਸੀ। ਸਵੇਰੇ ਹਰੀ ਨੇ ਜਾਣਾ ਸੀ। ਅਮਰੀਕਾ ਵਿਚ ਬੈਠਾ ਮੈਂ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਅਮਰੀਕਾ ਵਿਚ ਬੈਠਾ ਮੈਂ ਹਰੀ ਦੇ ਸਰੀਰ ਦਾ ਇੰਤਜ਼ਾਰ ਕਰ ਰਿਹਾ ਸੀ। ਮੈਂ ਬਹੁਤ ਝੂਠ ਬੋਲ ਚੁੱਕਿਆ ਸੀ। ਚੰਗੇ ਤੋਂ ਚੰਗੇ ਸ਼ਬਦਾਂ ਨੂੰ ਚੁਰਾਇਆ ਸੀ ਮੈਂ। ਮੈਂ ਹਰੀ ਨੂੰ ਪ੍ਰਭਾਵਿਤ ਕਰਨ ਲਈ ਉਸ ਦੀਆਂ ਕਮਜ਼ੋਰੀਆਂ ਨੂੰ ਲੱਭਿਆ ਸੀ। ਉਸ ਦੀ ਬੀਤ ਰਹੀ ਜ਼ਿੰਦਗੀ ਨੂੰ ਮਜ਼ਲੂਮ ਸਾਬਤ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਸਨ। ਔਰਤ ਕੋਈ ਵਸਤੂ ਨਹੀਂ ਹੈ, ਔਰਤ ਕੋਈ ਗੁਲਾਮ ਨਹੀਂ ਹੈ। ਅੱਜ ਦੇ ਯੁੱਗ ਦੀ ਔਰਤ ਚੰਦ ਤਾਰਿਆਂ ਤੇ ਪਹੁੰਚ ਰਹੀ ਹੈ। ਹਵਾਈ ਜਹਾਜ਼ ਉਡਾ ਰਹੀ ਹੈ ਤੇ ਤੂੰ ਅਜੇ ਤੱਕ ਸਿਰਫ਼ ਆਪਣੇ ਪਤੀ ਨਾਲ ਰਹਿ ਰਹੀਂ ਹੈਂ? ਹੁਣ ਔਰਤ ਦੇ ਜਾਗਣ ਦਾ ਸਮਾਂ ਹੈ। ਬਹੁਤ ਗੁਲਾਮੀ ਝੇਲ ਲਈ ਸਮਾਜ ਦੀ। ਚੱਲ ਉੱਠ ਤੇ ਆ ਜਾ ਮੇਰੀਆਂ ਬਾਹਵਾਂ ਵਿਚ। ਮੈਂ ਤੈਨੂੰ ਅਜ਼ਾਦੀ ਦੇਵਾਂਗਾ। ਤੇਰੇ ਕੁਆਰੇ ਸੰਕਲਪਾਂ ਨੂੰ ਨਵਿਆਵਾਂਗਾ। ਛੋਟੇ ਜਿਹੇ ਖੂਬਸੂਰਤ ਪੱਥਰ ਨੂੰ ਮੇਰੇ ਪਾਣੀਆਂ ਦੀਆਂ ਛੱਲਾਂ ਨੇ ਆਪਣੀ ਜਗ੍ਹਾ ਤੋਂ ਸਰਕਾ ਦਿੱਤਾ ਸੀ। ਪੱਥਰ ਹਿਲ ਪਿਆ। ਆਪਣੀ ਜਗ੍ਹਾ ਤੋਂ ਥੋੜ੍ਹਾ ਜਿਹਾ ਸਰਕਿਆ।
ਉਸ ਦੇ ਥੋੜ੍ਹੇ ਜਿਹੇ ਸਰਕਣ ਤੋਂ ਬਾਦ ਮੈਂ ਚਾਹੁੰਦਾ ਸੀ ਉਹ ਦੁਬਾਰਾ ਆਪਣੀ ਜਗ੍ਹਾ ਤੇ ਫਿਟ ਹੋ ਜਾਏ। ਪਰ ਕਿੱਥੇ ਉਹ ਤੇ ਕਈਆਂ ਨੂੰ ਮਿੱਧਦਾ, ਰੋਲਦਾ, ਤੁਰਿਆ ਹੀ ਜਾ ਰਿਹਾ ਸੀ। ਉਸ ਦੀ ਚਾਲ ਹੁਣ ਮਟਕ ਵਾਲੀ ਨਹੀਂ ਸੀ। ਜਿਸ ਤਰ੍ਹਾਂ ਮੈਂ ਮਿੱਥ ਲਈ ਸੀ। ਬਖਸ਼ ਲਈਂ ਰੱਬਾ।

ਸਵੇਰੇ ਪੰਜ ਵਜੇ ਮੈਂ ਘਰੋਂ ਚੱਲ ਪਿਆ। ਕਾਰ ਰੈਂਟ ਕਰਦਿਆਂ ਮੈਂ ਅਜੀਬ ਤੱਕਣੀ ਨਾਲ ਪੱਥਰ ਵਲ ਵੇਖਿਆ। ਹਰੀ ਦੇ ਕੰਨ ਸੁੰਨੇ ਸਨ। ਹਮੇਸ਼ਾਂ ਲਟਕਦੀਆਂ ਵਾਲੀਆਂ ਉਹ ਘਰ ਰੱਖ ਆਈ ਸੀ। ਅੱਜ ਸ਼ਾਮ ਜਦੋਂ ਹਰੀ ਪਰਤੇਗੀ ਤਾਂ ਇਹਦੇ ਕੰਨਾਂ ਵਿਚ ਝੁਮਕੇ ਹੋਣਗੇ ਜਾਂ ਨਹੀਂ। ਕੀ ਕੱਲ੍ਹ ਇਹ ਕੰਮ ਤੇ ਵਾਲੀਆਂ ਪਹਿਨਕੇ ਆਵੇਗੀ ਜਾਂ ਝੁਮਕੇ। ਹਰੀ ਸਮਝਦੀ ਸੀ ਕਿ ਉਹ ਝੁਮਕੇ ਹੀ ਪਹਿਨੇਗੀ। ਵਾਲੀਆਂ ਤੇ ਝੁਮਕਿਆਂ ਦੀ ਦੋਹਰੀ ਜ਼ਿੰਦਗੀ ਜੀਣ ਲਈ ਬੇਤਾਬ ਹਰੀ, ਖੁਸ਼ ਦਿਸ ਰਹੀ ਸੀ। ਹਰੀ ਚਲੇ ਗਈ। ਲੈਫਟ ਟਰਨ ਲੈਕੇ ਹਰੀ ਨੇ ਰੈਂਟਲ ਕਾਰ ਨੂੰ ਅੱਖੋਂ ਉਹਲੇ ਕਰ ਲਿਆ।

ਮੈਂ ਅਮਰੀਕਾ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਅੱਜ ਮੈਂ ਜਿੱਤਣਾ ਸੀ। ਇਸ ਜਿੱਤ ਲਈ ਮੈਂ ਕਾਫੀ ਮੇਹਨਤ ਕੀਤੀ ਸੀ। ਮੇਰੇ ਤਿੱਖੇ ਜ਼ਹਿਰੀਲੇ ਡੰਗ ਮੈਨੂੰ ਸੁਆਦ ਦੇ ਰਹੇ ਸਨ। ਸਾਬਤ ਸਬੂਤ ਹਰੀ ਮੇਰੇ ਸਾਹਮਣੇ ਸੀ। ਪੱਥਰ, ਫੁੱਲਾਂ ਦੀ ਵਰਖਾ ਕਰ ਰਿਹਾ ਸੀ। ਰਿਮਝਿਮ, ਰਿਮਝਿਮ, ਨਿੱਕੀ ਨਿੱਕੀ ਕਣੀ ਨਾਲ ਮੈਂ ਭਿੱਜ ਰਿਹਾ ਸੀ। ਮੇਰੇ ਅੰਦਰ ਦੇ ਸੇਕ ਨਾਲ ਇੱਕਮਿੱਕ ਹੋਈ ਇਹ ਗਰਮਾਈ ਕਣੀ ਮੈਨੂੰ ਸੁਆਦ ਦੇ ਰਹੀ ਸੀ। ਫਿਰ ਇਸ ਰਿਮ ਝਿਮ ਨਾਲ ਮੈਨੂੰ ਠੰਢ ਲੱਗਣ ਲੱਗ ਪਈ। ਠੰਢ ਵਧਦੀ ਹੀ ਜਾ ਰਹੀ ਸੀ। ਨਿੱਘ ਦੀ ਗੁੰਜਾਇਸ਼ ਖਤਮ ਹੋਈ ਜਾ ਰਹੀ ਸੀ। ਹੌਲੀ ਹੌਲੀ ਇਸ ਗੁੰਜਾਇਸ਼ ਨੇ ਆਪਣੀ ਹੋਂਦ ਸਮੇਟ ਲਈ। ਹਰੀ ਖੁਸ਼ ਸੀ। ਬਹੁਤ ਹੀ ਖੁਸ਼। ਉਸ ਦੀ ਰੂਹ ਨਿੱਘ ਮਾਣ ਰਹੀ ਸੀ। ਭਿੱਜਦਿਆਂ ਤੇ ਭਿੱਜਣ ਤੋਂ ਪਹਿਲਾਂ, ਮੇਰੇ ਕੀਤੇ ਕੌਲ ਕਰਾਰ ਉਸ ਦੇ ਦਿਲ ਦਿਮਾਗ ਮੱਲੀ ਜਾ ਰਹੇ ਸਨ। ਮੱਥੇ ਤੇ ਚੰਨ ਉਕਰ ਰਿਹਾ ਸੀ। ਇਸ ਤੋਂ ਪਹਿਲਾਂ ਕਿ ਇਹ ਚੰਨ ਉਦੈ ਹੋ ਕੇ ਹਰੀ ਦੀ ਕੋਈ ਆਸ ਜਗਾਵੇ ਮੈਂ ਇਸ ਰੌਸ਼ਨ ਹੋ ਰਹੇ ਚੰਨ ਨੂੰ ਭੰਨ ਦੇਣ ਦਾ ਫੈਸਲਾ ਕਰ ਲਿਆ। ਸ਼ਾਇਦ ਇਹ ਫੈਸਲਾ ਨਹੀਂ ਸੀ। ਇਹ ਤੇ ਮੇਰੀ ਕੋਈ ਸਾਜਿਸ਼ ਸੀ। ਚਾਰੇ ਗਨੇਰੀਆਂ ਜਿੱਤਕੇ ਮੈਂ ਸੋਫੇ ਤੇ ਬੈਠ ਗਿਆ। ਮੇਰੇ ਥੋੜ੍ਹੇ ਜਿਹੇ ਉਧੜੇ ਬੂਟ ਮੇਰੇ ਵਲ ਦੇਖ ਰਹੇ ਸਨ।

ਮੇਰੀ ਅਗਲੀ ਕੀਤੀ ਜਾਣ ਵਾਲੀ ਗੱਲ ਹਰੀ ਦੀ ਸਮਝ ਤੋਂ ਬਾਹਰ ਸੀ। ਕੁਆਰੀ ਸਨੋ ਨਾਲ ਹਰੀ ਦੇ ਪੈਰ ਧੋਣ ਵਾਲੀ ਗੱਲ ਮੇਰੇ ਗਲੇ ਵਿਚ ਹੀ ਅੱਟਕ ਗਈ।

ਹਰੀ ਮੈਂ ਚਾਹੁੰਨੈਂ ਤੇਰੇ ਪੈਰਾਂ ਤੇ ਲੱਗੀ ਧੂੜ ਮੈਂ ਧੋਕੇ ਤੈਨੂੰ ਪਵਿੱਤਰ ਕਰ ਦਿਆਂ। ਸ਼ਾਇਦ ਇਹ ਗੱਲ ਦੁਬਾਰਾ ਸੁਣਨ ਲਈ ਹਰੀ ਦੀਆਂ ਸਾਰੀਆਂ ਇੰਦਰੀਆਂ ਉੱਤਸੁੱਕ ਸਨ। ਹਰੀ ਨੂੰ ਤੇ ਪਤਾ ਹੀ ਨਹੀਂ ਸੀ ਕਿ ਉਹ ਬਾਜੀ ਹਾਰ ਚੁੱਕੀ ਹੈ। ਇਹ ਪਲ ਪਿਆਰ ਦੇ ਪਲ ਨਹੀਂ ਸਗੋਂ ਬਾਜੀ ਦੀ ਸਿੱਧ ਪੁੱਠ ਦੇ ਪਲ ਸਨ। ਇਹ ਪਲ ਹਰੀ ਦੇ ਲਈ ਭਰਮ ਦੇ ਪਲ ਸਨ। ਲਿਬੜੇ ਪੈਰਾਂ ਤੋਂ ਬੇਖ਼ਬਰ ਹਰੀ, ਮੇਰੀਆਂ ਅੱਖਾਂ ਵਿਚੋਂ ਕੁਝ ਲੱਭਣ ਦੀ ਕੋਸ਼ਿਸ਼ ਕਰ ਰਹੀ ਸੀ।

ਮੈਂ ਤੇ ਕਦੇ ਵੀ ਹਰੀ ਨੂੰ ਇਹ ਨਹੀਂ ਕਿਹਾ ਸੀ ਕਿ ਮੈਂ ਸਿਰਫ਼ ਤੇਰਾ ਹਾਂ। ਸ਼ਾਇਦ ਮੇਰੇ ਸ਼ਬਦਾਂ ਦੇ ਹੇਰ ਫ਼ੇਰ ਨੇ ਹਰੀ ਨੂੰ ਪਜੈਸਿਵ ਬਣਾ ਦਿੱਤਾ ਸੀ। ਮੇਰੀ ਇੱਕ ਸੀਮਾ ਹੈ। ਹਰੀ ਦੀ ਵੀ ਇੱਕ ਸੀਮਾ ਹੋਣੀ ਚਾਹੀਦੀ ਹੈ। ਫਰਕ ਸਿਰਫ ਇਹ ਹੈ ਕਿ ਮੈਨੂੰ ਆਪਣੀ ਸੀਮਾ ਦੀ ਪਛਾਣ ਹੈ ਤੇ ਹਰੀ ਇਸ ਸੀਮਾ ਤੋਂ ਬੇਪਛਾਣ ਹੈ। ਆਈ ਕੈਂਟ ਅਫੋਰਡ ਇੱਟ।
ਅੱਜ ਸਾਰਾ ਦਿਨ ਮੈਂ ਬਹੁਤ ਹੀ ਬੇਚੈਨ ਰਿਹਾ। ਹਰੀ ਕੀ ਕਰ ਰਹੀ ਹੋਵੇਗੀ। ਉਸ ਦੇ ਕੰਨਾਂ ਵਿਚ ਝੁਮਕਿਆਂ ਨੂੰ ਲਟਕਾਉਂਣ ਵਾਲੀ ਪਿੰਨ ਪਈ ਹੋਵੇਗੀ ਜਾਂ ਨਹੀਂ। ਕਾਸ਼ ਹਰੀ ਮੈਨੂੰ ਮੁਆਫ ਕਰ ਦੇਵੇ। ਮੈਂ ਜਾਂ ਮੇਰੇ ਵਰਗੇ ਲੋਕਾਂ ਨੇ ਹਰੀ ਨੂੰ ਜਾਂ ਉਸ ਵਰਗੇ ਹੋਰ ਲੋਕਾਂ ਨੂੰ

ਬਥੇਰਾ ਖੁਆਰ ਕਰ ਲਿਆ ਹੈ। ਹਰੀ ਅੱਜ ਆ ਰਹੀ ਹੋਵੇਗੀ। ਕਾਸ਼ ਉਸ ਦੇ ਕੰਨ ਖਾਲੀ ਹੋਣ ਤੇ ਰੂਹ ਭਰੀ ਹੋਈ। ਕਾਸ਼ ਮੈਂ ਉਸ ਨੂੰ ਨਾ ਬਦਲਣ ਦੀ ਖਾਮੋਸ਼ ਕੋਸ਼ਿਸ਼ ਤੋਂ ਮੁਕਤ ਹੋ ਜਾਵਾਂ। ਕਿਤੇ ਮੈਨੂੰ ਕੁਝ ਪੁੱਛ ਹੀ ਨਾ ਲਵੇ। ਮੈਂ ਉਸ ਨੂੰ ਉਹਦੇ ਹਾਲ ਤੇ ਛੱਡ ਕੇ ਗੁਨਾਹ ਕੀਤਾ ਹੈ। ਮਸੀਂ ਚਾਰ ਵੱਜੇ ਤੇ ਫੇਰ ਛੇ ਵਜੇ ਹਰੀ ਦਾ ਫੋਨ ਆਇਆ। ਉਸ ਨੇ ਕਾਰ ਵਾਪਸ ਕਰ ਦਿੱਤੀ ਸੀ। ਮੈਂ ਕੁਝ ਨਾ ਪੁੱਛਿਆ।

ਅਗਲੇ ਦਿਨ ਹਰੀ ਕੰਮ ਤੇ ਨਾ ਆਈ। ਫਿਰ ਅਗਲੇ ਦਿਨ ਵੀ ਕੰਮ ਤੇ ਨਹੀਂ ਆਈ। ਮੈਨੂੰ ਫਿਕਰ ਲੱਗਾ। ਉਸ ਦਾ ਸਵਾਈਪ ਕਾਰਡ ਮੇਰੇ ਕੋਲ ਸੀ। ਨਾ ਕੋਈ ਫੋਨ ਨਾ ਸੁਨੇਹਾ। ਮੈਂ ਜਾਣਦਾ ਸੀ ਇਹ ਨਾਰਮਲ ਵਤੀਰਾ ਸੀ, ਇਹ ਇਸ ਤਰ੍ਹਾਂ ਹੀ ਹੋਣਾ ਸੀ। ਮੈਂ ਇਹ ਵੀ ਜਾਣਦਾ ਸੀ ਕਿ ਉਹ ਜਦੋਂ ਵੀ ਕੰਮ ਤੇ ਆਵੇਗੀ ਉਸ ਦੇ ਕੰਨ ਸੁੰਨੇ ਹੋਣਗੇ। ਬਰੇਲੀ ਦੇ ਬਜ਼ਾਰ ਵਿਚ ਡਿੱਗਾ ਝੁਮਕਾ ਅਜੇ ਤੱਕ ਕਿਸੇ ਨੂੰ ਨਹੀਂ ਲੱਭਾ ਫਿਰ ਹਰੀ ਕੀਹਦੇ ਪਾਣੀਹਾਰ ਹੈ।

ਤੀਸਰੇ ਦਿਨ ਸੁੰਨੇ ਕੰਨਾਂ ਨਾਲ ਹਰੀ ਕੰਮ ਤੇ ਆਈ। ਉਤਰਿਆ ਹੋਇਆ ਚੇਹਰਾ, ਅੱਖਾਂ ਵਿਚ ਲਾਲੀ ਤੇ ਮੂੰਹ ਤੇ ਕੁਝ ਕਹਿਣ ਦੀ ਕਾਹਲ ਨੇ ਉਸ ਦਾ ਹੁਲੀਆ ਵਿਗਾੜਿਆ ਹੋਇਆ ਸੀ। ਮੈਂ ਕੁਝ ਵੀ ਪੁੱਛਣਾ ਮੁਨਾਸਿਬ ਨਾ ਸਮਝਿਆ।

"ਸਰਜੀ ਤੁਸੀਂ ਬਹੁਤ ਖਰਾਬ ਹੋ।" ਟਿਮ ਹਾਰਟਨ ਦੀ ਨੁੱਕਰ ਵਿਚ ਬੈਠਿਆਂ ਹਰੀ ਦਾ ਪਹਿਲਾ ਵਾਕ ਮੇਰਾ ਜਾਣਿਆਂ ਪਛਾਣਿਆਂ ਸੀ।

"ਮੈਂ ਕੀ ਕੀਤਾ?"

"ਤੁਸੀਂ ਹਮਕੋ ਵਰਜਿਆ ਕਿਉਂ ਨਹੀਂ?"

"ਮੇਰੇ ਵਰਜਣ ਦਾ ਕੋਈ ਫਾਇਦਾ ਨਹੀਂ ਸੀ।"

"ਪਰ ਤੁਸੀਂ ਕੋਸ਼ਿਸ਼ ਵੀ ਨਹੀਂ ਕੀਤੀ।"

"ਮੈਂ ਕਿਹਾ ਨਹੀਂ ਸੀ ਕਿ ਇਹ ਠੀਕ ਨਹੀਂ? ਸ਼ਾਇਦ ਤੈਨੂੰ ਯਾਦ ਨਹੀਂ।"

"ਮੈਨੂੰ ਸਭ ਯਾਦ ਹੈ।"

"ਮੈਨੂੰ ਪਤਾ ਹੈ ਕਿ ਤੈਨੂੰ ਸਭ ਯਾਦ ਹੈ। ਮੈਨੂੰ ਇਹ ਵੀ ਪਤਾ ਸੀ ਕਿ ਤੂੰ ਗਰੈਵੀਟੇਸ਼ਨ ਤੋਂ ਪਰ੍ਹੇ ਜਾ ਰਹੀ ਹੈਂ। ਮੈਂ ਇਹ ਵੀ ਸਮਝਦਾ ਸੀ ਕਿ ਜੇ ਮੈਂ ਕੋਈ ਧੱਕੇ ਨਾਲ ਕੁਝ ਕਹਿਣਾ ਚਾਹਿਆ ਵੀ ਤਾਂ ਤੂੰ ਸੁਣਨਾ ਨਹੀਂ। ਉਹ ਤੇਰੇ ਛਣ, ਸੁਣਨ ਦੇ ਕਾਬਲ ਹੀ ਨਹੀਂ ਸਨ। ਤੂੰ ਆਪ ਹੀ ਤੇ ਕਹਿੰਦੀ ਸੀ ਮੈਂ ਕੋਈ ਪਾਦਰੀ ਨਹੀਂ ਹਾਂ। ਮੈਂ ਤੇ ਚਾਹਿਆ ਸੀ, ਪਰ ਮੇਰੇ ਚਾਹੁਣ ਨਾਲ ਕੀ ਹੁੰਦਾ ਹੈ?"

"ਹਾਂ ਕੀ ਲੋੜ ਸੀ, ਹਮ ਥੋਡੀ ਕੋਈ ਆਪਣੀ ਥੋੜ੍ਹਾ ਸੀ ਜੋ ਵਰਜਦੇ।"

"ਦੇਖ ਹਰੀ, ਨਾਤਿਆਂ ਦਾ ਵਾਸਤਾ ਨਾ ਦੇ। ਨਾਤਿਆਂ ਦੇ ਆਪਣੇ ਬੋਲ ਹੁੰਦੇ ਹਨ। ਇਹ ਬੋਲ, ਜ਼ਿੰਦਗੀ ਦੀ ਕਮਾਈ ਦੇ ਹਾਣੀ ਨਹੀਂ ਹੁੰਦੇ। ਮੈਂ ਤੇ ਸਿਰਫ ਇਹ ਚਾਹੁੰਦਾ ਸੀ ਕਿ ਘੁੱਪ ਹਨੇਰੀ ਗਲੀ ਲੰਘਦਿਆਂ ਤੇਰੇ ਤੇ ਕਿਸੇ ਦੀ ਰੋਸ਼ਨੀ ਨਾ ਪੈ ਜਾਵੇ। ਮੇਰੀ ਵੀ ਨਹੀਂ। "

"ਪਰ ਤੁਸੀਂ ਦੋਸਤੀ ਵੀ ਨਹੀਂ ਨਿਭਾਈ। ਚਲੋ ਠੀਕ ਅੱਜ ਮੈਂ ਕਨਫੈਸ਼ਨ ਬੌਕਸ ਵਿਚ ਖੜੇ ਫਾਦਰ ਨਾਲ ਮਿਲਦੀ ਹਾਂ।"

"ਪਰ ਤੇਰਾ ਤੇ ਚੇਹਰਾ ਨੰਗਾ ਹੈ, ਮੇਰਾ ਜਾਣਿਆਂ ਪਛਾਣਿਆਂ, ਤੈਨੂੰ ਨੇਕ ਸਲਾਹ ਨਹੀਂ ਦੇ ਸਕਦਾ। ਤੈਨੂੰ ਇਹ ਨਹੀਂ ਕਹਿ ਸਕਦਾ ਕਿ ਕਨਫੈਸ਼ਨ ਕਰਕੇ ਆਪਣੇ ਆਪ ਨੂੰ ਸੁਰਖ਼ਰੂ ਕਰਦੇ। ਰੱਬ ਬਖਸ਼ਣਹਾਰ ਹੈ। ਬੰਦਾ ਭੁੱਲਣਹਾਰ ਹੈ। ਬਹੁਤੇ ਸਿਆਣਿਆਂ ਵਾਂਗ ਇਹ ਵੀ ਨਹੀਂ ਕਹਿ ਸਕਦਾ ਕਿ ਆਪਣੀਆਂ ਖਾਹਸ਼ਾਂ ਨੂੰ ਦਬਾਉ ਨਹੀਂ। ਉਹਨਾਂ ਨੂੰ ਪੂਰਾ ਕਰਕੇ ਹੀ ਰੱਬੀ ਮਾਰਗ ਤੇ ਜਾ ਸਕਦੇ ਹੋ। ਤੈਨੂੰ ਆਪਣੇ ਹਿੱਸੇ ਦਾ ਭਟਕਣਾ ਤੇ ਪੈਣਾ ਹੀ ਹੈ। "

"ਚੱਲ ਕਥਾ ਸੁਣਾ ਆਪਣੀ।"

"ਕਾਹਦੀ ਕਥਾ, ਇਤਨਾ ਅਪੋਲੋਜੈਟਿਕ ਤੇ ਫੈਮਨਿਸ਼ਟ ਬੰਦਾ ਮਹਿਸੂਸ ਕਰਕੇ ਮੈਨੂੰ ਤਾਂ ਉਦਾਂ ਹੀ ਕੋਫ਼ਤ ਹੁੰਦੀ ਹੈ। ਹਰ ਗੱਲ ਤੇ ਮੁਆਫੀ ਹਰ ਗੱਲ ਤੇ ਲੌਜਿਕ, ਇਸਤਰਾਂ ਵੀ ਕਦੇ ਹੁੰਦਾ ਹੈ? ਬੰਦਾ ਗੁਨਾਹ ਵੀ ਕਰੇ ਤਾਂ ਹਿੱਕ ਤਾਣਕੇ ਕਰਨਾ ਚਾਹੀਦਾ ਹੈ। ਰੀਂਗਦੇ ਕੀੜਿਆਂ ਵਾਂਗ ਨਹੀਂ।"

"ਫੇਰ ਤੂੰ ਦੱਸ ਕਿਸ ਤਰ੍ਹਾਂ ਹੋਣਾ ਚਾਹੀਦਾ ਹੈ?"

"ਬੰਦਾ ਕਿਤੇ ਤਾਂ ਅੜਬੀ ਹੋਵੇ। ਆਪਣੀ ਗੱਲ ਮੰਨਾਵੇ ਧੱਕੇ ਨਾਲ । ਪੂਰਨੇ ਪਾਈ ਫੱਟੀ ਤੇ ਹੀ ਲਿਖੀ ਜਾਣਾ। ਇਹ ਵੀ ਕੋਈ ਸਲੀਕਾ ਹੈ?"

"ਹਰੀ ਤੈਨੂੰ ਇੱਕ ਗੱਲ ਦੱਸਾਂ? ਤੇਰੇ ਆਪਣੇ ਬਾਰੇ।"

"ਹਾਂ ਦੱਸੋ?"

"ਤੈਨੂੰ ਡੌਮੀਨੇਸ਼ਨ ਚਾਹੀਦੀ ਹੈ ਤੇ ਇਹ ਅਰੇਂਜਡ ਇਸ਼ਕ ਵਿਚੋਂ ਨਹੀਂ ਮਿਲਦੀ।"

"ਫਿਰ ਕਿਥੋਂ ਮਿਲੇਗੀ?"

"ਸਿਰਫ ਪਰਮਿੰਦਰ ਕੋਲੋਂ। ਉਹਦੇ ਕੋਲ ਸਭ ਕੁਝ ਹੈ, ਤੇਰੇ ਝੁਮਕੇ ਵੀ। ਸਿਰਫ ਤੈਨੂੰ ਦਿਸਦੇ ਨਹੀਂ।"

"ਫਿਰ ਇਹ ਭਟਕਣ ਕਿਉਂ?"

"ਇਹ ਭਟਕਣ ਨਹੀਂ। ਇਹ ਕੋਈ ਇਸ਼ਕ ਉਸ਼ਕ ਨਹੀਂ। ਇਹ ਤੇ ਹਵਸ ਹੈ। ਤੇਰੀ ਆਪਣੀ ਪਾਲੀ ਤੇ ਲਾਡਾਂ ਨਾਲ ਪ੍ਰਵਾਨ ਚੜਾਈ, ਬਚਪਨ ਤੋਂ ਲੈ ਕੇ ਹੁਣ ਤੱਕ ਉੱਕਰੀ ਹੋਈ, ਇੱਕ ਐਸੀ ਤਮੰਨਾ, ਜਿਸਨੇ ਤੈਨੂੰ ਅੰਨਾ ਕੀਤਾ ਹੋਇਆ ਹੈ। ਦੁਲਹਨ ਬਣਨ ਦਾ ਪਲ, ਤੂੰ ਆਪਣੇ ਹੱਥ ਨਾਲ ਘੁੱਟਕੇ ਫੜਿਆ ਹੋਇਆ ਹੈ। ਤੂੰ ਆਪਣੇ ਆਪ ਨੂੰ ਸਜਾਕੇ ਬੈਠ ਗਈ। ਤੂੰ ਸਮਝਦੀਂ ਹੈਂ ਕਿ ਤੇਰੀ ਸਜਾਵਟ ਨੂੰ ਕਿਸੇ ਦੇਖਿਆ ਨਹੀਂ ਮਾਣਿਆਂ ਨਹੀਂ। ਤੈਨੂੰ ਪਤਾ ਚਰਖੇ ਦੀ ਘੂਕਰ ਅਜੇ ਵੀ ਜ਼ਿੰਦਾ ਹੈ? ਜੋਗੀ ਸੈੱਲ ਫੋਨਾਂ ਦੇ ਹੁੰਦੇ ਸੁੰਦੇ ਅਜੇ ਵੀ ਪਹਾੜਾਂ ਤੋਂ ਲਹਿੰਦੇ ਹਨ। ਪੌੜੀ ਦੇ ਹਰ ਡੰਡੇ ਦਾ ਆਪਣਾ ਇੱਕ ਨਜ਼ਰੀਆ ਹੁੰਦਾ ਹੈ। ਪਰਮਿੰਦਰ ਕਿਸੇ ਉਪਰਲੇ ਡੰਡੇ ਤੇ ਖੜਾ ਆਪਣੇ ਬੱਚਿਆਂ ਦੀ ਖਾਤਰ ਧੰਨ ਇੱਕਠਾ ਕਰਨ ਵਿਚ ਰੁਝਿਆ ਹੋਇਆ ਹੈ। "

"ਮੈਂ ਅਜੇ ਹਮਿਲਟਨ ਵੀ ਨਹੀਂ ਪਹੁੰਚੀ ਸੀ ਜਦੋਂ ਪਰਮਿੰਦਰ ਦਾ ਫੋਨ ਆ ਗਿਆ। ਕਹਿੰਦੈ ਹਰੀ ਮੈਨੂੰ ਤੁਰਨ ਲਗਿਆਂ ਯਾਦ ਨਹੀਂ ਰਿਹੈ। ਪਿੱਛਲੇ ਹਫਤੇ ਹੀ ਤੂੰ ਟਵਿੰਕਲ ਦੀ ਐਜੂਕੇਸ਼ਨ ਪਲੈਨ ਦੀ ਗੱਲ ਕੀਤੀ ਸੀ। ਮੈਂ ਆਰ. ਈ. ਐਸ. ਪੀ ਦਾ ਚੈੱਕ ਕੱਟਕੇ ਤੇਰੇ ਡਰੈਸਿੰਗ ਟੇਬਲ ਤੇ ਰੱਖ ਦਿੱਤਾ ਹੈ। ਚੇਤੇ ਨਾਲ ਪੋਸਟ ਕਰ ਦੇਵੀਂ।

ਉਦੋਂ ਮੈਨੂੰ ਕੁਝ ਵੀ ਮਹਿਸੂਸ ਨਹੀਂ ਹੋਇਆ। ਮੈਂ ਤੇ ਹਵਾ ਨਾਲ ਗੱਲਾਂ ਕਰ ਰਹੀ ਸੀ।

ਠੰਢੀ ਠੰਢੀ ਪੌਣ ਨੂੰ ਮੈਂ ਹੱਥਾਂ ਰਾਹੀਂ ਜਿਸਮ ਨਾਲ ਛੋਹ ਰਹੀ ਸੀ। ਕੋਲੋਂ ਲੰਘ ਰਹੇ ਦਰੱਖ਼ਤਾਂ ਦੀ ਤੇਜ਼ ਰਫਤਾਰੀ ਨੇ ਹਮਕੋ ਸਰੂਰਿਆ ਹੋਇਆ ਸੀ। ਦਰੱਖਤਾਂ ਨਾਲੋ ਟੁੱਟੇ ਪੱਤਿਆਂ ਦਾ ਨਾਚ ਦੇਖ ਰਹੀ ਸੀ। ਹਵਾ ਬਹੁਤ ਤੇਜ਼ ਵੱਗ ਰਹੀ ਸੀ। ਰੈਂਟਲ ਕਾਰ, ਤੇਜ਼ ਹਵਾ ਨੂੰ ਚੀਰਦੀ ਹੋਈ ਅਵਾਜ਼ ਪੈਦਾ ਕਰ ਰਹੀ ਸੀ। ਉਹ ਅਵਾਜ਼ ਨਹੀਂ ਸੰਗੀਤ ਸੀ। ਉਸ ਅਵਾਜ਼ ਨੂੰ ਫੜਨ ਲਈ ਮੈਂ ਕਾਰ ਦਾ ਸ਼ੀਸ਼ਾ ਥੋੜ੍ਹਾ ਜਿਹਾ ਹੇਠਾਂ ਕੀਤਾ। ਦੋ ਪੱਤੇ ਅਗੜ ਪਿੱਛੜ ਉੱਡ ਰਹੇ ਸਨ। ਇੱਕ ਥੋੜ੍ਹਾ ਜਿਹਾ ਹੀ ਦੂਰ ਉੱਡਦਾ ਨੱਚਦਾ ਗਾਉਂਦਾ ਕੁਝ ਜ਼ਿਆਦਾ ਹੀ ਅੱਗੇ ਲੰਘ ਗਿਆ। ਫੇਰ ਪਤਾ ਨਹੀਂ ਉਸ ਨੂੰ ਕੀ ਸੁੱਝਾ, ਉਸ ਨੇ ਝੋਲ ਜਿਹੀ ਮਾਰਕੇ ਆਪਣੀ ਗਤੀ ਘਟਾਈ ਕਿ ਐਨੇ ਨੂੰ ਪਿਛਲਾ ਪੱਤਾ ਉਸ ਦੇ ਵਿਚ ਵੱਜਦਾ ਵੱਜਦਾ ਬਚਿਆ। ਮੈਂ ਸੋਚ ਰਹੀ ਸੀ ਕਿ ਜੇ ਮੈਂ ਉਹ ਪਿੱਛਲਾ ਪੱਤਾ ਹੁੰਦੀ ਤਾਂ ਮੈਂ ਉਸ ਦੇ ਵਿਚ ਵੱਜਣਾ ਹੀ ਵੱਜਣਾ ਸੀ। ਮੈਂ ਮੁਸਕਰਾ ਪਈ। ਮੈਂ ਆਪਣੇ ਪਰਸ ਵਿਚੋਂ ਗੰਮ ਕੱਢਕੇ ਮੂੰਹ ਵਿਚ ਪਾਇਆ। ਮਿਰਰ ਵਿਚੋਂ ਆਪਣਾ ਮੂੰਹ ਦੇਖਿਆ। ਪਰਸ ਵਿਚੋਂ ਲਿਪਸਟਿਕ ਕੱਢਕੇ ਹੱਥ ਵਿਚ ਫੜ ਲਈ। ਮੈਨੂੰ ਪਤਾ ਸੀ ਅਜੇ ਇਸਦੀ ਲੋੜ ਨਹੀਂ ਪਰ ਫਿਰ ਵੀ ਪਤਾ ਨਹੀਂ ਮੈਨੂੰ ਕਾਹਦੀ ਕਾਹਲੀ ਸੀ। ਮੈਂ ਪੱਤਿਆਂ ਤੋਂ ਕਾਫੀ ਅੱਗੇ ਨਿਕਲ ਆਈ ਸੀ। ਸਟੋਨੀ ਕਰੀਕ ਲੰਘ ਕੇ ਮੈਂ ਟੇਪ ਲਾ ਲਈ। ਤੁਹਾਡੀ ਦਿੱਤੀ ਕੈਸਟ ਮੈਨੂੰ ਪਸੰਦ ਨਹੀਂ ਆਈ। ਮੈਂ ਆਪਣੀ ਬਹੁਤ ਪਿਆਰ ਨਾਲ ਤਿਆਰ ਕੀਤੀ ਕੈਸਿਟ ਲਾ ਲਈ। ਮਿਰਰ ਵਿਚੋਂ ਮੈਂ ਆਪਣੀ ਮੁਸਕਰਾਹਟ ਦੇਖ ਕੇ ਮੁਸਕਰਾ ਪਈ। ਸਰਜੀ, ਮੇਰੇ ਨਹੀਂ ਖਿਆਲ ਹਮਨੇ ਪਹਿਲਾਂ ਕਿਤੇ ਐਨੇ ਹੁਲਾਸ ਪਲ ਗੁਜ਼ਾਰੇ ਹੋਣ। ਸਿਰਫ ਆਪਣੇ ਆਪ ਨਾਲ। ਕੋਈ ਸਾਥ ਨਹੀਂ, ਕੋਈ ਖਿਆਲ ਨਹੀਂ। ਕੋਈ ਪਰਮਿੰਦਰ ਨਹੀਂ ਕੋਈ ਸਾਇਆ ਨਹੀਂ। ਹੁਲਾਸ ਦੀ ਇਹ ਉਡਾਣ ਟਰਾਂਟੋ ਤੋਂ ਸ਼ੁਰੂ ਹੋ ਕੇ ਬਫਲੋ ਤੱਕ, ਉਸ ਦੇ ਮਿਲਣ ਤੋਂ ਪਹਿਲਾਂ ਤੱਕ ਸੀ। ਸਰਜੀ, ਕੀ ਇਹ ਹੁਲਾਸ ਦੁਬਾਰਾ ਆ ਕੇ ਠਹਿਰ ਸਕਦਾ ਹੈ ਮੇਰੀ ਜ਼ਿੰਦਗੀ ਵਿਚ?"

ਮੈਂ ਮੁਸਕਰਾ ਪਿਆ, "ਤੇ ਬਫਲੋ ਤੋਂ ਟਰਾਂਟੋ ਤੱਕ ਦੀ ਉੱਡਾਣ ਬਾਰੇ ਤੇਰਾ ਕੀ ਖਿਆਲ ਹੈ?"

"ਮੇਰੀ ਜ਼ਿੰਦਗੀ ਦੇ ਸਭ ਤੋਂ ਬਦਤਰ ਪਲ। ਜਿਨ੍ਹਾ ਨੂੰ ਯਾਦ ਕਰਕੇ ਹੀ ਘੌਲ ਆਉਂਦੀ ਹੈ। ਦਿਲ ਕਰਦਾ ਹੈ ਮਲ ਮਲ ਕੇ ਨਹਾਵਾਂ ਪਰ ਹਰ ਵਾਰ ਲੱਗੇਗਾ ਕਿ ਜਿਵੇਂ ਕੁਝ ਮੈਲ ਰਹਿ ਗਈ ਹੈ।"

"ਵਾਪਸੀ ਤੇ ਉੱਡਦੇ ਹੋਏ ਪੱਤੇ ਕਿਵੇਂ ਲੱਗੇ?"

"ਕਲੋਲਾਂ ਕਰਦੇ ਪੱਤੇ ਹੈ ਹੀ ਕਿੱਥੇ ਸਨ ਵਾਪਸੀ ਵੇਲੇ?"

"ਪੱਤੇ ਤੇ ਹੈ ਸਨ ਸਿਰਫ਼ ਉਹਨਾਂ ਨੂੰ ਦੇਖਣ ਦੀ ਤੇਰੀ ਇੱਛਾ ਖ਼ਤਮ ਹੋ ਗਈ ਸੀ।"

"ਤੁਹਾਨੂੰ ਕਿਵੇਂ ਪਤਾ?"

"ਮੈਂ ਵੀ ਕਿਸੇ ਵਕਤ ਆਪਣੀ ਸਹੀ ਲੋੜ ਦਾ ਨਿਰਾਦਰ ਇਸੇ ਤਰ੍ਹਾਂ ਹੀ ਕੀਤਾ ਸੀ। ਮੈਨੂੰ ਵੀ ਸੋਨੇ ਦਾ ਖਰੀਦਿਆ ਛੱਲਾ ਬਹੁਤ ਮਹਿੰਗਾ ਲੱਗਾ ਸੀ।"

"ਹੁਣ ਮੈਂ ਕੀ ਕਰਾਂ?"

"ਇੱਕ ਦੂਜੇ ਨੂੰ ਨਾ ਬਦਲਣ ਦੀ ਸ਼ਰਤ ਕੁਝ ਨਰਮ ਕਰੇਂ ਤਾਂ ਦੱਸਾਂ?"

"ਹਾਂ ਹਾਂ ਦੱਸੋ।" ਹਰੀ ਨੇ ਕਾਹਲੀ ਪੈਕੇ ਕਿਹਾ।

"ਕੱਲ੍ਹ ਮੈਂ ਇੱਕ ਟੀਵੀ ਸ਼ੋ ਦੇਖ ਰਿਹਾ ਸੀ। ਇੱਕ ਮੋਟੀ ਠੁੱਲੀ ਪਰ ਗੋਰੀ ਚਿੱਟੀ ਕੁੜੀ ਸਟੇਜ ਤੇ ਬੈਠੀ ਸੀ। ਹੋਸਟ ਮਾਈਕ ਫੜਕੇ ਮਸਾਲੇਦਾਰ ਛੁਰਲੀਆਂ ਛੱਡ ਰਿਹਾ ਸੀ ਤੇ ਦਰਸ਼ਕ ਸਟੇਜ ਦੇ ਥੱਲੇ ਕੁਰਸੀਆਂ ਤੇ ਬੈਠੇ ਤਾੜੀਆਂ ਮਾਰ ਮਾਰ ਹੱਸ ਰਹੇ ਸਨ। ਇਤਨੇ ਨੂੰ ਸਟੇਜ ਤੇ ਪਏ ਇੱਕ ਵਡੇ ਟੀਵੀ ਸਕਰੀਨ ਤੇ ਇੱਕ ਗੰਜਾ ਜਿਹਾ ਭਲਵਾਨ ਆਇਆ। ਠੁਲੀ ਕੁੜੀ ਆਪਣੀ ਕੁਰਸੀ ਤੋਂ ਉੱਠਕੇ ਉਸ ਨੂੰ ਅਵਾ ਤਵਾ ਬੋਲਣ ਲੱਗ ਪਈ। ਦੋਵੇਂ ਚੀਕਾਂ ਮਾਰ ਰਹੇ ਸਨ ਤੇ ਦਰਸ਼ਕ ਹਸ ਹਸਕੇ ਲੋਟ ਪੋਟ ਹੋ ਰਹੇ ਸਨ। ਇਸ ਤਰ੍ਹਾਂ ਲੱਗਦਾ ਸੀ ਕਿ ਜੇ ਇਹ ਗੰਜਾ ਭਲਵਾਨ ਸਟੇਜ ਤੇ ਆ ਜਾਵੇ ਤਾਂ ਇਸ ਮੋਟੀ ਠੁੱਲੀ ਕੁੜੀ ਨੇ ਉਸ ਦਾ ਕਤਲ ਕਰ ਦੇਣਾ ਹੈ। ਹੋਸਟ ਨੇ ਜ਼ੋਰਦਾਰ ਜਿਹੀ ਚੀਕ ਮਾਰੀ ਤੇ ਉਹ ਭਲਵਾਨ ਸਚਮੁੱਚ ਹੀ ਸਟੇਜ ਤੇ ਆ ਗਿਆ। ਉਹ ਦੋਵੇਂ ਮਰਨ ਮਰਾਨ ਤੇ ਉਤਾਰੂ ਸਨ ਤੇ ਦਰਸ਼ਕ ਹੱਸ ਹੱਸਕੇ ਦੂਹਰੇ ਚੌਹਰੇ ਹੋ ਰਹੇ ਸਨ। ਗੱਲ ਵਿਚੋਂ ਇਹ ਸੀ ਕਿ ਹੋਸਟ ਨੇ ਪਤਾ ਲਗਾਉਣਾ ਸੀ ਕਿ ਮੋਟੀ ਠੁੱਲੀ ਕੁੜੀ ਦੇ ਹੋਇਆ ਬੇਬੀ

ਬੁਆਏ ਦਾ ਬਾਪ ਕੌਣ ਹੈ। ਇਹ ਗੱਲ ਉਹ ਪਹਿਲਾਂ ਹੀ ਸਵੀਕਾਰ ਕਰ ਚੁੱਕੀ ਸੀ ਕਿ ਉਸ ਨੂੰ ਚਾਰ ਬੰਦਿਆਂ ਤੇ ਸ਼ੱਕ ਹੈ। ਦਰਸ਼ਕਾਂ ਲਈ ਬੜੀ ਦਿਲਚਸਪ ਕੁਵਿਜ ਸੀ। ਸਪੌਨਸ਼ਰਜ਼ ਦੇ ਐਡ ਲਗਾਤਾਰ ਆ ਰਹੇ ਸਨ। ਸੁਝਾ ਦਰ ਸੁਝਾਵਾਂ ਨਾਲ ਗੱਲ ਇੱਥੇ ਨਿਬੜੀ ਕਿ ਡੀ.ਐਨ.ਏ. ਟੈਸਟ ਕਰਾ ਲਿਆ ਜਾਵੇ।"

"ਇਹੋ ਜਿਹੇ ਸ਼ੋ ਤਾਂ ਚਲਦੇ ਹੀ ਰਹਿੰਦੇ ਹਨ ਪਰ ਤੁਸੀਂ ਇਸ ਦਾ ਜ਼ਿਕਰ ਕਿਉਂ ਕਰ ਰਹੇ ਹੋ?"

"ਹਰੀ ਮੇਰੀ ਹੈਰਾਨੀ ਦਾ ਕਾਰਣ ਉਹ ਹੋਸਟ, ਉਹ ਸਪੋਨਸਰਜ਼, ਸ਼ੋ, ਉਹ ਭਲਵਾਨ ਮੁੰਡਾ ਜਾਂ ਮੋਟੀ ਠੁੱਲੀ ਕੁੜੀ ਨਹੀਂ ਹੈ। ਬਲਕਿ ਦਰਸ਼ਕਾਂ ਦੀ ਅਸੈਪਟੰਸ ਹੈ ਜਾਂ ਤੇਰਾ ਇਹ ਕਹਿਣਾ ਕਿ ਐਸੇ ਸ਼ੋ ਤਾਂ ਚਲਦੇ ਹੀ ਰਹਿੰਦੇ ਹਨ। ਤਾੜੀਆਂ ਮਾਰ ਰਹੇ ਘਰਾਂ ਵਿਚ ਬੈਠੇ ਅਨਗਿਣਤ ਟੀਵੀ ਸਿਕਨਿਸ ਨਾਲ ਪੀੜਤ ਰੋਗੀ ਹੀ ਤੇਰੇ ਝੁਮਕਿਆਂ ਦੇ ਚੋਰ ਹਨ। ਮੇਰੀ ਤੈਨੂੰ ਇਕੋ ਸਲਾਹ ਹੈ, ਇਹ ਸਲਾਹ ਹੀ ਨਹੀਂ ਤੇਰਾ ਨਸੀਬ ਹੈ। ਆਪਣੀ ਪਸੰਦ ਦੇ ਝੁਮਕੇ ਆਪ ਖਰੀਦ ਤੇ ਰੁਮਕਦੀ ਫੁਰਸਤ ਵਿਚ ਪਰਮਿੰਦਰ ਨੂੰ ਕਹਿ ਉਹ ਤੁਮਰੇ ਕੰਨਾਂ ਨੂੰ ਸ਼ਿੰਗਾਰੇ।"

"ਹਮਰੇ ਤੁਮਰੇ ਕੀਤਾ ਤਾਂ ਮਾਰ ਖਾਉਗੇ, ਖੋਤੇ ਸਰਜੀ।" ਹਰੀ ਨੇ ਅਪਣੇ ਰਿੜ੍ਹੇ ਜਾ ਰਹੇ ਪੱਥਰ ਨੂੰ ਜਿਵੇਂ ਕੋਈ ਜਗ੍ਹਾ ਦੇ ਦਿਤੀ ਹੋਵੇ।

"ਮੇਰੇ ਤੇ ਕਿਤਨਾ ਕੁ ਯਕੀਨ ਹੈ?"

"ਬਹੁਤ।"

"ਚੱਲ ਆਪਣੀ ਕੁਰਸੀ ਨੂੰ ਕੁਝ ਪਿੱਛੇ ਕਰ।"

ਹਰੀ ਨੇ ਕੁਰਸੀ ਪਿੱਛੇ ਵੱਲ ਸਰਕਾ ਲਈ।

"ਹੁਣ ਆਪਣੇ ਸੱਜੇ ਪੈਰ ਨੂੰ ਕਲਾਕ ਵਾਈਜ਼ ਘੁੰਮਾ।" ਹਰੀ ਨੇ ਮੇਰੇ ਆਖੇ ਲੱਗ ਕੇ ਸੱਜੇ ਪੈਰ ਨੂੰ ਕਲਾਕ ਵਾਈਜ਼ ਘੁੰਮਾਉਣਾ ਸ਼ੁਰੂ ਕਰ ਦਿੱਤਾ।

"ਹੁਣ ਆਪਣੇ ਸੱਜੇ ਹੱਥ ਦੀ ਕਿਸੇ ਵੀ ਉਂਗਲ ਨਾਲ ਹਵਾ ਵਿਚ ਛੇ ਲਿਖ।" ਹਰੀ ਨੇ ਇਸ ਤਰ੍ਹਾਂ ਹੀ ਕੀਤਾ। ਜਿਉਂ ਹੀ ਉਸ ਨੇ ਇਸ ਤਰ੍ਹਾਂ ਕੀਤਾ। ਗੜਬੜ ਹੋ ਗਈ। ਪੈਰ ਕਿਤੇ ਛੇ ਕਿਤੇ।

"ਦਿਮਾਗ ਦੀ ਤਰ੍ਹਾਂ ਸਾਡਾ ਜੀਣਾ ਵੀ ਪ੍ਰੀ-ਪਰੋਗਰਾਮਡ ਹੈ।" ਮੈਂ ਆਪਣੇ ਫੋਨ ਨੂੰ ਬੇਮਤਲਬ ਹੀ ਪੁੱਠਾ ਕਰਕੇ ਕਿਹਾ।

ਹਰੀ ਨੇ ਗੱਲ ਨੂੰ ਸਮਝ ਲਿਆ ਸੀ। ਉਸ ਦਾ ਯਕੀਨ ਸੀ ਕਿ ਇਹ ਨਹੀਂ ਹੋ ਸਕਦਾ ਜਾਂ ਪੈਰ ਘੁੰਮਾ ਲਵੋ ਤੇ ਜਾਂ ਹਵਾ ਵਿਚ ਛੇ ਲਿਖ ਲਵੋ। ਉਸ ਦੀਆਂ ਅੱਖਾਂ ਦੇ ਚਾਨਣ ਨੇ ਆਪਣੇ ਆਪ ਨੂੰ ਸਵਾਇਆ ਕਰ ਲਿਆ। ਸ਼ਾਇਦ ਉਹ ਚਾਹੁੰਦੀ ਸੀ ਕਿ ਕੋਈ ਉਸ ਨੂੰ ਯਕੀਨ ਦਵਾ ਦੇਵੇ।

"ਧੰਨਵਾਦ, ਤੂੰ ਦੁਬਾਰਾ ਟਰਾਈ ਨਹੀਂ ਕੀਤੀ। ਪਰ ਸੁਨੀਤਾ ਨੇ ਮੇਰੀ ਗੱਲ ਨਹੀਂ ਸੁਣੀ ਸੀ।"●●

---

# ਦੋ ਕਵਿਤਾਵਾਂ

## ਨਦੀਮ ਪਰਮਾਰ

### ਇੱਛਾ

ਦੇਖ ਕੇ ਧਰਮ ਖਾਤਰ ਲੜ ਰਹੇ ਲੋਕਾਂ ਨੂੰ
ਹੁਣ ਤਾਂ ਮੈਨੂੰ ਆਪਣੇ ਪੁਰਖੀ ਧਰਮ ਦਾ
ਅਨੁਗਾਮੀ ਅਖਵਾਉਣ ਤੋਂ ਆਉਂਦੀ ਹੈ ਸ਼ਰਮ
ਸੋਚਦਾ ਹਾਂ
ਪੱਥਰ ਯੁੱਗ ਵਿਚ ਮੁੜ ਜਾਵਾਂ
ਆਪਣੀਆਂ ਜੜ੍ਹਾਂ ਤਲਾਸ਼ਾਂ
ਤੇ ਮੁੜ ਉਹੀ ਬਣ ਜਾਵਾਂ
ਭਾਵੇਂ ਉਹ ਉਜੱਡ ਹੀ ਕਿਉਂ ਨਾ ਸਨ
ਪਰ ਸਨ ਤੇ
ਸਿੱਧੇ ਸਾਦੇ ਸਾਦਾ ਲੋਕ।

### ਉੱਚਿਤ ਵਿਸ਼ੇਸ਼ਣ

ਸਾੜਦੇ ਹਨ ਜੋ ਲੋਕ ਆਪਣੇ ਮੁਲਕ ਦਾ ਝੰਡਾ
ਤੇ ਪਾਉਂਦੇ ਹਨ ਉਸ 'ਤੇ ਜੁੱਤੀਆਂ ਦੇ ਹਾਰ
ਸੋਚਦਾ ਹਾਂ
ਸੰਬੋਧਨ ਕਰਾਂ ਉਨ੍ਹਾਂ ਨੂੰ ਕਿਹੜੇ ਵਿਸ਼ੇਸ਼ਣ ਨਾਲ
ਮੂਰਖ!
ਸ਼ਾਇਦ ਘੱਟ ਉੱਚਿਤ ਵਿਸ਼ੇਸ਼ਣ ਹੋਵੇ ਉਨ੍ਹਾਂ ਲਈ।

**ਹਿੰਦੀ ਨਾਵਲ ਦਾ ਅਨੁਵਾਦ – ਕਿਸ਼ਤ 10**

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(ਧਰਤੀ ਧਨ ਨਾ ਆਪਣਾ' ਪੰਜਾਬ ਦੇ ਇੱਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਦਸਵੀਂ ਕਿਸ਼ਤ**। ਪਹਿਲੀਆਂ ਕਿਸ਼ਤਾਂ ਪੜ੍ਹਨ ਲਈ ਪਿਛਲੇ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲੇ ਅੰਕ ਸਾਂਭੇ ਹੋਏ ਨਹੀਂ ਹਨ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ -ਸੰਪਾਦਕ)

**27**

ਚਾਚੀ ਅਤੇ ਕਾਲੀ ਡਿਉਢੀ ਦੀ ਛੱਤ ਉੱਤੇ ਲੇਪ ਦੇਖ ਰਹੇ ਸਨ ਜਿਹੜੀ ਤੇਜ਼ ਧੁੱਪ ਕਾਰਨ ਕਈ ਥਾਂਵਾਂ ਉੱਤੇ ਪਾਟ ਗਈ ਸੀ ਅਤੇ ਲੰਮੀਆਂ ਲੰਮੀਆਂ ਦਰਾੜਾਂ ਪੈ ਗਈਆਂ ਸਨ। ਕਾਲੀ ਇੱਕ ਦਰਾੜ ਕੋਲ ਬੈਠ ਉਹਦੇ ਵਲ ਧਿਆਨ ਨਾਲ ਦੇਖਦਾ ਹੋਇਆ ਬੋਲਿਆ:

"ਚਾਚੀ ਅਜੇ ਦੋ ਲੇਪ ਹੋਰ ਫਿਰਨਗੇ ਤਾਂ ਛੱਤ ਪੱਕੀ ਬਣੂ।"

"ਹਾਂ ਪੁੱਤ, ਨਵੇਂ ਭਾਂਡੇ ਨੂੰ ਕਲੀ ਦੋ ਵਾਰ ਕਰਨ ਨਾਲ ਹੀ ਚੜ੍ਹਦੀ ਆ। ਇਹ ਤਾਂ ਕੱਚੀ ਛੱਤ ਆ, ਅਤੇ ਉੱਤੋਂ ਲੇਪਾ ਵੀ ਮਿੱਟੀ ਦਾ। ਮੇਰੀ ਸਲਾਹ ਆ ਅੱਜ ਲਿਪਣਾ ਸ਼ੁਰੂ ਕਰ ਦਿਆਂ। ਬਰਸਾਤ ਸ਼ੁਰੂ ਹੋਣ ਵਿੱਚ ਤਾਂ ਅਜੇ ਦਿਨ ਹੈਗੇ ਆ, ਪਰ ਰੱਬ ਜੀ ਦਾ ਕੀ ਪਤਾ ਕਦੋਂ ਬੱਦਲ ਭੇਜ ਦੇਵੇ। ਤੂੰ ਛੱਤ ਉੱਤੇ ਗਾਰਾ ਚੜ੍ਹਾ ਦੇ, ਮੈਂ ਮੋਟਾ ਲੇਪ ਕਰ ਦਿੰਦੀ ਆਂ। ਦੋ ਚਾਰ ਦਿਨਾਂ ਬਾਅਦ ਇੱਕ ਪਤਲਾ ਲੇਪ ਹੋਰ ਫਿਰ ਜਾਊ ਤਾਂ ਛੱਤ ਦੀ ਮਿੱਟੀ ਪੱਕੀ ਹੋ ਜਾਊ।"

ਕਾਲੀ ਨੇ ਛੱਤ ਉੱਤੇ ਗਾਰਾ ਲਿਆ ਕੇ ਉਹਦੇ ਵਿੱਚ ਪਾਣੀ ਰਲਾ ਦਿੱਤਾ। ਉਹ ਚਾਚੀ ਨੂੰ ਕੁਝ ਚਿਰ ਲਿੱਪਦੀ ਦੇਖਦਾ ਰਿਹਾ ਅਤੇ ਫਿਰ ਹੇਠਾਂ ਆ ਕੇ ਕੋਠੜੀ ਦੀ ਨੀਂਹ ਪੁੱਟਣ ਲੱਗਾ। ਉਹ ਇਸ ਕੰਮ ਵਿੱਚ ਰੁਝਿਆ ਹੋਇਆ ਸੀ ਕਿ ਬਾਬਾ ਫੱਤੂ ਲਾਠੀ ਠਕੋਰਦਾ ਉਹਦੇ ਕੋਲ ਆ ਗਿਆ। ਕਾਲੀ ਨੇ ਕਹੀ ਰੋਕ ਦਿੱਤੀ ਅਤੇ ਉਹਨੂੰ ਬਹੁਤ ਨਿਮਰਤਾ ਨਾਲ ਮੱਥਾ ਟੇਕ ਕੇ ਸਾਹਮਣੇ ਆ ਖੜ੍ਹਾ ਹੋਇਆ। ਬਾਬਾ ਫੱਤੂ ਨੀਂਹ ਦੀ ਚੌੜਾਈ ਦੇਖ ਕੇ ਬੋਲਿਆ:

"ਪੱਕੀ ਕੰਧ ਲਈ ਏਨੀ ਚੌੜੀ ਨੀਂਹ ਦੀ ਕੀ ਲੋੜ ਆ?"

"ਬਾਬਾ ਜੀ ਸਿਰਫ ਥਮਲੇ ਹੀ ਪੱਕੇ ਬਣਾਉਣੇ ਆ, ਕੰਧਾਂ ਤਾਂ ਕੱਚੀਆਂ ਹੀ ਹੋਣਗੀਆਂ। ਪੱਕੀ ਕੰਧ ਬਣਾਉਣ ਲਈ ਜਿੰਨੀ ਰਕਮ ਚਾਹੀਦੀ ਆ ਉਹ ਮੇਰੇ ਕੋਲ ਹੈ ਨਹੀਂ। ਇਸ ਲਈ ਇਹੀ ਸੋਚਿਆ ਕਿ ਅਜੇ ਥਮਲੇ ਹੀ ਪੱਕੇ ਕਰ ਲਵਾਂ।"

"ਅੱਛਾ, ਜੋ ਰੱਬ ਦੀ ਮਰਜ਼ੀ। ... ਮੈਂ ਇਸ ਲਈ ਆਇਆ ਸੀ ਕਿ ਮੈਨੂੰ ਥੋੜ੍ਹੀ ਜਿਹੀ ਚਾਹ ਦੀ ਪੱਤੀ ਚਾਹੀਦੀ ਆ। ਮੁਹੱਲੇ 'ਚ ਕਿਸੇ ਕੋਲ ਅੱਬਲ ਤਾਂ ਹੋਣੀ ਨਹੀਂ, ਜੇ ਹੋਈ ਵੀ ਤਾਂ ਕਿਸੇ ਨੇ ਦੇਣੀ ਨਹੀਂ।" ਬਾਬੇ ਫੱਤੂ ਨੇ ਕਿਹਾ।

"ਮੇਰੇ ਕੋਲ ਹੋਣੀ ਤਾਂ ਚਾਹੀਦੀ ਹੈ। ਮੈਂ ਹੁਣੇ ਦੇਖਦਾਂ।" ਕਾਲੀ ਡਿਉਢੀ ਵਿੱਚ ਆ ਗਿਆ। ਉਹਨੇ ਕਈ ਭਾਂਡੇ ਚੁੱਕ ਕੇ ਦੇਖੇ, ਕਈ ਪੁੜੀਆਂ ਖੋਲ੍ਹੀਆਂ ਪਰ ਚਾਹ ਦੀ ਪੱਤੀ ਕਿਸੇ ਵਿੱਚ ਨਹੀਂ ਸੀ।

"ਮੈਂ ਚਾਚੀ ਤੋਂ ਪੁੱਛਦਾਂ। ਉਹ ਕਈ ਵਾਰ ਚੀਜ਼ ਏਦਾਂ ਸੰਭਾਲ ਕੇ ਰੱਖ ਦਿੰਦੀ ਹੈ ਕਿ ਬਾਅਦ 'ਚ ਲੱਭਦੀ ਹੀ ਨਹੀਂ।" ਕਾਲੀ ਡਿਉਢੀ ਦੀ ਛੱਤ ਉੱਤੇ ਚੜ੍ਹ ਗਿਆ।

ਉਹ ਉੱਤੇ ਪਹੁੰਚਿਆ ਤਾਂ ਚਾਚੀ ਗਾਰੇ ਕੋਲ ਬੇਹੋਸ਼ ਪਈ ਸੀ! ਉਹਨੂੰ ਇਸ ਹਾਲਤ ਵਿੱਚ ਦੇਖ ਕੇ ਕਾਲੀ ਦਾ ਉਤਲਾ ਸਾਹ ਉੱਤੇ ਦਾ ਉੱਤੇ ਅਤੇ ਹੇਠਲਾ ਹੇਠਾਂ ਦਾ ਹੇਠਾਂ ਹੀ ਰਹਿ ਗਿਆ। ਉਹਨੇ ਡਰੀ ਹੋਈ ਅਵਾਜ਼ ਵਿੱਚ ਚਾਚੀ ਨੂੰ ਅਵਾਜ਼ ਮਾਰੀ ਅਤੇ ਉਹਨੂੰ ਹਿਲਾ-ਜੁਲਾ ਕੇ ਦੇਖਿਆ। ਉਹ ਬਿਲਕੁਲ ਬੇਸੁੱਧ ਪਈ ਸੀ। ਉਹਨੇ ਚਾਚੀ ਨੂੰ ਬਾਹਾਂ ਵਿੱਚ ਚੁੱਕ ਲਿਆ ਅਤੇ ਹੇਠਾਂ ਲਿਆ ਕੇ ਮੰਜੀ ਉੱਤੇ ਪਾ ਦਿੱਤਾ ਅਤੇ ਘਬਰਾਈ ਹੋਈ ਅਵਾਜ਼ ਵਿੱਚ ਬਾਬੇ ਫੱਤੇ ਨੂੰ ਕਿਹਾ:

"ਪਤਾ ਨਹੀਂ ਚਾਚੀ ਨੂੰ ਕੀ ਹੋ ਗਿਆ?"

"ਘਬਰਾ ਨਾ, ਗਰਮੀ 'ਚ ਕਈ ਵਾਰ ਚੱਕਰ ਆ ਜਾਂਦਾ। ਮੂੰਹ 'ਚ ਪਾਣੀ ਪਾ ਅਤੇ ਛਿੱਟੇ ਮਾਰ।"

ਬਾਬੇ ਫੱਤੂ ਨੇ ਕਿਹਾ ਅਤੇ ਬਾਹਰ ਜਾਂਦਾ ਹੋਇਆ ਬੋਲਿਆ:

"ਮੈਂ ਤੇਰੀ ਤਾਈ ਨੂੰ ਭੇਜਦਾਂ।"

ਕਾਲੀ ਨੇ ਚਾਚੀ ਦਾ ਮੂੰਹ ਖੋਲ੍ਹ ਕੇ ਪਾਣੀ ਪਾਇਆ ਅਤੇ ਚਿਹਰੇ ਉੱਤੇ ਪਾਣੀ ਦੇ ਛਿੱਟੇ ਮਾਰੇ ਪਰ ਚਾਚੀ ਦੇ ਸਰੀਰ ਵਿੱਚ ਕੋਈ

ਹਰਕਤ ਨਾ ਹੋਈ। ਉਹਨੇ ਚਾਚੀ ਦੇ ਮੱਥੇ ਉੱਤੇ ਹੱਥ ਲਾ ਕੇ ਦੇਖਿਆ ਅਤੇ ਫਿਰ ਉਹਦੇ ਢਿੱਡ ਨੂੰ ਛੋਇਆ। ਉਹਦਾ ਸਰੀਰ ਠੰਢਾ ਮਹਿਸੂਸ ਕਰ ਕੇ ਕਾਲੀ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਹ ਘਬਰਾਇਆ ਹੋਇਆ ਜੀਤੂ ਦੇ ਘਰ ਵਲ ਦੌੜ ਗਿਆ ਅਤੇ ਤਾਈ ਨਿਹਾਲੀ ਕੋਲ ਜਾ ਕੇ ਬੋਲਿਆ:

"ਤਾਈ, ਚਾਚੀ ਨੂੰ ਪਤਾ ਨਹੀਂ ਕੀ ਹੋ ਗਿਆ। ਉਹਨੂੰ ਹੋਸ਼ ਨਹੀਂ ਤੇ ਉਹਦਾ ਸਰੀਰ ਵੀ ਇੱਕਦਮ ਠੰਢਾ ਹੋ ਗਿਆ ਆ।"

ਕਾਲੀ ਨੇ ਛੇਤੀਂ ਛੇਤੀਂ ਕਿਹਾ। ਤਾਈ ਨਿਹਾਲੀ ਆਪਣਾ ਸੂਤ ਅਤੇ ਅਟੇਰਨ ਸਾਂਭ ਕੇ ਉਹਦੇ ਪਿੱਛੇ ਪਿੱਛੇ ਆ ਗਈ।

ਕਾਲੀ ਘਰ ਪਹੁੰਚਿਆ ਤਾਂ ਬੇਬੇ ਹੁਕਮੀ ਚਾਚੀ ਦਾ ਨਾਂ ਲੈ ਕੇ ਉਹਨੂੰ ਅਵਾਜ਼ਾਂ ਮਾਰ ਰਹੀ ਸੀ। ਥੋੜ੍ਹੀ ਦੇਰ ਬਾਅਦ ਹੀ ਪ੍ਰੀਤੋ ਅਤੇ ਪ੍ਰਸਿੰਨੀ ਵੀ ਆ ਗਈਆਂ। ਤਾਈ ਨਿਹਾਲੀ ਨੇ ਕਾਲੀ ਨੂੰ ਕਿਹਾ:

"ਘਰ 'ਚ ਦੇਸੀ ਘੇ ਹੈਗਾ ਤਾਂ ਕੱਢ। ਘੇ ਨਾਲ ਹੱਥ ਪੈਰ ਝੱਸਣ ਨਾਲ ਹੋਸ਼ ਆ ਜਾਊ।"

ਕਾਲੀ ਨੇ ਸਾਰਾ ਸਾਮਾਨ ਉਲਟ-ਪੁਲਟ ਕੇ ਘਿਉ ਦੀ ਕੁੱਜੀ ਕੱਢੀ ਅਤੇ ਚਾਰੇ ਚਾਚੀ ਦੇ ਹੱਥ-ਪੈਰ ਝੱਸਣ ਲੱਗੀਆਂ। ਕਾਲੀ ਕੁਛ ਚਿਰ ਤੱਕ ਉੱਥੇ ਹੀ ਖੜ੍ਹਾ ਰਿਹਾ। ਜਦੋਂ ਉਹਨੇ ਦੇਖਿਆ ਕਿ ਚਾਚੀ ਦੇ ਸਰੀਰ 'ਚ ਜ਼ਿੰਦਗੀ ਦਾ ਕੋਈ ਨਿਸ਼ਾਨ ਦਿਖਾਈ ਨਹੀਂ ਦੇ ਰਿਹਾ ਤਾਂ ਉਹ ਬਹੁਤ ਘਬਰਾ ਗਿਆ।

"ਹਕੀਮ ਲੱਭੂਰਾਮ ਨੂੰ ਸੱਦ ਲਿਆਵਾਂ।"

"ਉਹ ਕੀ ਕਰੂ। ਘਾਹ-ਫੂਸ ਦੀ ਗਠੜੀ ਬੰਨ ਦਊ। ਸੱਦਣਾ ਤਾਂ ਡਾਕਟਰ ਵਿਸ਼ਨਦਾਸ ਨੂੰ ਸੱਦ। ਉਹ ਟੂਟੀ ਲਾ ਕੇ ਅੰਦਰ ਦੀ ਸਾਰੀ ਬੀਮਾਰੀ ਦੇਖ ਲੈਂਦਾ।" ਪ੍ਰੀਤੋ ਨੇ ਸੁਝਾਅ ਦਿੱਤਾ।

ਕਾਲੀ ਡਾਕਟਰ ਵਿਸ਼ਨਦਾਸ ਦੀ ਦੁਕਾਨ ਵਲ ਦੌੜ ਗਿਆ। ਉਹ ਉਹਨੂੰ ਦੇਖਦਿਆਂ ਹੀ ਖੁਸ਼ ਹੋ ਕੇ ਬੋਲਿਆ:

"ਦਸ, ਸਭ ਠੀਕ ਠਾਕ ਤਾਂ ਹੈ?"

"ਡਾਕਟਰ ਜੀ, ਚਾਚੀ ਬੇਹੋਸ਼ ਹੋ ਗਈ ਹੈ ਅਤੇ ਉਹਦਾ ਸਰੀਰ ਵੀ ਇੱਕਦਮ ਠੰਢਾ ਹੋ ਗਿਆ ਆ। ਤੁਸੀਂ ਉਹਨੂੰ ਦੇਖ ਲਵੋ।"

ਡਾਕਟਰ ਹੌਲੀ-ਹੌਲੀ ਉੱਠਿਆ ਅਤੇ ਉਹਨੇ ਆਪਣੀ ਧੋਤੀ ਨੂੰ ਕੱਸ ਕੇ ਬੰਨਿਆ। ਕਿੱਲੀ 'ਤੇ ਲਟਕ ਰਹੀ ਕਮੀਜ਼ ਨੂੰ ਲਾਹ ਕੇ ਝਾੜਿਆ ਅਤੇ ਫਿਰ ਦਵਾਈਆਂ ਦੀ ਅਲਮਾਰੀ ਦੇ ਕੋਲ ਖੜ੍ਹਾ ਹੋ ਕੇ ਸ਼ੀਸ਼ੀਆਂ ਨੂੰ ਦੇਖਣ ਲੱਗਾ। ਕਾਲੀ ਬੇਚੈਨੀ ਨਾਲ ਕਦੇ ਇੱਕ ਪੈਰ ਚੁੱਕਦਾ ਅਤੇ ਕਦੇ ਦੂਜਾ। ਡਾਕਟਰ ਨੇ ਅਖੀਰ ਵਿੱਚ ਇੱਕ-ਦੋ ਸ਼ੀਸ਼ੀਆਂ ਚੁੱਕੀਆਂ ਅਤੇ ਜੇਬ ਵਿੱਚ ਪਾ ਕੇ ਚੱਲਣ ਲਈ ਤਿਆਰ ਹੋ ਗਿਆ।

"ਡਾਕਟਰ ਜੀ, ਟੂਟੀ ਵੀ ਲੈ ਲਉ।" ਕਾਲੀ ਨੇ ਸਟੈਥੋਸਕੋਪ ਵਲ ਇਸ਼ਾਰਾ ਕਰਦਿਆਂ ਕਿਹਾ।

"ਇਹ ਵੀ ਲੈ ਲੈਂਦਾਂ।"

ਡਾਕਟਰ ਵਿਸ਼ਨਦਾਸ ਨੇ ਤੁਰਦਿਆਂ-ਤੁਰਦਿਆਂ ਪੰਜ-ਸੱਤ ਮਿਨਟ ਲਾ ਦਿੱਤੇ ਅਤੇ ਦੁਕਾਨ ਦੇ ਅੰਦਰ ਕੰਧ ਵਿੱਚਲੀ ਮਕਾਨ ਵਲ ਨੂੰ ਖੁਲ੍ਹਦੀ ਖਿੜਕੀ ਖੋਲ੍ਹ ਕੇ ਬੋਲਿਆ:

"ਸ਼ਾਰਦਾ, ਮੈਂ ਬੀਮਾਰ ਦੇਖਣ ਚੱਲਿਆਂ। ਦੁਕਾਨ ਦਾ ਖਿਆਲ ਰੱਖੀਂ। ਥੜੇ 'ਤੇ ਕੁੱਤੇ ਹੱਗ ਨਾ ਜਾਣ।" ਫਿਰ ਖਿੜਕੀ ਬੰਦ ਕਰਕੇ ਕਹਿਣ ਲੱਗਾ:

"ਪਰਸੋਂ ਨਾਈਆਂ ਦਾ ਕੁੱਤਾ ਮੇਰੇ ਥੜੇ ਉੱਤੇ ਜੁਲਾਵ ਕਰ ਗਿਆ। ਉਹਤੋਂ ਪਹਿਲਾਂ ਡਕਾਰਦਾ ਹੋਇਆ ਇਥੇ ਉਲਟੀ ਕਰ ਗਿਆ। ਸਾਰਾ ਪਿੰਡ ਘੁੰਮ ਕੇ ਇਸ ਕੰਮ ਲਈ ਉਹ ਮੇਰੇ ਥੜੇ 'ਤੇ ਆਉਂਦਾ। ਇੱਕ ਦਿਨ ਉਹਨੂੰ ਏਦਾਂ ਦੀ ਦਵਾਈ ਦਊਂਗਾ ਕਿ ਫਿਰ ਸਿਰ ਨਹੀਂ ਚੁੱਕੂ।"

ਕਾਲੀ ਡਾਕਟਰ ਨਾਲੋਂ ਬਹੁਤ ਜ਼ਿਆਦਾ ਤੇਜ਼ ਚੱਲ ਰਿਹਾ ਸੀ ਅਤੇ ਉਹਨੂੰ ਡਾਕਟਰ ਨੂੰ ਆਪਣੇ ਨਾਲ ਰਲਾਉਣ ਲਈ ਵਾਰ ਵਾਰ ਰੁੱਕਣਾ ਪੈ ਰਿਹਾ ਸੀ। ਚਮ੍ਹਾਰਲੀ ਦੇ ਅੰਦਰ ਜਾ ਕੇ ਡਾਕਟਰ ਨੇ ਨੱਕ ਉੱਤੇ ਹੱਥ ਰੱਖਦਿਆਂ ਕਿਹਾ:

"ਇੱਥੇ ਤਾਂ ਨਾਲੀ ਦੇ ਸੜੇ ਹੋਏ ਪਾਣੀ ਤੋਂ ਬਦਬੂ ਆਉਂਦੀ ਆ। ਮੁਹੱਲੇ ਦੇ ਲੋਕ ਸਾਰੇ ਪਿੰਡ ਦੀ ਗੰਦਗੀ ਸਾਫ ਕਰਦੇ ਆ ਪਰ ਆਪਣੀ ਗਲੀ ਨੂੰ ਬਹੁਤ ਹੀ ਗੰਦਾ ਰਖਦੇ ਆ।"

ਡਾਕਟਰ ਕਿੱਚੜ ਭਰੀ ਗਲੀ ਵਿੱਚ ਸੰਭਲ-ਸੰਭਲ ਕੇ ਪੈਰ ਚੁੱਕ ਰਿਹਾ ਸੀ ਅਤੇ ਉਹਦੀ ਤੋਰ ਬਹੁਤ ਹੀ ਹੌਲੀ ਹੋ ਗਈ ਸੀ। ਨੰਦ ਸਿੰਘ ਦੇ ਘਰ ਅੱਗੇ ਆ ਕੇ ਉਹ ਰੁਕ ਗਿਆ ਅਤੇ ਉਹਦਾ ਬੰਦ ਦਰਵਾਜ਼ਾ ਦੇਖ ਕੇ ਬੋਲਿਆ:

"ਨੰਦ ਸਿੰਘ ਇਸਾਈ ਕੀ ਬਣਿਆ, ਦੁਨੀਆਂ 'ਚ ਕਿਸੇ ਨੂੰ ਆਪਣੇ ਬਰਾਬਰ ਨਹੀਂ ਸਮਝਦਾ। ਪਾਦਰੀ ਨੇ ਉਹਨੂੰ ਚਾਂਦੀ ਦੀ ਜੰਜ਼ੀਰ ਦਿੱਤੀ ਹੈ ਜਿਹਦੇ ਹੇਠਾਂ ਸਲੀਬ ਬਣੀ ਹੋਈ ਹੈ। ਉਹਨੂੰ ਗਲ 'ਚ ਪਾ ਕੇ ਏਦਾਂ ਤੁਰਦਾ ਜਿਵੇਂ ਸਾਰੀ ਖੁਦਾਈ ਉਹਦੇ ਪੈਰਾਂ 'ਚ ਪਈ ਹੋਵੇ।"

ਕਾਲੀ ਨੇ ਕੋਈ ਜੁਆਬ ਨਾ ਦਿੱਤਾ ਅਤੇ ਡਾਕਟਰ ਦੀ ਹੌਲੀ ਤੋਰ ਉੱਤੇ ਮਨ ਹੀ ਮਨ ਵਿੱਚ ਖਿਝਦਾ ਆਪਣੇ ਘਰ ਵਲ ਤੁਰੀ ਗਿਆ।

ਦਰਵਾਜ਼ੇ ਦੇ ਸਾਹਮਣੇ ਨਿਆਣਿਆਂ ਦਾ ਇੱਕੱਠ ਦੇਖ ਕੇ ਅਤੇ ਅੰਦਰ ਤੀਂਵੀਆਂ ਦਾ ਰੌਲਾ ਸੁਣ ਕੇ ਕਾਲੀ ਦਾ ਦਿਲ ਬੈਠ ਗਿਆ। ਉਹਨੇ ਨਿਆਣਿਆਂ ਨੂੰ ਪਿੱਛੇ ਹਟਾਇਆ ਅਤੇ ਅੰਦਰ ਜਾ ਕੇ ਚਾਚੀ ਉੱਪਰ ਝੁਕ ਗਿਆ। ਪ੍ਰੀਤੋ ਅਤੇ ਪ੍ਰਸਿੰਨੀ ਉਹਦੇ ਪੈਰਾਂ ਦੀਆਂ

ਤਲੀਆਂ ਨੂੰ ਜ਼ੋਰ ਜ਼ੋਰ ਨਾਲ ਝਸ ਰਹੀਆਂ ਸਨ। ਚਾਚੀ ਨੂੰ ਕੁਛ ਕੁਛ ਹੋਸ਼ ਆ ਗਿਆ ਸੀ। ਕਾਲੀ ਨੇ ਸਾਰਿਆਂ ਨੂੰ ਪਿੱਛੇ ਹਟਾ ਦਿੱਤਾ ਅਤੇ ਦਰਵਾਜ਼ੇ ਵਲ ਦੇਖਦਾ ਹੋਇਆ ਬੋਲਿਆ:

"ਡਾਕਟਰ ਜੀ, ਆ ਜਾਉ।"

ਡਾਕਟਰ ਨੇ ਡਿਓਢੀ ਵਿੱਚ ਅੰਦਰ ਜਾ ਕੇ ਚਾਰੀਂ ਪਾਸੀ ਨਜ਼ਰ ਦੌੜਾਈ। ਨਵੀਂਆਂ ਪੱਕੀਆਂ ਕੰਧਾਂ, ਨਵੀਂ ਛੱਤ, ਪਿੱਤਲ ਦੇ ਭਾਂਡੇ ਅਤੇ ਲੋਹੇ ਦਾ ਟਰੰਕ ਦੇਖ ਕੇ ਸੋਚਣ ਲੱਗਾ ਕਿ ਕਾਲੀ ਵੀ ਛੋਟਾ-ਮੋਟਾ ਬੁਰਜੁਆ ਬਣ ਗਿਆ ਹੈ। ਫਿਰ ਉਹ ਤੀਂਵੀਆਂ ਅਤੇ ਨਿਆਣਿਆਂ ਨੂੰ ਡਾਂਟਦਾ ਹੋਇਆ ਬੋਲਿਆ:

"ਕਿੱਦਾਂ ਇਕੱਠ ਕੀਤਾ ਹੋਇਆ। ਪਿੱਛੇ ਹੱਟ ਜਾਉ, ਅੰਦਰ ਹਵਾ ਆਉਣ ਦਿਉ। ਏਦਾਂ ਦੇ ਇਕੱਠ 'ਚ ਤਾਂ ਚੰਗਾ ਭਲਾ ਆਦਮੀ ਵੀ ਬੇਹੋਸ਼ ਹੋ ਜਾਵੇ।"

ਕਾਲੀ ਨੇ ਬੱਚਿਆਂ ਨੂੰ ਉੱਥੋਂ ਪਰ੍ਹਾਂ ਕਰ ਦਿੱਤਾ। ਸਾਰੀਆਂ ਤੀਂਵੀਂਆਂ ਇੱਕ ਪਾਸੇ ਖੜ੍ਹ ਗਈਆਂ। ਡਾਕਟਰ ਸਟੈਥੋਸਕੋਪ ਦੇ ਦੋਨੋ ਸਿਰੇ ਕੰਨਾਂ ਵਿੱਚ ਪਾ ਕੇ ਉਹਦਾ ਮੂੰਹ ਚਾਚੀ ਦੀ ਛਾਤੀ ਉੱਤੇ ਥਾਂ-ਥਾਂ ਰੱਖ ਕੇ ਦੇਖਦਾ ਰਿਹਾ। ਫਿਰ ਉਹਨੇ ਚਾਚੀ ਦੀ ਪਿੱਠ ਦਾ ਮੁਆਇਨਾ ਕੀਤਾ। ਉਹ ਕਾਲੀ ਨੂੰ ਇੱਕ ਦੋ ਗੋਲੀਆਂ ਦੇ ਕੇ ਬੋਲਿਆ:

"ਇੱਕ ਗੋਲੀ ਪਾਣੀ ਨਾਲ ਹੁਣ ਦੇ ਦਈਂ। ਦੂਜੀ ਪੂਰੀ ਤਰ੍ਹਾਂ ਹੋਸ਼ ਆਉਣ 'ਤੇ ਦੇ ਦਈਂ। ਰੌਲਾ ਬਿਲਕੁਲ ਨਾ ਪਵੇ ਅਤੇ ਹਵਾ ਖੁਲ੍ਹੀ ਆਵੇ। ਤਕਾਲਾਂ ਨੂੰ ਹਾਲ ਦਸ ਕੇ ਹੋਰ ਦਵਾਈ ਲੈ ਜਾਈਂ।"

"ਡਾਕਟਰ ਜੀ, ਪੈਸੇ ਮੈਂ ਤਕਾਲਾਂ ਨੂੰ ਹੀ ਦਊਂ।" ਕਾਲੀ ਚਾਚੀ ਵਲ ਦੇਖਦਾ ਬੋਲਿਆ:

"ਖਾਣ-ਪੀਣ ਨੂੰ ਕੀ ਦੇਣਾ?"

"ਸਵੇਰ ਦਾ ਕੁਛ ਖਾਧਾ ਕਿ ਨਹੀਂ?"

"ਮੇਰਾ ਖਿਆਲ ਆ ਕਿ ਨਹੀਂ। ਸਵੇਰੇ ਸ਼ਾਇਦ ਇੱਕ-ਅੱਧ ਰੋਟੀ ਖਾਧੀ ਹੋਵੇ। ਕੋਠੇ 'ਤੇ ਲੇਪ ਕਰਦੀ ਸੀ। ਬਾਬਾ ਫੱਤੂ ਚਾਹ ਦੀ ਪੱਤੀ ਮੰਗਣ ਆਇਆ ਤਾਂ ਮੈਂ ਛੱਤ 'ਤੇ ਉਹਨੂੰ ਪੁੱਛਣ ਗਿਆ ਕਿ ਪੱਤੀ ਕਿੱਥੇ ਪਈ ਆ। ਉੱਥੇ ਜਾ ਕੇ ਦੇਖਿਆ ਤਾਂ ਉਹ ਬੇਹੋਸ਼ ਪਈ ਸੀ।" ਕਾਲੀ ਨੇ ਸਾਰਿਆਂ ਨੂੰ ਸੁਣਾਉਂਦਿਆਂ ਕਿਹਾ।

"ਦੁੱਧ, ਚਾਹ ਜਾਂ ਸਾਬੂਦਾਨਾ ਦੇ ਦਈਂ। ਬਾਕੀ ਇਹ ਖਿਆਲ ਰੱਖੀਂ ਕਿ ਜ਼ਿਆਦਾ ਹਿਲਜੁਲ ਨਾ ਕਰੇ। ਹਲਕਾ ਹਲਕਾ ਪੱਖਾ ਝਲਦਾ ਰਹੀਂ।"

ਕੁਛ ਪਲਾਂ ਬਾਅਦ ਹੀ ਕਾਲੀ ਇੱਕ ਗਲਾਸ ਲੈ ਕੇ ਗਲੀ ਵਿੱਚ ਆ ਗਿਆ ਕਿ ਕਿਤਿਉਂ ਦੁੱਧ ਲੈ ਆਵੇ। ਪਿੰਡ ਵਿੱਚ ਹਲਵਾਈ ਦੀ ਕੋਈ ਦੁਕਾਨ ਨਹੀਂ ਸੀ।

ਉਹ ਬਾਹਰ ਖੂਹ ਦੇ ਕੋਲ ਆ ਕੇ ਸੋਚਣ ਲੱਗਾ ਕਿ ਕਿਹਦੇ ਘਰ ਦੁੱਧ ਮੰਗਣ ਜਾਵੇ। ਉਹਦੇ ਜ਼ਿਹਨ ਵਿੱਚ ਛੱਜੂ ਸ਼ਾਹ, ਮਹਾਸ਼ੇ ਅਤੇ ਚੌਧਰੀ ਮੁਨਸ਼ੀ ਦੇ ਨਾਂ ਆਏ ਪਰ ਉਹਦਾ ਉਹਨਾਂ ਵਿੱਚੋਂ ਕਿਸੇ ਦੇ ਕੋਲ ਵੀ ਜਾਣ ਦਾ ਹੌਂਸਲਾ ਨਹੀਂ ਪੈ ਰਿਹਾ ਸੀ। ਉਹ ਖਿੱਝਿਆ ਹੋਇਆ ਸੋਚਣ ਲੱਗਾ ਕਿ ਸ਼ਹਿਰ ਵਿੱਚ ਘੱਟ ਤੋਂ ਘੱਟ ਪੈਸੇ ਦੇ ਕੇ ਹਰ ਚੀਜ਼ ਤਾਂ ਮਿਲ ਜਾਂਦੀ ਹੈ ਪਰ ਪਿੰਡ ਵਿੱਚ ਜਾਂ ਤਾਂ ਮੁਫਤ ਮਿਲੂ ਜਾਂ ਬਿਲਕੁਲ ਨਹੀਂ। ਉਹ ਕੁਛ ਚਿਰ ਖੂਹ ਦੇ ਕੋਲ ਖੜ੍ਹਾ ਰਿਹਾ ਅਤੇ ਫਿਰ ਹੌਂਸਲਾ ਕਰਕੇ ਚੌਧਰੀ ਮੁਨਸ਼ੀ ਦੇ ਘਰ ਵਲ ਚਲਾ ਗਿਆ।

ਚੌਧਰੀ ਮੁਨਸ਼ੀ ਦੇ ਘਰ ਦਾ ਦਰਵਾਜ਼ਾ ਖੁੱਲ੍ਹਾ ਸੀ। ਉਹਨੇ ਡਰਦੇ-ਡਰਦੇ ਅੰਦਰ ਪੈਰ ਰੱਖਿਆ ਅਤੇ ਬਹੁਤ ਹੌਲੀ ਅਵਾਜ਼ ਵਿੱਚ ਬੋਲਿਆ:

"ਚੌਧਰੀ ਜੀ।"

ਦੂਜੇ ਹੀ ਪਲ ਇੱਕ ਔਰਤ ਨੇ ਪੁੱਛਿਆ:

"ਕੌਣ ਆਂ?"

"ਮੈਂ ਕਾਲੀ ਆਂ।"

ਚੌਧਰੀ ਮੁਨਸ਼ੀ ਦੀ ਘਰਵਾਲੀ ਵਿਹੜੇ ਵਿੱਚੋਂ ਉੱਠ ਕੇ ਡਿਓਢੀ ਦੇ ਬੂਹੇ ਕੋਲ ਆ ਕੇ ਕਾਲੀ ਨੂੰ ਧਿਆਨ ਨਾਲ ਦੇਖਦੀ ਹੋਈ ਬੋਲੀ:

"ਕੌਣ, ਕਾਲੀ?" ਅਤੇ ਫਿਰ ਉਹਨੂੰ ਪਹਿਚਾਣਨ ਦੀ ਕੋਸ਼ਿਸ਼ ਕਰਦੀ ਹੋਈ ਬੋਲੀ:

"ਤੂੰ ਪ੍ਰਤਾਪੀ ਦਾ ਭਤੀਜਾ ਤਾਂ ਨਹੀਂ?"

"ਹਾਂ ਜੀ, ਚਾਚੀ ਨੂੰ ਤਾਪ ਚੜ੍ਹਿਆ ਹੋਇਆ। ਡਾਕਟਰ ਕਹਿੰਦਾ ਕਿ ਉਹਨੂੰ ਸਿਰਫ ਚਾਹ ਜਾਂ ਦੁੱਧ ਹੀ ਦੇਣਾ। ਤੁਹਾਡੇ ਕੋਲ ਆਇਆ ਸੀ ਕਿ ਥੋੜ੍ਹਾ-ਜਿਹਾ ਦੁੱਧ...।" ਕਾਲੀ ਨੇ ਆਪਣੀ ਗੱਲ ਪੂਰੀ ਕੀਤੇ ਬਿਨਾਂ ਹੀ ਗਲਾਸ ਅੱਗੇ ਕਰ ਦਿੱਤਾ।

"ਇੱਕ ਮੱਝ ਤਾਂ ਸੁੱਕ ਗਈ ਆ। ਦੂਜੀ ਬਹੁਤ ਘੱਟ ਦੁੱਧ ਦੇਣ ਲੱਗੀ ਆ। ਉਹ ਵੀ ਕੀ ਕਰੇ। ਗਰਮੀ ਨਾਲ ਖੂਹ ਸੁੱਕ ਰਹੇ ਨੇ, ਉਹ ਤਾਂ ਫਿਰ ਵੀ ਜਾਨਵਰ ਆ।"

ਕਾਲੀ ਨੂੰ ਰੁਕਣ ਲਈ ਕਹਿ ਕੇ ਉਹ ਅੰਦਰ ਚਲੀ ਗਈ ਅਤੇ ਇੱਕ ਗਲਾਸ ਵਿੱਚ ਥੋੜ੍ਹਾ-ਜਿਹਾ ਦੁੱਧ ਲਿਆ ਕੇ ਕਾਲੀ ਦੇ ਗਲਾਸ ਵਿੱਚ ਪਾ ਕੇ ਬੋਲੀ:

"ਤੂੰ ਕੰਮ-ਧੰਦਾ ਕਿਉਂ ਨਹੀਂ ਕਰ ਲੈਂਦਾ। ਆਪਣੇ ਚਮਾਰ ਦੀ ਤਾਂ ਏਦਾਂ ਦੀ ਜ਼ਰੂਰਤ ਪੂਰੀ ਕਰਨੀ ਹੀ ਪੈਂਦੀ ਆ, ਹਰ ਕਿਸੇ ਨੂੰ

ਤਾਂ ਦੁੱਧ ਦਿੱਤਾ ਨਹੀਂ ਜਾਂਦਾ।"

ਕਾਲੀ ਦਾ ਜੀਅ ਕੀਤਾ ਕਿ ਚੌਧਰਾਣੀ ਨੂੰ ਕਹੇ ਕਿ ਉਹ ਦੁੱਧ ਦੇ ਪੈਸੇ ਲੈ ਲਵੇ ਪਰ ਉਹ ਏਨਾ ਹੌਂਸਲਾ ਨਾ ਕਰ ਸਕਿਆ। ਉਹ ਕੋਈ ਜੁਆਬ ਦਿੱਤੇ ਬਿਨਾਂ ਹੀ ਬਾਹਰ ਆ ਗਿਆ ਅਤੇ ਗਲਾਸ ਨੂੰ ਬਹੁਤ ਸਾਵਧਾਨੀ ਨਾਲ ਫੜੀ ਤੇਜ਼ ਤੇਜ਼ ਕਦਮਾਂ ਨਾਲ ਆਪਣੇ ਘਰ ਵਲ ਆ ਗਿਆ।

ਚਾਚੀ ਉਸ ਤਰ੍ਹਾਂ ਹੀ ਬੇਹੋਸ਼-ਜਿਹੀ ਪਈ ਸੀ। ਮੱਖੀਆਂ ਉਹਦੇ ਬੁੱਲ੍ਹਾਂ ਦੇ ਖੂੰਜਿਆਂ ਉੱਤੇ ਭਿਨਭਿਨਾ ਰਹੀਆਂ ਸਨ। ਕਾਲੀ ਨੇ ਕਾਹਲੀ ਨਾਲ ਚੁੱਲ੍ਹਾ ਬਾਲਿਆ ਅਤੇ ਉਹਦੇ ਉੱਪਰ ਪਾਣੀ ਰੱਖ ਕੇ ਚਾਹ ਦੀ ਪੱਤੀ ਅਤੇ ਖੰਡ ਲੱਭਣ ਲੱਗਾ। ਪਾਣੀ ਉਬਲ ਉਬਲ ਕੇ ਸੁੱਕ ਗਿਆ ਪਰ ਉਹਨੂੰ ਦੋਨਾਂ ਵਿੱਚੋਂ ਕੋਈ ਚੀਜ਼ ਨਾ ਲੱਭੀ। ਉਹਨੇ ਪਤੀਲੀ ਵਿੱਚ ਹੋਰ ਪਾਣੀ ਪਾਇਆ ਅਤੇ ਆਪ ਚਾਹ ਦੀ ਪੱਤੀ ਅਤੇ ਖੰਡ ਲੈਣ ਛੱਜੂ ਸ਼ਾਹ ਦੀ ਦੁਕਾਨ ਵਲ ਦੌੜ ਗਿਆ।

ਚੀਜ਼ਾਂ ਲੈ ਕੇ ਉਹ ਫਿਰ ਵੀ ਖੜਾ ਰਿਹਾ ਤਾਂ ਛੱਜੂ ਸ਼ਾਹ ਕਹਿਣ ਲੱਗਾ:

"ਕਾਲੀ ਦਾਸਾ, ਇੰਨਾ ਘਬਰਾਉਣ ਆਲੀ ਕਿਹੜੀ ਗੱਲ ਆ। ਬੁਖਾਰ ਆ, ਉੱਤਰ ਜਾਊਗਾ। ਪਰੂੰ ਮੈਂ ਇਹਨਾਂ ਦਿਨਾਂ 'ਚ ਦੋ ਮਹੀਨੇ ਤਾਪ ਨਾਲ ਮੰਜੇ ਨਾਲ ਜੁੜਿਆ ਰਿਹਾ। ਹੌਂਸਲਾ ਰੱਖ, ਭਗਵਾਨ ਜਲਦੀ ਆਰਾਮ ਦੇਊ।"

"ਸ਼ਾਹ ਜੀ, ਤੁਹਾਡੀ ਗੱਲ ਤਾਂ ਠੀਕ ਹੈ। ਦੁਖ-ਸੁਖ ਇਸ ਸਰੀਰ ਦੇ ਨਾਲ ਬਣੇ ਆ। ... ਮੈਂ ਤੁਹਾਨੂੰ ਇਹ ਕਹਿਣਾ ਸੀ ਕਿ ਕਿਤਿਉਂ ਪਾ-ਅੱਧ ਸੇਰ ਦੁੱਧ ਦਾ ਬੰਦੋਬਸਤ ਕਰ ਦਿਉ। ਸਵੇਰੇ ਚੌਧਰੀ ਮੁਨਸ਼ੀ ਦੇ ਘਰੋਂ ਮੰਗ ਕੇ ਲਿਆਇਆਂ। ਚੌਧਰਾਣੀ ਨੇ ਥੋੜ੍ਹਾ-ਜਿਹਾ ਦਿੱਤਾ ਪਰ ਨਾਲ ਪੰਜਾਹ ਗੱਲਾਂ ਵੀ ਸੁਣਾ ਦਿੱਤੀਆਂ। ਕਹਿਣ ਲੱਗੀ ਕਿ ਆਪਣੇ ਚਮਾਰ ਦੀ ਲੋੜ ਪੂਰੀ ਕਰਨੀ ਹੀ ਪੈਂਦੀ ਆ। ਹਰ ਇੱਕ ਕਮੀਨ ਨੂੰ ਦੁੱਧ ਤਾਂ ਕੀ ਲੱਸੀ ਦੇਣੀ ਵੀ ਮੁਸ਼ਕਿਲ ਆ।"

"ਗੱਲ ਤਾਂ ਉਹਦੀ ਠੀਕ ਆ, ਕਾਲੀ ਦਾਸਾ। ਛਬੀਲ ਤਾਂ ਕੋਈ ਲਾ ਨਹੀਂ ਸਕਦਾ। ਆਦਮੀ ਕਹੇ ਚਾਹੇ ਕੁਛ ਵੀ ਪਰ ਇਹ ਗੱਲ ਪੱਕੀ ਆ ਕਿ ਆਦਮੀ ਉਸ ਦੇ ਹੱਥ 'ਤੇ ਹੀ ਚੀਜ਼ ਰੱਖੂ ਜਿਸ ਕੋਲੋਂ ਉਹਨੂੰ ਜਾਂ ਤਾਂ ਕੋਈ ਫਾਇਦਾ ਹੋਵੇ ਜਾਂ ਉਹਦੇ ਨਾਲ ਕੋਈ ਰਿਸ਼ਤਾ ਹੋਵੇ। ਬਾਕੀ ਰਿਹਾ ਪਾ-ਅੱਧ ਪਾਅ ਦੁੱਧ ਖ਼੍ਰੀਦਣ ਦਾ ਸਵਾਲ...।" ਇਹ ਕਹਿ ਕੇ ਛੱਜੂ ਸ਼ਾਹ ਸੋਚਣ ਲੱਗਾ ਅਤੇ ਫਿਰ ਗਲੀ ਵਿੱਚ ਜਾਂਦੇ ਇੱਕ ਆਦਮੀ ਨੂੰ ਅਵਾਜ਼ ਮਾਰ ਕੇ ਬੋਲਿਆ:

"ਚੌਧਰੀ ਹਰੀ ਸਿਹਾਂ, ਤੂੰ ਬੜਾ ਬੇਲਿਹਾਜ ਹੋਈ ਜਾਂਦਾਂ।"

ਛੱਜੂ ਸ਼ਾਹ ਨੇ ਹਸਦਿਆਂ ਕਿਹਾ। ਹਰੀ ਸਿੰਘ ਉਹਦੀ ਦੁਕਾਨ ਵਲ ਮੁੜਦਾ ਬੋਲਿਆ:

"ਸ਼ਾਹ ਜੀ ਗੱਲ ਬੇਲਿਹਾਜੀ ਦੀ ਨਹੀਂ। ਹਵੇਲੀ ਚੱਲਿਆ ਸੀ। ਮੱਝ ਅਤੇ ਬਲਦ ਨੂੰ ਪੱਠਾ-ਦੱਥਾ ਪਾਉਣਾਂ। ਬੂਆ ਦਿੱਤੇ ਦੀ ਮਾਂ ਕੱਲ੍ਹ ਦੀ ਪੇਕੇ ਗਈਊ ਆ।"

"ਚੌਧਰੀ ਨਵਾਂ ਬਲਦ ਖ਼੍ਰੀਦਿਆ ਕਿ ਨਹੀਂ।"

"ਸ਼ਾਹ ਜੀ, ਨਵਾਂ ਬਲਦ ਕਿੱਥੋਂ ਲਊਂਗਾ। ਕੱਲ੍ਹ ਨੈਨੋਵਾਲ ਇੱਕ ਬਲਦ ਦੇਖਿਆ ਸੀ। ਉਹਦੇ ਦੰਦ ਆ ਸੱਤ। ਪਤਾ ਉਹਦਾ ਮਾਲਕ ਕਿੰਨੇ ਪੈਸੇ ਮੰਗਦਾ ਸੀ। ... ਛੇ ਵੀਹਾਂ ਅਤੇ ਦਸ ਰੁਪਈਏ। ਸ਼ਾਹ ਏਨੇ ਪੈਸੇ ਮੇਰੇ ਕੋਲ ਕਿੱਥੇ ਆ। ਸਾਰੀ ਫਸਲ ਵੇਚ ਕੇ ਵੀ ਪੂਰੇ ਨਹੀਂ ਹੋਣੇ।" ਹਰੀ ਸਿੰਘ ਬੁਰਾ ਜਿਹਾ ਮੂੰਹ ਬਣਾਉਂਦਾ ਬੋਲਿਆ।

"ਚੌਧਰੀ ਇਹਨੂੰ ਜਾਣਦਾਂ?" ਛੱਜੂ ਸ਼ਾਹ ਨੇ ਕਾਲੀ ਵਲ ਇਸ਼ਾਰਾ ਕਰਦਿਆਂ ਕਿਹਾ।

"ਕਿਉਂ ਨਹੀਂ ਜਾਣਦਾ। ਇਹ ਕਾਲੀ ਆ ਮਾਖੇ ਚਮਾਰ ਦਾ ਮੁੰਡਾ।" ਹਰੀ ਸਿੰਘ ਨੇ ਜਵਾਬ ਦਿੱਤਾ।

"ਇਹਦੀ ਚਾਚੀ ਬੀਮਾਰ ਆ। ਇਹਨੂੰ ਦੁੱਧ ਦੀ ਜ਼ਰੂਰਤ ਹੈ।"

ਛੱਜੂ ਸ਼ਾਹ ਦੀ ਗੱਲ ਸੁਣ ਕੇ ਹਰੀ ਸਿੰਘ ਭੜਕ ਪਿਆ:

"ਸ਼ਾਹ ਤੇਰੀ ਅਕਲ ਟਿਕਾਣੇ ਆ ਕਿ ਨਹੀਂ।? ਗਰੀਬ ਆਂ ਤਾਂ ਕੀ ਹੋਇਆ ਚੌਧਰੀ ਤਾਂ ਆਂ, ਚਮਾਰ ਨੂੰ ਦੁੱਧ ਵੇਚੂੰਗਾ ਤਾਂ ਪਿੰਡ ਵਾਲੇ ਕੀ ਕਹਿਣਗੇ?"

ਹਰੀ ਸਿੰਘ ਥੜੇ ਤੋਂ ਹੇਠਾਂ ਉੱਤਰ ਗਿਆ।

ਛੱਜੂ ਸ਼ਾਹ ਹੱਥ ਮਲਦਾ ਬੋਲਿਆ:

"ਕਾਲੀ ਦਾਸਾ ਦੇਖਿਆ ਤੂੰ। ਘਰ 'ਚ ਖਾਣ ਨੂੰ ਦਾਣੇ ਨਹੀਂ। ਇੱਕ ਬਲਦ ਨਾਲ ਹੱਲ ਵਾਹੁੰਦਾ, ਪਰ ਆਕੜ ਰੰਘੜਾਂ ਵਰਗੀ ਆ। ਤੂੰ ਫਿਕਰ ਨਾ ਕਰ ਮੈਂ ਕਿਸੇ ਹੋਰ ਤੋਂ ਪੁੱਛੂੰ।"

ਕਾਲੀ ਸੌਦਾ ਲੈ ਕੇ ਘਰ ਆ ਗਿਆ। ਉਹਦੀ ਪਰੇਸ਼ਾਨੀ ਪਹਿਲਾਂ ਨਾਲੋਂ ਵੀ ਵਧ ਗਈ। ਹਰੀ ਸਿੰਘ ਦੇ ਬੋਲ ਗਿਰਜਾਘਰ ਦੇ ਘੜਿਆਲ ਵਾਂਗ ਉਹਦੇ ਕੰਨਾਂ ਵਿੱਚ ਗੂੰਜ ਰਹੇ ਸਨ। ਉਹਨੇ ਚਾਹ ਬਣਾਈ ਅਤੇ ਚਾਚੀ ਨੂੰ ਉਠਾਉਂਦਾ ਹੋਇਆ ਬੋਲਿਆ:

"ਚਾਚੀ ਚਾਹ ਪੀ ਲਾ।"

ਚਾਚੀ ਦੀ ਗਰਦਨ ਜਿੱਧਰ ਨੂੰ ਝੁੱਕਦੀ ਉਧਰ ਨੂੰ ਹੀ ਲਟਕ ਜਾਂਦੀ। ਕਾਲੀ ਨੇ ਬਹੁਤ ਕੋਸ਼ਿਸ਼ ਕਰਕੇ ਉਹਨੂੰ ਦੋ ਘੁੱਟ ਚਾਹ ਪਿਲਾਈ ਅਤੇ ਉਹਨੂੰ ਡਿਓਢੀ ਵਿੱਚ ਲੰਮੀ ਪਾ ਆਟਾ ਗੁੰਨਣ ਲੱਗਾ। ਜਦੋਂ ਤਾਈ ਨਿਹਾਲੀ ਅੰਦਰ ਆਈ ਤਾਂ ਕਾਲੀ ਰੋਟੀਆਂ ਪਕਾ ਰਿਹਾ ਸੀ। ਉਹ ਮੰਜੇ ਉੱਤੇ ਬਹਿੰਦੀ ਬੋਲੀ:

"ਪ੍ਰਤਾਪੀਏ, ਕੀ ਹਾਲ ਆ ਹੁਣ?"

ਚਾਚੀ ਨੇ ਅੱਖਾਂ ਖੋਲ੍ਹਣ ਦੀ ਕੋਸ਼ਿਸ਼ ਕੀਤੀ ਅਤੇ ਉਹਦੇ ਬੁੱਲ੍ਹ ਹਿੱਲੇ ਪਰ ਜ਼ਬਾਨ ਵਿੱਚੋਂ ਕੋਈ ਸ਼ਬਦ ਨਾ ਨਿਕਲਿਆ। ਤਾਈ ਨਿਹਾਲੀ ਨੇ ਏਧਰ-ਉਧਰ ਦੇਖਿਆ ਅਤੇ ਕਾਲੀ ਨੂੰ ਲੱਭਦੀ ਵਿਹੜੇ ਵਿੱਚ ਆ ਗਈ। ਉਹਨੂੰ ਰੋਟੀ ਪਕਾਉਂਦਾ ਦੇਖ ਬੋਲੀ:

"ਹਾਇ ਮੈਂ ਮਰ ਜਾਵਾਂ। ਪੁੱਤਰਾ, ਤੂੰ ਇਹ ਕੀ ਕਰ ਰਿਹੈਂ? ਠੀਕ ਆ ਪ੍ਰਤਾਪੀ ਬੀਮਾਰ ਆ ਪਰ ਮੈਂ ਤਾਂ ਤੁਰਦੀ ਫਿਰਦੀ ਆਂ। ਜਿੱਦਾਂ ਦਾ ਜੀਤੂ ਉਦਾਂ ਦਾ ਤੂੰ। ਖਬਰਦਾਰ ਜੇ ਫਿਰ ਰੋਟੀ ਆਪ ਬਣਾਈ ਤਾਂ।"

ਤਾਈ ਨਿਹਾਲੀ ਨੇ ਕਾਲੀ ਨੂੰ ਪਿਆਰ ਨਾਲ ਝਿੜਕਦਿਆਂ ਕਿਹਾ ਅਤੇ ਉਹਨੂੰ ਉਠਾ ਕੇ ਆਪ ਰੋਟੀਆਂ ਪਕਾਉਣ ਲੱਗੀ। ਕਾਲੀ ਨੇ ਕੁਝ ਚਿਰ ਵਿਹੜੇ ਵਿੱਚ ਖੜਾ ਰਹਿਣ ਤੋਂ ਬਾਅਦ ਤਾਈ ਨਿਹਾਲੀ ਨੂੰ ਕਿਹਾ:

"ਤਾਈ ਤੂੰ ਇਥੇ ਠਹਿਰੀਂ। ਮੈਂ ਡਾਕਟਰ ਦਿਓਂ ਦਵਾ ਲੈ ਆਵਾਂ।"

ਕਾਲੀ ਡਿਓਢੀ ਅੰਦਰ ਚਾਚੀ ਕੋਲ ਆ ਗਿਆ। ਚਾਚੀ ਦੀਆਂ ਅੱਖਾਂ ਵਿੱਚ ਪਾਣੀ ਵਗ-ਵਗ ਕੇ ਮੰਜੀ ਉੱਤੇ ਚੋਅ ਰਿਹਾ ਸੀ। ਉਹ ਪੂਰੀ ਤਰ੍ਹਾਂ ਹੋਸ਼ ਵਿੱਚ ਸੀ। ਉਹ ਬਹੁਤ ਕਮਜ਼ੋਰ ਅਵਾਜ਼ ਵਿੱਚ ਬੋਲੀ:

"ਪੁੱਤਰਾ, ਤੂੰ ਆਪ ਰੋਟੀ ਪਕਾਉਂਦਾ ਸੀ।" ਚਾਚੀ ਫਿਰ ਰੋਣ ਲੱਗੀ। ਕਾਲੀ ਦੀਆਂ ਅੱਖਾਂ ਵਿੱਚ ਵੀ ਹੰਝੂ ਆ ਗਏ। ਉਹ ਖੁਸ਼ ਸੀ ਕਿ ਚਾਚੀ ਪੂਰੀ ਤਰ੍ਹਾਂ ਹੋਸ਼ ਵਿੱਚ ਹੈ।

ਜਦੋਂ ਕਾਲੀ ਡਾਕਟਰ ਦੀ ਦੁਕਾਨ ਉੱਤੇ ਪਹੁੰਚਿਆ ਤਾਂ ਹਕੀਮਾਂ ਦਾ ਓਮਾ ਉੱਥੇ ਬੈਠਾ ਸੀ। ਡਾਕਟਰ ਉਹਨੂੰ ਸਮਝਾ ਰਿਹਾ ਸੀ ਕਿ ਰੂਸ ਉੱਤੇ ਜਰਮਨਾਂ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਰੂਸੀ ਛਾਪਾਮਾਰਾਂ ਨੇ ਕੀ ਕੀ ਕੰਮ ਕੀਤੇ ਸੀ। ਕਾਲੀ ਪਹਿਲਾਂ ਤਾਂ ਬਹੁਤ ਦਿਲਚਸਪੀ ਨਾਲ ਡਾਕਟਰ ਦੀਆਂ ਗੱਲਾਂ ਸੁਣਦਾ ਰਿਹਾ ਪਰ ਚਾਚੀ ਦਾ ਖਿਆਲ ਆਉਂਦਿਆਂ ਹੀ ਉਹ ਬੇਚੈਨੀ ਨਾਲ ਬੋਲਿਆ:

"ਡਾਕਟਰ ਜੀ ਚਾਚੀ ਦਾ ਬੁਖਾਰ ਤਾਂ ਵਧਦਾ ਹੀ ਜਾ ਰਿਹਾ।"

"ਕੋਈ ਹਰਜ ਨਹੀਂ।" ਡਾਕਟਰ ਓਮੇ ਨਾਲ ਗੱਲ ਕਰਦਾ ਕਹਿਣ ਲੱਗਾ:

"ਰੂਸੀ ਛਾਪਾਮਾਰ ਦਸਤਿਆਂ ਨੇ ਜਰਮਨ ਫੌਜਾਂ ਦੇ ਨੱਕ 'ਚ ਦਮ ਕਰ ਦਿੱਤਾ ਸੀ। ਉਹ ਦੁਸ਼ਮਣ ਦੇ ਮੋਰਚੇ ਦੇ ਪਿੱਛੇ ਜਾ ਕੇ ਉਹਨਾਂ ਨੂੰ ਪਰੇਸ਼ਾਨ ਕਰਦੇ ਸਨ।" ਕਾਲੀ ਨੇ ਡਾਕਟਰ ਦੀ ਗੱਲ ਕੱਟਦਿਆਂ ਕਿਹਾ:

"ਡਾਕਟਰ ਜੀ, ਦਵਾ ਦੇ ਦਿਉ। ਉਹਨੂੰ ਬੁਖਾਰ ਨਾਲ ਬੇਹੋਸ਼ੀ ਜਿਹੀ ਹੋ ਰਹੀ ਹੈ। ਸਵੇਰ ਚਾਹ ਦੇ ਗਿਣ ਕੇ ਸਿਰਫ ਦੋ ਘੁੱਟ ਪੀਤੇ ਹਨ।"

"ਕੋਈ ਹਰਜ ਨਹੀਂ।"

ਡਾਕਟਰ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ:

"ਛਾਪਾਮਾਰ ਦਸਤੇ ਦੁਸ਼ਮਣ ਨੂੰ ਨਾ ਸੌਣ ਦਿੰਦੇ, ਨਾ ਖਾਣ ਦਿੰਦੇ ਅਤੇ ਨਾ ਪੀਣ ਦਿੰਦੇ ਸੀ।"

"ਬੱਲੇ-ਬੱਲੇ ਬੜੇ ਮਜ਼ਬੂਤ ਹੋਣਗੇ।"

ਓਮੇ ਨੇ ਹੈਰਾਨੀ ਪ੍ਰਗਟਾਉਂਦਿਆਂ ਕਿਹਾ।

"ਹਾਹੋ, ਉਹ ਦਸਤੇ ਆਪਣੀ ਜਾਨ ਹਰ ਵੇਲੇ ਆਪਣੀ ਹਥੇਲੀ ਉੱਤੇ ਰੱਖਦੇ ਸਨ।" ਡਾਕਟਰ ਨੇ ਖੁਸ਼ ਹੁੰਦਿਆਂ ਕਿਹਾ।

ਕਾਲੀ ਨੇ ਗੱਲ ਲੰਬੀ ਹੁੰਦੀ ਦੇਖ ਡਾਕਟਰ ਨੂੰ ਕਿਹਾ:

"ਅੱਛਾ ਡਾਕਟਰ ਜੀ, ਮੈਂ ਪਾਦਰੀ ਜੀ ਨੂੰ ਮਿਲ ਆਵਾਂ। ਮੈਨੂੰ ਕੁਝ ਕੰਮ ਆ।"

ਡਾਕਟਰ ਨੇ ਚੌਂਕ ਕੇ ਉਹਦੇ ਵਲ ਦੇਖਿਆ ਅਤੇ ਉਹਨੂੰ ਜਲਦੀ ਵਾਪਸ ਆਉਣ ਦੀ ਤਗੀਦ ਕਰਕੇ ਓਮੇ ਨਾਲ ਗੱਲਾਂ ਕਰਨ ਲੱਗਾ।

ਪਾਦਰੀ ਕਾਲੀ ਨੂੰ ਘਰ ਹੀ ਮਿਲ ਗਿਆ। ਉਹ ਉਹਨੂੰ ਬਹੁਤ ਤਪਾਕ ਨਾਲ ਮਿਲਿਆ। ਅਤੇ ਉਹਨੂੰ ਆਪਣੇ ਬਰਾਬਰ ਕੁਰਸੀ ਉੱਤੇ ਬਿਠਾਇਆ। ਪਾਦਰੀ ਮੁਸਕਰਾਉਂਦਾ ਹੋਇਆ ਬੋਲਿਆ:

"ਸੁਣਾ ਕਾਲੀ ਦਾਸ, ਕਿਵੇਂ ਆਇਆਂ?"

"ਪਾਦਰੀ ਜੀ, ... ਚਾਚੀ ਨੂੰ ਤਾਪ ਚੜ੍ਹਿਆ ਹੋਇਆ। ਡਾਕਟਰ ਨੇ ਕਿਹਾ ਕਿ ਉਹਨੂੰ ਸਿਰਫ ਦੁੱਧ, ਚਾਹ ਜਾਂ ਸਾਬੂਦਾਨਾ ਹੀ ਦੇਣਾ। ਅੱਜ ਸਵੇਰੇ ਚੌਧਰੀ ਮੁਨਸ਼ੀ ਦੇ ਘਰੋਂ ਕੌਲੀ ਦੁੱਧ ਦੀ ਲਿਆਇਆ ਸੀ। ਚੌਧਰਾਣੀ ਨੇ ਦੁੱਧ ਤਾਂ ਦਿੱਤਾ ਪਰ ਬਹੁਤ ਅਹਿਸਾਨ ਜਤਾ ਕੇ। ਫਿਰ ਛੱਜੂ ਸ਼ਾਹ ਨੇ ਚੌਧਰੀ ਹਰੀ ਸਿੰਘ ਨਾਲ ਗੱਲ ਕੀਤੀ ਕਿ ਅੱਧਾ ਸੇਰ ਦੁੱਧ ਪੈਸੇ ਲੈ ਕੇ ਦੇ ਦੇਵੇ। ਉਹਨੇ ਮੇਰੀ ਬਹੁਤ ਬੇਇੱਜ਼ਤੀ ਕੀਤੀ। ਕਹਿਣ ਲੱਗਾ ਕਿ ਉਹ ਗਰੀਬ ਆ ਤਾਂ ਕੀ ਹੋਇਆ ਆਖਿਰ ਨੂੰ ਤਾਂ ਜ਼ਿਮੀਂਦਾਰ ਆ। ਚਮਾਰ ਨੂੰ ਦੁੱਧ ਵੇਚਦਾ ਚੰਗਾ ਲੱਗੂ।" ਕਾਲੀ ਦੀਆਂ ਅੱਖਾਂ ਭਰ ਆਈਆਂ।

ਪਾਦਰੀ ਉਹਨੂੰ ਤਸੱਲੀ ਦਿੰਦਾ ਬੋਲਿਆ:

"ਕਾਲੀ ਦਾਸ, ਘਬਰਾ ਨਾ। ਈਸਾ ਮਸੀਹ ਤੇਰੀਆਂ ਸਾਰੀਆਂ ਮੁਸ਼ਕਿਲਾਂ ਦੂਰ ਕਰੂ। ਤੇਰੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਹੋਣਗੀਆਂ। ਸਾਡਾ ਇਸਾਈ ਧਰਮ ਤਾਂ ਇਹ ਕਹਿੰਦਾ ਕਿ ਖੁਦਾ ਦਾ ਬੇਟਾ ਈਸਾ ਮਸੀਹ ਹਰ ਇਸਾਈ ਘਰ 'ਚ ਮੌਜੂਦ ਹੁੰਦਾ ਬੇਸ਼ੱਕ ਉਹ ਨਜ਼ਰ ਆਏ ਜਾਂ ਨਾ। ਇਸ ਲਈ ਕੋਈ ਇਸਾਈ ਕਿਸੇ ਨੂੰ ਉਹ ਚੀਜ਼ ਦੇਣ ਤੋਂ ਨਾਂਹ ਨਹੀਂ ਕਰੂ ਜੋ ਉਹਦੇ ਘਰ 'ਚ ਹੋਵੇ। ਉਹ

ਸਾਡੇ ਸਾਰਿਆਂ ਦਾ ਪਵਿੱਤਰ ਪਿਤਾ ਹੈ। ਉਹਦੀਆਂ ਅੱਖਾਂ ਸਾਹਮਣੇ ਚੋਰੀ ਕਾਹਦੀ, ਝੂਠ ਕਾਹਦਾ, ਫਰੇਬ ਅਤੇ ਦਗਾ ਕਾਹਦਾ?"

ਪਾਦਰੀ ਅੰਦਰ ਜਾ ਕੇ ਇੱਕ ਪੁੜਾ ਚੁੱਕਾ ਲਿਆਇਆ ਅਤੇ ਕਾਲੀ ਦੇ ਸਾਹਮਣੇ ਖੋਲ੍ਹਦਾ ਬੋਲਿਆ:

"ਇਹ ਵਿਲਾਇਤੀ ਦੁੱਧ ਹੈ, ਸੁੱਕਾ ਦੁੱਧ। ਇਹਦੇ 'ਚ ਥੋੜ੍ਹਾ ਜਿਹਾ ਗਰਮ ਪਾਣੀ ਪਾ ਕੇ ਇਹਨੂੰ ਏਨਾ ਰਗੜੋ ਕਿ ਪਾਣੀ ਅਤੇ ਇਹ ਦੁੱਧ ਇੱਕ ਹੋ ਜਾਣ, ਫਿਰ ਇਹਦੇ 'ਚ ਹੋਰ ਪਾਣੀ ਪਾ ਦਿਉ; ਦੁੱਧ ਤਿਆਰ ਹੋ ਗਿਆ। ਸਾਡੇ ਕੋਲ ਮੱਝ ਹੈ, ਪਰ ਫਿਰ ਵੀ ਅਸੀਂ ਜ਼ਿਆਦਾ ਤਰ ਇਹ ਹੀ ਦੁੱਧ ਵਰਤਦੇ ਹਾਂ।"

"ਮੈਨੂੰ ਪਤਾ ਹੈ ਪਾਦਰੀ ਜੀ। ਸ਼ਹਿਰ 'ਚ ਵੀ ਇਸ ਤਰ੍ਹਾਂ ਦਾ ਦੁੱਧ ਮਿਲਦਾ। ਇੱਕ ਗਾੜ੍ਹਾ ਗਾੜ੍ਹਾ ਰਬੜੀ ਵਰਗਾ ਡੱਬੇ ਦਾ ਦੁੱਧ ਵੀ ਹੁੰਦਾ।"

ਕਾਲੀ ਡਾਕਟਰ ਦੀ ਦੁਕਾਨ ਉੱਤੇ ਪਹੁੰਚਿਆ ਤਾਂ ਅਜੇ ਵੀ ਰੂਸੀ ਛਾਪਾਮਾਰ ਦਸਤਿਆਂ ਦੀ ਗੱਲ ਜਾਰੀ ਸੀ। ਡਾਕਟਰ ਵਿਸ਼ਨਦਾਸ ਓਮੇ ਤੋਂ ਉਹਨਾਂ ਬਾਰੇ ਸਵਾਲ ਪੁੱਛ ਰਿਹਾ ਸੀ। ਡਾਕਟਰ ਆਪਣੇ ਸਵਾਲਾਂ ਦੇ ਜੁਆਬ ਜਾਣਨ ਲਈ ਜ਼ੋਰ ਪਾਉਣ ਲੱਗਾ ਤਾਂ ਓਮਾ ਬੋਲਿਆ:

"ਅੱਛਾ ਪਹਿਲਾਂ ਮੈਨੂੰ ਇੱਕ ਗੱਲ ਦੱਸੋ।"

"ਕੀ?" ਡਾਕਟਰ ਨੇ ਉਤਸੁਕਤਾ ਨਾਲ ਕਿਹਾ।

"ਕੀ ਛਾਪਾਮਾਰ ਦਸਤੇ ਲੱਕੜ ਦੇ ਸਨ ਜਾਂ ਲੋਹੇ ਦੇ?"

ਓਮੇ ਦੀ ਗੱਲ ਸੁਣ ਕੇ ਡਾਕਟਰ ਨੂੰ ਇੱਕਦਮ ਗੁੱਸਾ ਆ ਗਿਆ ਅਤੇ ਉਹ ਉਹਦੇ ਮੂੰਹ ਵਿੱਚ ਹੱਥ ਦਿੰਦਾ ਬੋਲਿਆ:

"ਤੇਰਾ ਹਾਲ ਤਾਂ ਉਸ ਜੱਟ ਵਰਗਾ ਜਿਹਨੇ ਸਾਰੀ ਰਾਤ ਰਮਾਇਣ ਸੁਣਨ ਤੋਂ ਬਾਅਦ ਪੁੱਛਿਆ ਸੀ ਕਿ ਸੀਤਾ ਰਾਮ ਦੀ ਮਾਂ ਸੀ ਜਾਂ ਭੈਣ।"

ਡਾਕਟਰ ਨੇ ਓਮੇ ਨੂੰ ਬਹੁਤ ਹੋਰ ਵੀ ਇਹੋ ਜਿਹੀਆਂ ਗੱਲਾਂ ਕਹੀਆਂ ਅਤੇ ਉਹ ਸ਼ਰਮਿੰਦਾ ਹੋ ਕੇ ਚਲੇ ਗਿਆ। ਉਹਦੇ ਜਾਣ ਤੋਂ ਬਾਅਦ ਡਾਕਟਰ ਬੋਲਿਆ:

"ਏਦਾਂ ਦਾ ਖਰਦਿਮਾਗ ਆਦਮੀ ਮੈਂ ਆਪਣੀ ਜ਼ਿੰਦਗੀ 'ਚ ਹੋਰ ਨਹੀਂ ਦੇਖਿਆ। ਜਿੰਨੇ ਸਾਲ ਇਹਨੇ ਸੱਤ ਜਮਾਤਾਂ ਪਾਸ ਕਰਨ 'ਚ ਲਾਏ ਹਨ ਅਤੇ ਪੈਸਾ ਖਰਚ ਕੀਤਾ ਹੈ, ਉਨੇ ਨਾਲ ਤਾਂ ਮੰਹਿ ਦਾ ਕੱਟਾ ਬੀ. ਏ. ਪਾਸ ਕਰ ਲੈਂਦਾ।"

ਡਾਕਟਰ ਦੀ ਗੱਲ ਸੁਣ ਕੇ ਕਾਲੀ ਹੱਸ ਪਿਆ ਅਤੇ ਕੁਝ ਪਲਾਂ ਬਾਅਦ ਉਹਨੇ ਡਾਕਟਰ ਨੂੰ ਕਿਹਾ:

"ਡਾਕਟਰ ਜੀ ਚਾਚੀ ਲਈ ਦਵਾ ਦੇ ਦਿਉ।"

"ਅੱਛਾ।" ਡਾਕਟਰ ਦੰਦ ਕਰੀਚਦਾ ਛੱਤ ਵਲ ਦੇਖਦਾ ਰਿਹਾ ਅਤੇ ਜਦੋਂ ਕਾਲੀ ਨੇ ਦਵਾਈ ਦਾ ਫਿਰ ਜ਼ਿਕਰ ਕੀਤਾ ਤਾਂ ਉਹ ਆਪਣੇ ਆਸਨ ਤੋਂ ਉੱਠਿਆ ਅਤੇ ਇੱਕ ਕਾਗਜ਼ ਵਿੱਚ ਚਾਰ ਗੋਲੀਆਂ ਲਪੇਟ ਕੇ ਬੋਲਿਆ:

"ਚਾਹ, ਦੁੱਧ ਜਾਂ ਗਰਮ ਪਾਣੀ ਦੇ ਨਾਲ ਦੇਣੀਆਂ। ਦੋ ਹੁਣੇ ਜਾ ਕੇ ਦੇ ਦਈਂ , ਦੋ ਸ਼ਾਮ ਨੂੰ.... ਅਤੇ ਸਵੇਰੇ ਆ ਕੇ ਹਾਲ ਦੱਸ ਜਾਈਂ ਅਤੇ ਦਵਾਈ ਲੈ ਜਾਈਂ।"

ਦਵਾਈ ਲੈ ਕੇ ਕਾਲੀ ਘਰ ਪਹੁੰਚਿਆ ਤਾਂ ਤਾਈ ਨਿਹਾਲੀ ਜਾ ਚੁੱਕੀ ਸੀ। ਉਹ ਜਿਹੜੀਆਂ ਰੋਟੀਆਂ ਬਣਾ ਕੇ ਰੱਖ ਗਈ ਸੀ ਉਹਨਾਂ ਨੂੰ ਇੱਕ ਕੁੱਤਾ ਚੁੱਕ ਕੇ ਵਿਹੜੇ ਦੇ ਇੱਕ ਖੂੰਜੇ ਕੰਧ ਦੀ ਛਾਂਵੇਂ ਬੈਠਾ ਚੱਬ ਰਿਹਾ ਸੀ। ਕਾਲੀ ਨੇ ਉਹਨੂੰ ਧੁਤਕਾਰਿਆ ਤਾਂ ਉਹ ਰੋਟੀਆਂ ਛੱਡ ਚਊਂ ਚਊਂ ਕਰਦਾ ਦੌੜ ਗਿਆ। ਉਹਨੇ ਰੋਟੀਆਂ ਚੁੱਕੀਆਂ ਅਤੇ ਉਹਨਾਂ ਨੂੰ ਝਾੜ ਕੇ ਸਾਫ ਕੀਤਾ। ਉਹਨੇ ਸੋਚਿਆ ਕਿ ਉਹ ਉਹਨਾਂ ਨੂੰ ਸੁੱਟ ਦੇਵੇ ਪਰ ਉਹਨੂੰ ਏਨੀ ਜ਼ਿਆਦਾ ਭੁੱਖ ਲੱਗੀ ਸੀ ਕਿ ਉਹਨੇ ਚਾਰੇ ਪਾਸੇ ਦੇਖ ਕੇ ਰੋਟੀਆਂ ਨੂੰ ਡਿਓਢੀ ਵਿੱਚ ਲਿਆ ਕੇ ਲੁਕੋ ਦਿੱਤਾ। ਚਾਚੀ ਨੂੰ ਦਵਾਈ ਦੇ ਕੇ ਉਹ ਉਹਨਾਂ ਰੋਟੀਆਂ ਨੂੰ ਉਸ ਹੀ ਤਰ੍ਹਾਂ ਜਲਦੀ ਜਲਦੀ ਚੱਬਣ ਲੱਗਾ ਜਿਵੇਂ ਪਹਿਲਾਂ ਕੁੱਤਾ ਚੱਬ ਰਿਹਾ ਸੀ।

ਕਾਲੀ ਅਜੇ ਰੋਟੀ ਖਾ ਹੀ ਰਿਹਾ ਸੀ ਕਿ ਮਿਸਤਰੀ ਸੰਤਾ ਸਿੰਘ ਆ ਗਿਆ। ਕਾਲੀ ਰੋਟੀ ਛੱਡ ਕੇ ਇਸ ਤਰ੍ਹਾਂ ਖੜ੍ਹਾ ਹੋ ਗਿਆ ਜਿਵੇਂ ਉਹਨੂੰ ਦੇਖ ਕੇ ਕੁੱਤੇ ਨੇ ਰੋਟੀ ਛੱਡ ਦਿੱਤੀ ਸੀ। ਸੰਤਾ ਸਿੰਘ ਚਾਚੀ ਵਲ ਇਸ਼ਾਰਾ ਕਰਦਾ ਬੋਲਿਆ:

"ਕੀ ਬੀਮਾਰ ਹੋ ਗਈ ਆ?"

"ਹਾਂ, ਛੱਤ ਉੱਤੇ ਪੋਚਾ ਮਾਰਦੀ-ਮਾਰਦੀ ਬੇਹੋਸ਼ ਹੋ ਗਈ ਸੀ। ਪਹਿਲਾਂ ਸਰੀਰ ਠੰਢਾ ਹੋ ਗਿਆ ਫਿਰ ਤਾਪ ਚੜ੍ਹ ਗਿਆ।" ਕਾਲੀ ਨੇ ਫਿਕਰ ਭਰੀ ਅਵਾਜ਼ ਵਿੱਚ ਕਿਹਾ।

"ਅੱਛਾ ਮੈਂ ਹਿਸਾਬ ਕਰਨ ਆਇਆ ਸੀ। ਮੈਂ ਕੁੱਲ ਸੋਲਾਂ ਦਿਹਾੜੀਆਂ ਲਾਈਆਂ। ਸਵਾ ਰੁਪਈਆ ਦਿਹਾੜੀ ਦੇ ਹਿਸਾਬ ਨਾਲ ਵੀਹ ਰੁਪੱਈਏ ਬਣਦੇ ਆ ਅਤੇ ਦੋ ਰੁਪਏ ਮੰਤਰ ਦੇ। ਦਸ ਮੈਂ ਲੈ ਚੁੱਕਿਆਂ। ਬਾਕੀ ਰਹਿ ਗਏ ਬਾਰਾਂ। ਮੈਨੂੰ ਅੱਜ ਪੈਸਿਆਂ ਦੀ ਜ਼ਰੂਰਤ ਪੈ ਗਈ ਆ। ਮੈਂ ਸ਼ਹਿਰ ਚੱਲਿਆਂ।"

"ਮਿਸਤਰੀ ਜੀ ਇੱਕ ਦਿਹਾੜੀ ਤਾਂ ਅੱਧੀ ਸੀ। ਉਹਦੇ ਪੂਰੇ ਪੈਸੇ ਲਾ ਰਹੇ ਹੋ।"

"ਦਿਹਾੜੀ ਅੱਧੀ ਹੋਵੇ ਜਾਂ ਪੂਰੀ, ਪੈਸੇ ਪੂਰੀ ਦੇ ਹੀ ਲੱਗਦੇ ਆ। ਇਹ ਦਸ ਦਿਆਂ ਕਿ ਅੱਜ ਕੱਲ੍ਹ ਚੰਗਾ ਰਾਜ ਡੇਢ ਰੁਪਈਏ ਤੋਂ ਘੱਟ ਦਿਹਾੜੀ ਨਹੀਂ ਲੈਂਦਾ।" ਸੰਤਾ ਸਿੰਘ ਨੇ ਕਿਹਾ ਅਤੇ ਫਿਰ ਕੋਠੜੀ ਦੀਆਂ ਨੀਹਾਂ ਨੂੰ ਦੇਖਕੇ ਬੋਲਿਆ:

"ਇਹਨਾਂ ਨੂੰ ਕਦੋਂ ਬਣਾਉਣਾਂ। ਅੱਜ ਕੱਲ੍ਹ ਮੈਨੂੰ ਵਿਹਲ ਆ। ਦਸਾਂ ਦਿਨਾਂ ਬਾਅਦ ਕਹੇਂਗਾ ਤਾਂ ਮੈਂ ਨਹੀਂ ਆ ਸਕਣਾ।"

ਕਾਲੀ ਨੇ ਆਪਣੇ ਟਰੰਕ ਵਿੱਚੋਂ ਪੈਸੇ ਕੱਢ ਕੇ ਸੰਤਾ ਸਿੰਘ ਦੇ ਹੱਥ ਉੱਤੇ ਰੱਖ ਦਿੱਤੇ। ਉਹ ਪੈਸਿਆਂ ਨੂੰ ਧਿਆਨ ਨਾਲ ਗਿਣ ਕੇ ਜੇਬ ਵਿੱਚ ਪਾ ਕੇ ਬੋਲਿਆ:

"ਉਸ ਕੁੱਤੇ ਦੀ ਔਲਾਦ ਕਾਲੇ ਸਾਹਿਬ ਦਾ ਕੀ ਹਾਲ ਆ। ਸਾਲੇ ਨੇ ਆਪਣੇ ਕੇਸ ਸ਼ਹੀਦ ਕਰਾ ਦਿੱਤੇ ਨੇ। ਗੁਰੂ ਦੇ ਅੰਮ੍ਰਿਤ ਦੀ ਬੇਇੱਜ਼ਤੀ ਕੀਤੀ ਆ। ਘੜੰਮ ਚੌਧਰੀ ਨੂੰ ਤਾਂ ਤੂੰ ਜਾਣਦਾ ਈ ਆਂ, ਮੂੰਹ ਫੱਟ ਆਦਮੀ ਆ। ਅੱਜ ਸਵੇਰੇ ਨੰਦ ਸਿੰਘ ਨੂੰ ਦੇਖ ਕੇ ਬੋਲਿਆ – 'ਸੁਣਾ ਚਮਾਰਾ, ਇਸਾਈ ਬਣਨ ਤੋਂ ਬਾਅਦ ਕੋਈ ਫਰਕ ਪਿਆ? ਕੀ ਟੱਟੀ ਪਿਸ਼ਾਬ ਪਹਿਲਾਂ ਵਾਂਗ ਹੀ ਆਉਂਦਾ ਜਾਂ ਤਰੀਕਾ ਬਦਲ ਗਿਆ?" ਨੰਦ ਸਿੰਘ ਨੇ ਵੀ ਫਿਰ ਪੁੱਠਾ-ਸਿੱਧਾ ਜਵਾਬ ਦਿੱਤਾ। ਘੜੰਮ ਚੌਧਰੀ ਨੇ ਜੁੱਤੀ ਲਾਹ ਲਈ ਅਤੇ ਲੱਗਾ ਮਾਰਨ। ਮਜ਼ੇ ਦੀ ਗੱਲ ਇਹ ਹੈ ਕਿ ਜੁੱਤੀ ਨੰਦ ਸਿੰਘ ਦੀ ਹੀ ਬਣਾਈ ਹੋਈ ਸੀ ਅਤੇ ਉਹਨੂੰ ਅਜੇ ਉਹਦੇ ਪੈਸੇ ਨਹੀਂ ਸੀ ਮਿਲੇ। ਉਹ ਚਾਰ ਜੁੱਤੀਆਂ ਖਾ ਕੇ ਹੀ ਪਿਸ਼ਾਬ ਦੀ ਝੱਗ ਵਾਂਗ ਬਹਿ ਗਿਆ। ਘੜੰਮ ਚੌਧਰੀ ਨੇ ਉਹਨੂੰ ਕਿਹਾ ਕਿ ਚਮੜਾ ਕਾਲਾ ਹੋਵੇ ਜਾਂ ਲਾਲ, ਕਮਾਇਆ ਹੋਇਆ ਹੋਵੇ ਜਾਂ ਕੱਚਾ, ਆਖਿਰ ਚਮੜਾ ਹੀ ਰਹਿੰਦਾ। ਨੰਦ ਸਿੰਘ ਖਸਰ ਖਾਧੇ ਕੁੱਤੇ ਵਾਂਗ ਚਊਂ ਚਊਂ ਕਰਦਾ ਘਰ ਆ ਗਿਆ।"

ਸੰਤਾ ਸਿੰਘ ਨੇ ਸਾਰੀ ਗੱਲ ਪੂਰੇ ਚਾਅ ਨਾਲ ਸੁਣਾਈ।

ਕਾਲੀ ਚੁੱਪ ਰਿਹਾ ਅਤੇ ਕੁਝ ਪਲਾਂ ਬਾਅਦ ਉਹਨੇ ਮਿਸਤਰੀ ਨੂੰ ਕਿਹਾ:

"ਮਿਸਤਰੀ ਜੀ! ਚਾਚੀ ਬੀਮਾਰ ਆ। ਮੇਰਾ ਧਿਆਨ ਕਿਸੇ ਹੋਰ ਪਾਸੇ ਜਾਂਦਾ ਹੀ ਨਹੀਂ। ਨੀਂਹ ਤਾਂ ਮੈਂ ਪੁੱਟ ਦਿੱਤੀ ਹੈ। ਤੁਸੀਂ ਦੋ ਦਿਹਾੜੀਆਂ ਲਾ ਕੇ ਪੱਕੇ ਥਮਲੇ ਬਣਾ ਦਿਉ। ਇੱਕ, ਦੋ, ਤਿੰਨ, ਚਾਰ, ਪੰਜ ਅਤੇ ਛੇ ਥਮਲੇ ਬਣਾਉਣੇ ਪੈਣਗੇ। ਦੋ ਨਹੀਂ ਤਾਂ ਤਿੰਨ ਦਿਨਾਂ 'ਚ ਬਣ ਜਾਣਗੇ। ਮੈਂ ਮਿੱਟੀ ਦੀਆਂ ਕੰਧਾਂ ਬਣਾ ਕੇ ਛੱਤ ਪਾ ਦਊਂਗਾ। ਜਦੋਂ ਹੱਥ 'ਚ ਪੈਸੇ ਆ ਜਾਣਗੇ ਤਾਂ ਉਹਨਾਂ ਨੂੰ ਵੀ ਪੱਕੀਆਂ ਕਰ ਲਊਂ।"

"ਜਿੱਦਾਂ ਤੇਰੀ ਮਰਜ਼ੀ। ਫਿਰ ਕੱਲ੍ਹ ਆਵਾਂ? ... ਗਾਰਾ ਤਿਆਰ ਰੱਖੀਂ" ਸੰਤਾ ਸਿੰਘ ਗਲੀ ਵਿੱਚ ਆ ਗਿਆ ਅਤੇ ਦੂਸਰੇ ਹੀ ਪਲ ਵਾਪਸ ਆ ਕੇ ਕਾਲੀ ਨੂੰ ਕੋਠੜੀ ਦੇ ਇੱਕ ਖੂੰਜੇ ਵਿੱਚ ਲਿਜਾ ਕੇ ਬੋਲਿਆ:

"ਤੇਰੀ ਮਾਸ਼ੂਕ 'ਤੇ ਜਵਾਨੀ ਤਾਂ ਖਾਦ ਅਤੇ ਖੂਹ ਦੇ ਪਾਣੀ ਨਾਲ ਪਲੀ ਮੱਕੀ ਵਾਂਗ ਚੜ੍ਹੀ ਆ।"

"ਕਿਹਦੀ ਗੱਲ ਕਰ ਰਹੇ ਹੋ?" ਕਾਲੀ ਨੇ ਉਹਦੇ ਵਲ ਹੈਰਾਨੀ ਨਾਲ ਦੇਖਦਿਆਂ ਕਿਹਾ।

"ਉਹ ਹੀ, ਜੋ ਤੈਨੂੰ ਮੱਖਣ ਵਾਲੀ ਲੱਸੀ ਪਿਲਾਉਣ ਆਉਂਦੀ ਸੀ। ਮੰਗੂ ਦੀ ਭੈਣ ਗਿਆਨੋ। ਏਦਾਂ ਲੱਗਦਾ ਹੈ ਕਿ ਉਹਨੂੰ ਖਾਦ ਅਤੇ ਖੁਰਾਕ ਦੋਨੋਂ ਮਿਲਣ ਲੱਗੇ ਹਨ। ... ਅਤੇ.. ਤੇਰੇ ਕੋਲ ਤਾਂ ਦੋਨਾਂ ਦੀ ਕਮੀ ਨਹੀਂ।" ਮਿਸਤਰੀ ਨੇ ਕਾਲੀ ਦੇ ਮੋਢਿਆਂ ਉੱਤੇ ਜ਼ੋਰ ਨਾਲ ਹੱਥ ਮਾਰਦਿਆਂ ਕਿਹਾ।

ਕਾਲੀ ਦਾ ਮੂੰਹ ਲਾਲ ਹੋ ਗਿਆ ਅਤੇ ਉਹ ਗੁੱਸੇ ਭਰੀ ਅਵਾਜ਼ ਵਿੱਚ ਬੋਲਿਆ:

"ਮਿਸਤਰੀ, ਕੁਛ ਅਕਲ ਕਰ। ਕਿਸੇ ਦੀ ਮਾਂ ਭੈਣ ਬਾਰੇ ਕਦੇ ਏਦਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।"

"ਕਾਲੀ ਇਹ ਸਭ ਕਹਿਣ ਦੀਆਂ ਗੱਲਾਂ। ਜੋ ਆਦਮੀ ਰੋਜ਼ ਪਾਅ ਅੰਨ ਦਾ ਖਾਂਦਾ ਉਹ ਹਰ ਜਵਾਨ ਲੜਕੀ ਨੂੰ ਆਪਣੀ ਭੈਣ ਨਹੀਂ ਸਮਝ ਸਕਦਾ। ਬੀਬਾ, ਜਵਾਨੀ ਚੀਜ਼ ਹੀ ਇਹੋ ਜਿਹੀ ਆ। ਇਹਦੇ ਸਾਹਮਣੇ ਵੱਡੇ-ਵੱਡੇ ਭਗਤਾਂ ਦੇ ਮਨ ਡੋਲ ਜਾਂਦੇ ਹਨ।"

ਸੰਤਾ ਸਿੰਘ ਹਸਦਾ ਹੋਇਆ ਬਾਹਰ ਨਿਕਲ ਗਿਆ।

## 28

ਮੁਹੱਲੇ 'ਚ ਇਕ ਦਮ ਬਹੁਤ ਰੌਲਾ ਪੈ ਗਿਆ ਅਤੇ ਇਕੋ ਵਾਰੀ ਬਹੁਤ ਸਾਰੀਆਂ ਅਵਾਜ਼ਾਂ ਆਉਣ ਲੱਗੀਆਂ। ਪ੍ਰੀਤੋ ਦਾ ਮੁੰਡਾ ਅਮਰੂ ਖਬਰ ਲਿਆਇਆ ਕਿ ਬੂਟਾ ਸਿੰਘ ਜੱਟ ਦੇ ਮੁੰਡੇ ਪਾਲੇ ਅਤੇ ਜਗਤੇ ਦੇ ਭਰਾ ਬੱਗੇ ਵਿਚਕਾਰ ਲੜਾਈ ਹੋ ਗਈ ਹੈ। ਇਸ ਹੀ ਦੌਰਾਨ ਸ਼ੇਰੂ ਖਬਰ ਲਿਆਇਆ ਕਿ ਬੱਗੇ ਨੇ ਪਾਲੇ ਨੂੰ ਬਹੁਤ ਕੁੱਟਿਆ ਅਤੇ ਚੌਧਰੀ ਬੂਟਾ ਸਿੰਘ ਦੋ ਆਦਮੀਆਂ ਨੂੰ ਨਾਲ ਲੈ ਕੇ ਖੇਤਾਂ ਵਲ ਗਿਆ ਹੈ।

ਸ਼ੇਰੂ ਤੋਂ ਬਾਅਦ ਪ੍ਰੀਤੂ ਖਬਰ ਲਿਆਇਆ ਕਿ ਬੱਗੇ ਨੂੰ ਬੂਟਾ ਸਿੰਘ ਆਪਣੀ ਹਵੇਲੀ ਵਲ ਲੈ ਗਿਆ ਹੈ। ਕਈ ਨਿਆਣੇ ਬੂਟਾ ਸਿੰਘ ਦੀ ਹਵੇਲੀ ਵੱਲ ਦੌੜ ਗਏ। ਥੋੜ੍ਹੀ ਦੇਰ ਬਾਅਦ ਇਕ ਨਿਆਣਾ ਦੌੜਿਆ-ਦੌੜਿਆ ਆਇਆ ਅਤੇ ਹਫਦਾ ਹੋਇਆ ਬੋਲਿਆ:

"ਬੱਗਾ ਬੂਟਾ ਸਿੰਘ ਦੀ ਹਵੇਲੀ 'ਚ ਨਹੀਂ ਹੈਗਾ। ਉਹ ਉਹਨੂੰ ਚੌਧਰੀ ਹਰਨਾਮ ਸਿੰਘ ਦੀ ਹਵੇਲੀ 'ਚ ਲੈ ਗਏ ਸੀ ਪਰ ਚੌਧਰੀ ਨੇ ਉੱਥੋਂ ਉਹਨੂੰ ਚੌਧਰੀ ਮੁੰਸ਼ੀ ਦੀ ਹਵੇਲੀ ਭੇਜ ਦਿੱਤਾ ਆ।"

ਚਮ੍ਹਾਰਲੀ ਵਿੱਚ ਇਸ ਲੜਾਈ ਦੀ ਗਹਿਮਾ-ਗਹਿਮੀ ਅਜੇ ਘੱਟ ਹੋਣ ਲੱਗੀ ਸੀ ਕਿ ਦਾਸੂ ਬਾਬੇ ਫੱਤੂ ਅਤੇ ਤਾਏ ਬਸੰਤੇ ਨੂੰ ਸੱਦਣ ਆ ਗਿਆ। ਉਹ ਦੋਹਾਂ ਨੂੰ ਚਗਾਨ 'ਚ ਸੱਦ ਕੇ ਬੋਲਿਆ:

"ਚੌਧਰੀ ਮੁਨਸ਼ੀ ਦੀ ਹਵੇਲੀ 'ਚ ਪੰਚਾਇਤ ਹੋ ਰਹੀ ਹੈ। ਉੱਥੇ ਤੁਹਾਨੂੰ ਸੱਦਿਆ।"

"ਬੱਗੇ ਦੀ ਕੋਈ ਨਵੀਂ ਲੜਾਈ ਆ?"

"ਮੈਨੂੰ ਤਾਂ ਬਸ ਏਨਾ ਹੀ ਪਤਾ ਲੱਗਿਆ ਕਿ ਬੱਗੇ ਨੇ ਚੌਧਰੀ ਬੂਟਾ ਸਿੰਘ ਦੇ ਮੁੰਡੇ ਨੂੰ ਕੁੱਟਿਆ। ਜਲਦੀ ਚੱਲੋ। ਉੱਥੇ ਚੌਧਰੀ ਹਰਨਾਮ ਸਿੰਘ, ਬੂਟਾ ਸਿੰਘ, ਮਹਾਸ਼ਾ ਤੀਰਥ ਰਾਮ ਅਤੇ ਲਾਲੂ ਭਲਵਾਨ ਸਾਰੇ ਬੈਠੇ ਹਨ।"

"ਇਸ ਪਿੰਡ 'ਚ ਇੱਜ਼ਤ ਨਾਲ ਜੀਣਾ ਬਹੁਤ ਔਖਾ ਹੋ ਗਿਆ ਹੈ। ਲੜਾਈ ਛੋਕਰਿਆਂ ਦੀ ਅਤੇ ਹੁਣ ਦਾੜ੍ਹੀ ਪੁੱਟੀ ਜਾਊ ਬੁੱਢਿਆਂ ਦੀ।" ਬਾਬੇ ਫੱਤੂ ਨੇ ਦੁਖੀ ਅਵਾਜ਼ ਵਿੱਚ ਕਿਹਾ। ਜਦੋਂ ਉਹ ਦੋਵੇਂ ਚੌਧਰੀ ਮੁਨਸ਼ੀ ਦੀ ਹਵੇਲੀ ਵੱਲ ਤੁਰੇ ਤਾਂ ਕਈ ਆਦਮੀ ਅਤੇ ਬੱਚੇ ਉਹਨਾਂ ਦੇ ਪਿੱਛੇ ਤੁਰ ਪਏ।

ਚੌਧਰੀ ਮੁਨਸ਼ੀ ਦੀ ਹਵੇਲੀ ਦੇ ਖੁਲ੍ਹੇ ਵਿਹੜੇ ਵਿੱਚ ਕਈ ਮੰਜੇ ਡੱਠੇ ਹੋਏ ਸਨ। ਉਹਨਾਂ ਉੱਤੇ ਚੌਧਰੀ ਹਰਨਾਮ ਸਿੰਘ, ਚੌਧਰੀ ਮੁਨਸ਼ੀ, ਮਹਾਸ਼ਾ ਤੀਰਥ ਰਾਮ ਅਤੇ ਬਹੁਤ ਸਾਰੇ ਹੋਰ ਲੋਕ ਬੈਠੇ ਸਨ। ਉਹ ਸਾਰੇ ਬਹੁਤ ਗੁੱਸੇ ਵਿੱਚ ਸਨ ਕਿਉਂਕਿ ਪਿੰਡ ਦੇ ਚਮਾਰ ਨੇ ਇਕ ਚੌਧਰੀ ਉੱਤੇ ਹੱਥ ਚੁੱਕਿਆ ਸੀ। ਆਲੇ ਦੁਆਲੇ ਕੋਠਿਆਂ ਉੱਤੇ ਕਈ ਔਰਤਾਂ ਬੈਠੀਆਂ ਸਨ। ਮੰਜਿਆਂ ਦੇ ਸਾਹਮਣੇ ਬੱਗਾ ਨੀਵੀਂ ਪਾਈ ਬੈਠਾ ਸੀ। ਬੱਚਿਆਂ 'ਚ ਆਮ ਤੌਰ ਉੱਤੇ ਇਹ ਅਹਿਸਾਸ ਘੱਟ ਹੀ ਹੁੰਦਾ ਸੀ ਕਿ ਉਹ ਚਮਾਰਾਂ ਦੇ ਨਿਆਣੇ ਆ ਜਾਂ ਚੌਧਰੀਆਂ ਦੇ। ਪਰ ਇਸ ਵੇਲੇ ਉਹਨਾਂ ਨੂੰ ਵੀ ਆਪਣੀ ਜਾਤ ਦਾ ਬਹੁਤ ਅਹਿਸਾਸ ਸੀ। ਚੌਧਰੀਆਂ ਦੇ ਨਿਆਣੇ ਮੰਜਿਆਂ ਦੇ ਨੇੜੇ ਖੜ੍ਹੇ ਸਨ ਅਤੇ ਚਮਾਰਾਂ ਦੇ ਨਿਆਣੇ ਦੂਰ ਹਟ ਕੇ ਤਪਦੀ ਜ਼ਮੀਨ ਉੱਤੇ ਬੈਠੇ ਸਨ।

ਜਦੋਂ ਬਾਬਾ ਫੱਤੂ, ਤਾਇਆ ਬਸੰਤਾ, ਜਗਤਾ ਅਤੇ ਚਮ੍ਹਾਰਲੀ ਦੇ ਬਹੁਤ ਸਾਰੇ ਲੋਕ ਉੱਥੇ ਪਹੁੰਚੇ ਤਾਂ ਚੌਧਰੀਆਂ ਵਿਚਕਾਰ ਹੋ ਰਹੀ ਗੱਲਬਾਤ ਬੰਦ ਹੋ ਗਈ। ਬਾਬਾ ਫੱਤੂ ਮੰਜਿਆਂ ਤੋਂ ਥੋੜ੍ਹੀ ਦੂਰ ਹਟ ਕੇ ਜ਼ਮੀਨ 'ਤੇ ਬੈਠ ਗਿਆ ਅਤੇ ਬਾਕੀ ਲੋਕ ਉਹਦੇ ਆਲੇ ਦੁਆਲੇ ਬੈਠ ਗਏ। ਸਾਰੇ ਚੁੱਪ ਸਨ ਸਿਰਫ ਹੁੱਕਾ ਗੁੜਗੁੜਾਉਣ ਅਤੇ ਖੰਘਣ ਦੀਆਂ ਅਵਾਜ਼ਾਂ ਆ ਰਹੀਆਂ ਸਨ। ਚੌਧਰੀ ਮੁਨਸ਼ੀ ਨੇ ਚੌਧਰੀ ਹਰਨਾਮ ਸਿੰਘ ਨੂੰ ਗੱਲ ਸ਼ੁਰੂ ਕਰਨ ਲਈ ਕਿਹਾ। ਪਰ ਉਹਦੇ ਵਲੋਂ ਨਾਂਹ ਕਰਨ ਬਾਅਦ ਚੌਧਰੀ ਮੁਨਸ਼ੀ ਖੰਘ ਕੇ ਗਲ ਸਾਫ ਕਰਦਾ ਹੋਇਆ ਬੋਲਿਆ:

"ਅੱਜ ਸਾਡੇ ਪਿੰਡ 'ਚ ਏਦਾਂ ਦੀ ਗੱਲ ਹੋਈ ਹੈ ਜੋ ਅਨਰਥ ਤੋਂ ਘੱਟ ਨਹੀਂ। ਬੱਗੇ ਚਮਾਰ ਨੇ ਚੌਧਰੀ ਪਾਲੇ ਨੂੰ ਉਹਦੇ ਹੀ ਖੇਤ 'ਚ ਕੁੱਟਿਆ। ਪਹਿਲੀ ਗੱਲ ਤਾਂ ਇਹ ਹੈ ਕਿ ਬੱਗਾ ਚੌਧਰੀ ਬੂਟਾ ਸਿੰਘ ਦੇ ਖੇਤ 'ਚ ਬਿਨਾਂ ਪੁੱਛੇ ਗਿਆ ਹੀ ਕਿਉਂ? ਦੂਜਾ ਇਹਨੇ ਚੋਰੀ ਚੋਰੀ ਖਰਬੂਜ਼ੇ ਤੋੜਨ ਦੀ ਕੋਸ਼ਿਸ਼ ਕੀਤੀ। ਤੀਜਾ ਇਹ ਕਿ ਜਦੋਂ ਪਾਲੇ ਨੇ ਰੋਕਿਆ ਤਾਂ ਬੱਗੇ ਨੇ ਉਹਦੇ 'ਤੇ ਹੱਥ ਚੁੱਕਿਆ। ਹੈ ਨਹੀਂ ਹਨ੍ਹੇਰ ਸਾਈਂ ਦਾ? ਜ਼ਿਮੀਦਾਰ ਲੋਕ ਹਮੇਸ਼ਾਂ ਆਪਣੇ ਖੇਤਾਂ 'ਚ ਖਰਬੂਜ਼ੇ ਬੀਜਦੇ ਆਏ ਹਨ। ਉਹ ਆਪ ਵੀ ਖਾਂਦੇ ਰਹੇ ਅਤੇ ਉਹਨਾਂ ਦੇ ਕਮੀਨ ਵੀ। ਪਰ ਚੋਰੀ ਕਰਕੇ ਨਹੀਂ ਮੂੰਹੋਂ ਮੰਗ ਕੇ। ਅੱਜ ਚਮਾਰਾਂ ਦੇ ਛੋਕਰਿਆਂ ਨੇ ਚੌਧਰੀਆਂ ਦੇ ਮੁੰਡਿਆਂ 'ਤੇ ਹੱਥ ਚੁੱਕਿਆ ਹੈ। ਕੱਲ੍ਹ ਨੂੰ ਗੱਲ ਹੋਰ ਅੱਗੇ ਵੱਧ ਸਕਦੀ ਹੈ। ਸਿਆਣੇ ਕਹਿ ਗਏ ਹਨ ਕਿ ਸ਼ਰਾਰਤ ਛਿੱਤਰ ਥੋਹਰ ਵਾਂਗ ਫੈਲਦੀ ਅਤੇ ਅੱਗੇ ਵਧਦੀ ਹੈ। ਹੁਣ ਇਹ ਗੱਲ ਪੰਚਾਂ ਦੇ ਅੱਗੇ ਹੈ, ਉਹ ਅਜਿਹਾ ਫੈਸਲਾ ਕਰਨ ਕਿ ਸ਼ਰਾਰਤ ਇੱਥੇ ਹੀ ਦੱਬੀ ਜਾਵੇ।"

"ਬੱਗੇ ਨੂੰ ਡੰਨ ਲਾਉਣਾ ਚਾਹੀਦਾ।" ਇਕ ਅਵਾਜ਼ ਆਈ।

"ਸਿਰਫ ਬੱਗੇ ਨੂੰ ਹੀ ਕਿਉਂ ਉਹਦੇ ਸਾਰੇ ਘਰ ਵਾਲਿਆਂ ਨੂੰ ਡੰਨ ਲਾਉਣਾ ਚਾਹੀਦਾ। ਇਹਨਾਂ ਦਾ ਬਾਈਕਾਟ ਕਰਨਾ ਚਾਹੀਦਾ। ਕੁੱਟ ਕੁੱਟ ਕੇ ਇਹਨਾਂ ਦਾ ਮਲੀਦਾ ਬਣਾ ਦੇਣਾ ਚਾਹੀਦਾ। ਕੋਈ ਵੀ ਇਹਨਾਂ ਨੂੰ ਆਪਣੇ ਖੇਤਾਂ 'ਚ ਨਾ ਵੜਨ ਦੇਵੇ।" ਦੂਜੀ ਅਵਾਜ਼ ਆਈ।

"ਸਾਰੇ ਚਮਾਰਾਂ ਦੇ ਸੌ ਜੁੱਤੀਆਂ ਮਾਰ ਕੇ ਇਕ ਗਿਣੋ ਅਤੇ ਇਸ ਤਰ੍ਹਾਂ ਸੌ ਜੁੱਤੀਆਂ ਮਾਰੋ।" ਤੀਜ਼ੀ ਅਵਾਜ਼ ਆਈ।

"ਬੱਗੇ ਨੂੰ ਪੁਲਿਸ ਦੇ ਹਵਾਲੇ ਕਰ ਦਿਉ।" ਇਕ ਹੋਰ ਚੌਧਰੀ ਨੇ ਸੁਝਾਅ ਦਿੱਤਾ।

"ਕੀ ਅਸੀਂ ਮਰ ਗਏ ਆਂ ਜੋ ਪੁਲਿਸ ਦਾ ਸਹਾਰਾ ਲਈਏ?" ਇਕੋ ਵਾਰੀ ਕਈ ਅਵਾਜ਼ਾਂ ਆਈਆਂ।

ਮੰਜਿਆਂ 'ਤੇ ਬੈਠਾ ਹਰ ਵਿਅਕਤੀ ਆਪਣੀ-ਆਪਣੀ ਸਮਝ ਮੁਤਾਬਕ ਦੰਡ ਦਾ ਸੁਝਾਅ ਦੇਣ ਲੱਗਾ ਅਤੇ ਉੱਥੇ ਚੰਗਾ-ਸਾਰਾ ਰੌਲਾ ਪੈ ਗਿਆ।

ਬਾਬੇ ਫੱਤੂ ਨੇ ਜਦੋਂ ਚੌਧਰੀਆਂ ਨੂੰ ਇਸ ਤਰ੍ਹਾਂ ਗੱਲਾਂ ਕਰਦੇ ਸੁਣਿਆ ਤਾਂ ਉਹ ਖੜ੍ਹਾ ਹੋ ਕੇ ਹੱਥ ਜੋੜਦਾ ਬੋਲਿਆ:

"ਚੌਧਰੀਓ ਮੈਨੂੰ ਵੀ ਦੋ ਗੱਲਾਂ ਕਹਿਣ ਦਾ ਮੌਕਾ ਦਿਉ।"

ਰੌਲਾ ਘਟਣ ਲੱਗਾ ਅਤੇ ਚੁੱਪ-ਚੁੱਪ ਦੀਆਂ ਕਈ ਅਵਾਜ਼ਾਂ ਇਕ ਦਮ ਆਈਆਂ। ਜਦੋਂ ਸਾਰੇ ਲੋਕ ਚੁੱਪ ਕਰ ਗਏ ਤਾਂ ਬਾਬਾ ਫੱਤੂ ਧੀਮੀ ਅਵਾਜ਼ 'ਚ ਬੋਲਿਆ:

"ਜੇ ਤੁਸੀਂ ਹੀ ਡੰਨ ਦਾ ਫੈਸਲਾ ਕਰਨਾ ਤਾਂ ਸਾਨੂੰ ਕਿਉਂ ਸੱਦਿਆ ਸੀ।"

ਬਾਬੇ ਫੱਤੂ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ:

"ਅਸੀਂ ਚਮਾਰ ਆਂ, ਚੌਧਰੀਆਂ ਦੇ ਕਮੀਨ। ਤੁਸੀਂ ਸਾਡੇ ਮਾਲਕ ਹੋ। ਤੁਸੀਂ ਜੋ ਵੀ ਡੰਨ ਲਾਉਗੇ, ਜਿਹਨੂੰ ਵੀ ਲਾਉਗੇ ਉਹਨੂੰ ਕਬੂਲ ਕਰਨਾ ਪੈਣਾ। ਦਰਿਆ 'ਚ ਰਹਿ ਕੇ ਮਗਰਮੱਛ ਨਾਲ ਵੈਰ ਨਹੀਂ ਰੱਖਿਆ ਜਾ ਸਕਦਾ।" ਬਾਬੇ ਫੱਤੂ ਦੇ ਇਹਨਾਂ ਸ਼ਬਦਾਂ ਨੇ ਜੋਸ਼ 'ਚ ਆਏ ਚੌਧਰੀਆਂ ਨੂੰ ਕੁਝ ਹੱਦ ਤੱਕ ਸ਼ਾਂਤ ਕਰ ਦਿੱਤਾ। ਬਾਬਾ ਫੱਤੂ ਫਿਰ ਬੋਲਿਆ:

"ਤੁਸੀਂ ਅਤੇ ਅਸੀਂ ਇਕ ਪਿੰਡ ਵਿੱਚ ਪੁਸ਼ਤਾਂ ਤੋਂ ਰਹਿੰਦੇ ਆਏ ਹਾਂ। ਅਸੀਂ ਤੁਹਾਨੂੰ ਆਪਣਾ ਚੌਧਰੀ ਸਮਝਦੇ ਸੀ ਅਤੇ ਤੁਸੀਂ ਸਾਨੂੰ ਆਪਣੇ ਚਮਾਰ। ਸਾਡਾ ਕੰਮ ਤੁਹਾਡੀ ਸੇਵਾ ਕਰਨਾ ਅਤੇ ਮਦਦ ਕਰਨਾ ਸੀ ਅਤੇ ਤੁਹਾਡਾ ਕੰਮ ਸਾਡੀ ਪਾਲਣਾ ਕਰਨਾ,

ਸਾਡੀਆਂ ਲੋੜਾਂ ਪੂਰੀਆਂ ਕਰਨਾ। ਸਾਡੇ ਦੁੱਖ-ਸੁੱਖ 'ਚ ਭਾਈਵਾਲ ਹੋਣਾ। ਮੇਰੀ ਉਮਰ ਸੱਤਰ ਤੋਂ ਉੱਤੇ ਆ। ਅਸੀਂ ਸਾਰੇ ਇਸ ਪਿੰਡ 'ਚ ਹੀ ਰਹਿੰਦੇ ਆਏ ਹਾਂ। ਪਹਿਲਾਂ ਪਿੰਡ 'ਚ ਭਾਵੇਂ ਚਮਾਰ ਹੋਵੇ ਜਾਂ ਚੌਧਰੀ, ਸਾਰਿਆਂ ਦੀ ਇੱਜ਼ਤ ਸਾਂਝੀ ਹੁੰਦੀ ਸੀ। ਲੜਾਈ ਝਗੜਾ ਤਾਂ ਦੂਰ ਕੋਈ ਚਮਾਰ ਚੌਧਰੀਆਂ ਅੱਗੇ ਅੱਖ ਚੁੱਕ ਕੇ ਨਹੀਂ ਸੀ ਦੇਖਦਾ। ਜਦੋਂ ਤੁਸੀਂ ਸਾਡੀ ਇੱਜ਼ਤ ਨੂੰ ਆਪਣੀ ਇੱਜ਼ਤ ਸਮਝਣਾ ਛੱਡ ਦਿੱਤਾ, ਜਦੋਂ ਜੱਟ ਅਤੇ ਚਮਾਰ ਦਾ ਖ਼ੂਨ ਰਲਣ ਲੱਗਾ ਤਾਂ ਇਹ ਗੜਬੜ ਹੋਣ ਲੱਗ ਪਈ। ਜੇ ਅੱਜ ਤੁਹਾਡੇ ਖ਼ੂਨ ਨੇ ਹੀ ਤੁਹਾਡੇ ਮੁੰਡੇ ਨੂੰ ਕੁੱਟਿਆ ਹੈ ਤਾਂ ਤੁਹਾਨੂੰ ਦੁੱਖ ਕਿਉਂ ਹੋਇਆ।"

ਬਾਬੇ ਫੱਤੂ ਨੇ ਬੱਗੇ ਵਲ ਇਸ਼ਾਰਾ ਕਰਦਿਆਂ ਕਿਹਾ, "ਇਹਨੂੰ ਦੇਖ ਕੇ ਕੋਈ ਕਹਿ ਸਕਦਾ ਹੈ ਕਿ ਇਹ ਚਮਾਰ ਦੀ ਔਲਾਦ ਹੈ?"

ਸਾਰੇ ਚੌਧਰੀਆਂ ਦੀਆਂ ਗਰਦਨਾਂ ਝੁਕ ਗਈਆਂ। ਆਲੇ ਦੁਆਲੇ ਦੇ ਕੋਠਿਆਂ ਉੱਤੇ ਬੈਠੀਆਂ ਤੀਵੀਂਆਂ ਮੂੰਹ ਬੰਦ ਕਰ ਕੇ ਹੱਸ ਰਹੀਆਂ ਸਨ। ਚੌਧਰੀ ਇਕ ਇਕ ਕਰ ਕੇ ਉੱਥੋਂ ਖਿਸਕਣ ਲੱਗੇ ਤਾਂ ਬਾਬੇ ਫੱਤੂ ਨੇ ਹੱਥ ਜੋੜ ਕੇ ਕਿਹਾ:

"ਮੈਂ ਸਿਰਫ ਇਹ ਹੀ ਕਹਿਣਾ ਸੀ। ਹੁਣ ਤੁਸੀਂ ਜੋ ਡੰਨ ਲਾਉਣਾ ਲਾ ਦਿਉ।"

ਬਾਬੇ ਫੱਤੂ ਨੇ ਨੀਵੀਂ ਪਾ ਲਈ।

ਸਭ ਲੋਕ ਚੁੱਪ ਬੈਠੇ ਸਨ। ਕੁਝ ਪਲਾਂ ਬਾਅਦ ਚੌਧਰੀ ਮੁਨਸ਼ੀ ਨੇ ਖਾਮੋਸ਼ੀ ਤੋੜਦਿਆਂ ਕਿਹਾ:

"ਜ਼ਮਾਨਾ ਬਹੁਤ ਬੁਰਾ ਆ ਗਿਆ।"

"ਕਲਯੁੱਗ 'ਚ ਜੋ ਵੀ ਹੋ ਜਾਵੇ ਉਹ ਥੋੜ੍ਹਾ।" ਮਹਾਸ਼ੇ ਨੇ ਕਿਹਾ।

"ਚੱਲ ਦੌੜ ਇੱਥੋਂ। ਜੇ ਫਿਰ ਕਦੇ ਚੋਰੀ ਕੀਤੀ ਜਾਂ ਲੜਾਈ ਕੀਤੀ ਤਾਂ ਪੁੱਠੀ ਖੱਲ੍ਹ ਲਾਹ ਦਊਂ।"

ਚੌਧਰੀ ਮੁਨਸ਼ੀ ਨੇ ਬੱਗੇ ਨੂੰ ਕਿਹਾ ਅਤੇ ਪੰਚਾਇਤ ਜਿੰਨੀ ਜਲਦੀ ਇਕੱਠੀ ਹੋਈ ਸੀ ਉਸ ਤੋਂ ਵੀ ਘੱਟ ਸਮੇਂ ਵਿੱਚ ਬਰਖਾਸਤ ਹੋ ਗਈ, ਪਰ ਚੋਧਰੀਆਂ ਦੀਆਂ ਹਵੇਲੀਆਂ 'ਚ, ਬਾਜ਼ਾਰ ਦੀਆਂ ਦੁਕਾਨਾਂ ਉੱਤੇ, ਚਮ੍ਹਾਰਲੀ ਦੇ ਤਕੀਏ ਉੱਤੇ ਬਲਕਿ ਹਰ ਘਰ ਵਿੱਚ ਇਕ ਹੀ ਚਰਚਾ ਹੋ ਰਹੀ ਸੀ, ਅਤੇ ਉਹ ਸੀ ਬਾਬੇ ਫੱਤੂ ਦੀਆਂ ਗੱਲਾਂ ਦੀ। ਤਮਾਸ਼ਬੀਣ ਲੋਕ ਸਾਰੇ ਪਿੰਡ ਦਾ ਚੱਕਰ ਲਾਉਂਦੇ ਅੱਜ ਦੀ ਘਟਨਾ 'ਤੇ ਲੋਕਾਂ ਦੀਆਂ ਟਿੱਪਣੀਆਂ ਸੁਣ ਕੇ ਚਟਖਾਰੇ ਲੈ ਰਹੇ ਸਨ।

ਮਹਾਸ਼ੇ ਤੀਰਥ ਰਾਮ ਦੀ ਦੁਕਾਨ ਉੱਤੇ ਮਹਿਫਲ ਗਰਮ ਸੀ। ਘੜੱਮ ਚੌਧਰੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਸਿੱਧਾ ਮਹਾਸ਼ੇ ਕੋਲ ਆ ਗਿਆ ਅਤੇ ਨਸਵਾਰ ਦੀਆਂ ਚੁਟਕੀਆਂ ਲੈ-ਲੈ ਜੱਟਾਂ ਅਤੇ ਚਮਾਰਾਂ ਦੋਹਾਂ ਨੂੰ ਗਾਲ੍ਹਾਂ ਕੱਢਣ ਲੱਗਾ। ਮਹਾਸ਼ਾ ਕਦੇ ਜੱਟਾਂ ਦੇ ਪੱਖ ਵਿੱਚ ਗੱਲ ਕਰਦਾ ਅਤੇ ਕਦੇ ਚਮਾਰਾਂ ਦੇ ਹੱਕ 'ਚ ਬੋਲਦਾ।

ਡਾਕਟਰ ਵਿਸ਼ਨਦਾਸ ਸ਼ਾਮ ਤੋਂ ਪਹਿਲਾਂ ਹੀ ਹੱਟੀ ਬੰਦ ਕਰਕੇ ਥੜ੍ਹੇ ਉੱਤੇ ਆ ਬੈਠਾ। ਪੰਡਿਤ ਸੰਤ ਰਾਮ ਮੰਦਿਰ ਵਲ ਜਾਂਦਾ ਹੋਇਆ ਉੱਥੇ ਹੀ ਰੁੱਕ ਗਿਆ। ਘੜੱਮ ਚੌਧਰੀ ਉਹਨੂੰ ਥੜ੍ਹੇ ਉੱਤੇ ਚੜ੍ਹਦੇ ਨੂੰ ਦੇਖ ਕੇ ਬੋਲਿਆ:

"ਪੰਡਿਤਾ ਤੈਨੂੰ ਕਦੋਂ ਤੋਂ ਕੰਨ-ਰਸ ਹੋ ਗਿਆ। ਜਾਹ ਜਾ ਕੇ ਸੰਖ 'ਚ ਫੂਕ ਮਾਰ। ਨਾਈਆਂ ਦਾ ਸਮਦੂ ਕੁੱਤਾ ਅਤੇ ਬੇਲਾ ਸਿੰਘ ਦਾ ਪਾਟੀਆਂ ਨਾਸਾਂ ਵਾਲਾ ਕੁੱਤਾ ਤੇਰੀ ਉਡੀਕ ਕਰਦੇ ਹੋਣੇ ਆ।"

ਪੰਡਿਤ ਸੰਤ ਰਾਮ ਨੇ ਉਹਦੀ ਵਲ ਘੂਰ ਕੇ ਦੇਖਿਆ ਅਤੇ ਮਹਾਸ਼ੇ ਨੂੰ ਕਹਿਣ ਲੱਗਾ:

"ਅੱਜ ਪੰਚਾਇਤ ਕਿਉਂ ਸੱਦੀ ਸੀ?"

"ਕੁਛ ਨਹੀਂ, ਚਮਾਰਾਂ ਦੇ ਬੱਗੇ ਨੇ ਬੂਟਾ ਸਿੰਘ ਦੇ ਮੁੰਡੇ ਪਾਲੇ ਨਾਲ ਧੌਲ-ਧੱਫਾ ਕੀਤਾ ਸੀ।"

"ਅੱਛਾ!" ਪੰਡਿਤ ਸੰਤ ਰਾਮ ਉਤਰਨ ਲੱਗਾ ਤਾਂ ਘੜੱਮ ਚੌਧਰੀ ਉਹਨੂੰ ਬਾਂਹੋਂ ਫੜ ਕੇ ਬਿਠਾਉਂਦਾ ਬੋਲਿਆ:

"ਕਿੱਥੇ ਚੱਲਿਆਂ? ਅਜੇ ਤਾਂ ਇਕ ਘੜੀ ਦਿਨ ਪਿਆ।"

"ਨਹੀਂ ਚੌਧਰੀ ਜਾਣ ਦੇ, ਮੈਨੂੰ ਕੰਮ ਆ।" ਪੰਡਿਤ ਸੰਤ ਰਾਮ ਨੇ ਉੱਠਦਿਆਂ ਕਿਹਾ।

"ਠਾਕਰਾਂ ਨੂੰ ਗਰਮੀ ਲੱਗਦੀ ਹੋਣੀ ਆਂ। ਉਹਨਾਂ ਨੂੰ ਇਸ਼ਨਾਨ ਕਰਾਉਣਾ ਹੋਊ।" ਘੜੱਮ ਚੌਧਰੀ ਨੇ ਨਸਵਾਰ ਦੀ ਇਕ ਹੋਰ ਚੁਟਕੀ ਲੈ ਕੇ ਜ਼ੋਰ ਨਾਲ ਸਾਹ ਖਿੱਚਿਆ ਅਤੇ ਪੰਡਿਤ ਸੰਤ ਰਾਮ ਦੇ ਮੂੰਹ 'ਤੇ ਛਿੱਕ ਮਾਰੀ। ਸੰਤ ਰਾਮ ਡਰ ਕੇ ਪਿੱਛੇ ਹੱਟ ਗਿਆ ਅਤੇ ਉੱਚੀ ਅਵਾਜ਼ 'ਚ ਬੋਲਿਆ।

"ਦੁਰਫਿੱਟੇ ਮੂੰਹ। ਪਾਪੀ ਕਿਤੋਂ ਦਾ। ਚੌਧਰੀ ਹੁਣ ਤੂੰ ਨਿਆਣਾ ਨਹੀਂ, ਛੋਕਰਖੇਡ ਛੱਡ ਦੇ। ਤੂੰ ਰੱਬ ਦਾ ਨਾਂ ਲਿਆ ਕਰ। ਕੁਛ ਅਗਲੀ ਦੁਨੀਆਂ ਦਾ ਵੀ ਫਿਕਰ ਕਰ।"

"ਪੰਡਿਤਾ, ਤੈਨੂੰ ਪੱਕੀ ਪਕਾਈ ਰੋਟੀ ਮਿਲ ਜਾਂਦੀ ਹੈ। ਮੀਂਹ ਹੋਵੇ ਜਾਂ 'ਨੇਰ੍ਹੀ, ਧੁੱਪ ਹੋਵੇ ਜਾਂ ਛਾਂ ਤੇਰੇ ਹੰਦੇ ਪੱਕੇ ਆ। ਤੈਨੂੰ ਭਗਤੀ ਨਾ ਸੁੱਝੂ ਤਾਂ ਹੋਰ ਕੀ ਸੁੱਝੂ। ਦੋ ਦਿਨ ਮਿਹਨਤ ਕਰ ਕੇ ਰੋਟੀ ਖਾਣੀ ਪਵੇ ਤਾਂ ਤੈਨੂੰ ਪਤਾ ਲਗ ਜਾਵੇ ਕਿ ਪੇਟ ਤੋਂ ਵੱਡਾ ਕੋਈ ਪਾਪੀ ਨਹੀਂ।" ਘੜੱਮ ਚੌਧਰੀ ਹੱਸਦਾ ਹੋਇਆ ਬੋਲਿਆ।

"ਮੈਂ ਤਾਂ ਕਈ ਦਿਨਾਂ ਦਾ ਸੋਚ ਰਿਹਾ ਹਾਂ ਕਿ ਤੇਰੇ ਮਰਨ ਤੋਂ ਬਾਅਦ ਮੰਦਿਰ ਸੰਭਾਲ ਲਵਾਂ। ਕੰਮ ਹੀ ਕੀ ਆ। ਸਵੇਰੇ-ਸ਼ਾਮ ਠਾਕਰਾਂ ਨੂੰ ਇਸ਼ਨਾਨ ਕਰਾਉਣਾ, ਘੰਟੀ ਵਜਾਉਣਾ, ਧੂਫ ਜਲਾਉਣੀ ਅਤੇ ਸੰਖ ਵਜਾਉਣਾ। ਬਾਕੀ ਮੌਜ ਹੀ ਮੌਜ। ਗਰਮੀਆਂ 'ਚ ਸਭ ਤੋਂ ਪਹਿਲਾਂ ਗਰਮੀਆਂ ਦੇ ਮੇਵੇ ਖਾਊ, ਸਿਆਲਾਂ 'ਚ ਸਿਆਲਾਂ ਦੇ। ਠਾਕਰਾਂ ਦਾ ਤਾਂ ਨਾਂ ਹੀ ਹੈ, ਅਸਲੀ ਭੋਗ ਤਾਂ ਤੂੰ ਹੀ ਲਾਉਂਦਾਂ।"

ਪੰਡਿਤ ਸੰਤ ਰਾਮ ਜੁਆਬ ਦੇਣ ਹੀ ਲੱਗਾ ਸੀ ਕਿ ਉਹਦੀ ਨਜ਼ਰ ਪਾਦਰੀ ਉੱਤੇ ਪੈ ਗਈ। ਉਹ ਆਪਣਾ ਲਹਿਜਾ ਬਦਲਦਾ ਬੋਲਿਆ:

"ਚੌਧਰੀ, ਤੂੰ ਮੇਰੇ ਪਿੱਛੇ ਹੱਥ ਧੋ ਕੇ ਕਿਉਂ ਪੈ ਗਿਆਂ। ਪਾਦਰੀ ਨਾਲ ਮੱਥਾ ਲਾ। ਲੋਕਾਂ ਨੂੰ ਕ੍ਰਿਸਚਿਅਨ ਬਣਾ ਰਿਹੈ।"

"ਉਹ ਤੇਰੇ ਤੋਂ ਵੀ ਵੱਡ ਫਰੇਬੀ ਆ। ਤੂੰ ਤਾਂ ਸਿਰਫ ਠਾਕਰਾਂ ਨੂੰ ਵੇਚਦਾਂ, ਉਹ ਬੰਦਿਆਂ ਨੂੰ ਨੀਲਾਮ ਕਰਦਾ। ਪਰ ਇਕ ਫਰਕ ਹੈ ਕਿ ਤੂੰ ਸੱਤ ਪਦਾਰਥ ਲੈ ਕੇ ਇਕ ਘੁੱਟ ਪਾਣੀ ਦਾ ਦਿੰਦਾਂ ਅਤੇ ਉਹ ਕੁਛ ਨਹੀਂ ਲੈਂਦਾ ਆਪਣੇ ਪੱਲਿਓਂ ਦਿੰਦਾ। ਕਿਉਂ ਪਾਦਰੀ ਠੀਕ ਆ ਨਾ?"

ਪਾਦਰੀ ਜੁਆਬ ਵਿੱਚ ਮੁਸਕਰਾ ਪਿਆ। ਮਹਾਸ਼ਾ ਘੜੰਮ ਚੌਧਰੀ ਨੂੰ ਟੋਕ ਕੇ ਬੋਲਿਆ:

"ਚੌਧਰੀ, ਤੂੰ ਕਿਹੜੀਆਂ ਗੱਲਾਂ 'ਚ ਪੈ ਗਿਆਂ?"

ਮਹਾਸ਼ੇ ਦੀ ਗੱਲ ਸੁਣ ਕੇ ਘੜੰਮ ਚੌਧਰੀ ਚੁੱਪ ਹੋ ਗਿਆ ਪਰ ਬੇਲਾ ਸਿੰਘ ਜੱਟ ਨੂੰ ਦੇਖਦਿਆਂ ਹੀ ਤੁਨਕ ਕੇ ਬੋਲਿਆ:

"ਸੁਣਾ ਬਈ ਪੰਚਾ, ਕਰ ਆਇਆਂ ਫੈਸਲਾ?" ਫਿਰ ਉਹ ਗਾਹਲ ਕੱਢ ਕੇ ਬੋਲਿਆ:

"ਪਟਕੇ ਬੰਨ ਕੇ ਤਾਂ ਮੰਜਿਆਂ 'ਤੇ ਏਦਾਂ ਜਾ ਬੈਠੇ ਸਨ ਜਿਵੇਂ ਹਾਈ ਕੋਰਟ ਦੇ ਜੱਜ ਹੋਣ। ਫੱਤੂ ਨੇ ਚੰਗਾ ਜੁਆਬ ਦਿੱਤਾ। ਮੈਂ ਤਾਂ ਕਹੂੰ ਕਿ ਜਿਹਨਾਂ ਚਮਾਰੀਆਂ ਦੇ ਘਰ ਜੱਟਾਂ ਦੇ ਨਿਆਣੇ ਜੰਮੇ ਹਨ ਉਹਨਾਂ ਨੂੰ ਜਾਇਦਾਦ 'ਚੋਂ ਹਿੱਸਾ ਮੰਗਣਾ ਚਾਹੀਦਾ।"

"ਚੌਧਰੀ ਨੇ ਬਹੁਤ ਪਤੇ ਦੀ ਗੱਲ ਕੀਤੀ ਆ।" ਮਹਾਸ਼ੇ ਨੇ ਜ਼ੋਰ ਨਾਲ ਠਹਾਕਾ ਮਾਰਦਿਆਂ ਕਿਹਾ।

"ਬੱਗਾ ਉਦਾਂ ਚਮਾਰ ਦੀ ਔਲਾਦ ਹੈ ਵੀ ਨਹੀਂ। ਮਹਾਸ਼ਿਆ ਕਾਲਾ ਬਾਹਮਣ ਅਤੇ ਗੋਰਾ ਚਮਾਰ ਦੋਵੇਂ ਹਰਾਮ ਦੀ ਔਲਾਦ ਹੁੰਦੇ ਆ।" ਘੜੰਮ ਚੌਧਰੀ ਨੇ ਡੇਲੇ ਘੁੰਮਾਉਂਦਿਆਂ ਕਿਹਾ।

"ਨਹੀਂ, ਇਹ ਬਿਲਕੁਲ ਗਲਤ ਗੱਲ ਹੈ, ਬਿਲਕੁਲ ਅਨਸਾਇੰਟਿਫਿਕ ਥਿਉਰੀ ਹੈ। ਹੁਣ ਇਹ ਸਿੱਧ ਹੋ ਚੁੱਕਾ ਕਿ ਖੂਨ, ਕਾਲੇ ਆਦਮੀ ਦਾ ਹੋਵੇ ਜਾਂ ਗੋਰੇ ਦਾ, ਇਕ ਤਰ੍ਹਾਂ ਦਾ ਹੀ ਹੁੰਦਾ...। ਇਸ ਝਗੜੇ ਦਾ ਅਸਲ ਕਾਰਨ ਇਹ ਹੈ ਕਿ ਹੁਣ ਪ੍ਰੋਲੇਤਾਰੀ ਵਰਗ ਜਾਗ ਪਿਆ ਹੈ। ਉਹਨੂੰ ਆਪਣੇ ਅਧਿਕਾਰਾਂ ਦਾ ਅਹਿਸਾਸ ਹੋ ਗਿਆ ਹੈ। ਚਮਾਰ ਹੁਣ ਜੱਟ ਦਾ ਰੋਅਬ ਬਰਦਾਸ਼ਤ ਨਹੀਂ ਕਰੂਗਾ।"

ਡਾਕਟਰ ਨੇ ਜੋਸ਼ 'ਚ ਆ ਕੇ ਕਿਹਾ।

"ਲਓ ਮੁਰਦਾ ਬੋਲਿਆ।"

ਘੜੰਮ ਚੌਧਰੀ ਨੇ ਡਾਕਟਰ ਵੱਲ ਘਿਰਨਾ ਭਰੀਆਂ ਨਜ਼ਰਾਂ ਨਾਲ ਦੇਖਦਿਆਂ ਤਿੱਖੀ ਅਵਾਜ਼ ਵਿੱਚ ਕਿਹਾ:

"ਡਾਕਟਰ, ਕਹਿਣ ਨੂੰ ਤੂੰ ਬਾਰਾਂ ਜਮਾਤਾਂ ਪਾਸ ਆਂ, ਪਰ ਅਕਲ ਤੈਨੂੰ ਦੋ ਕੌਢੀ ਦੀ ਵੀ ਨਹੀਂ। ਤੂੰ ਹਮੇਸ਼ਾਂ ਬੇਮੌਕੇ ਦੀ ਅਤੇ ਬੇਤੁਕੀ ਗੱਲ ਕਰਦਾਂ। ਜੇ ਤੇਰੀ ਗੱਲ ਠੀਕ ਹੈ ਤਾਂ ਤੂੰ ਆਪਣੇ ਨਿਆਣਿਆਂ ਦੇ ਰਿਸ਼ਤੇ ਚਮਾਰਾਂ ਨਾਲ ਕਰ ਦਈਂ।"

"ਚੌਧਰੀ, ਤੂੰ ਜੱਟਾਂ ਆਲੀ ਗੱਲ ਕਰ ਰਿਹੈਂ। ਤੇਰੀ ਗੱਲ 'ਚ ਕੋਈ ਤੁਕ ਨਹੀਂ। ਮੈਂ ਸਾਇੰਟਿਫਿਕ ਨਜ਼ਰੀਆ ਪੇਸ਼ ਕਰ ਰਿਹਾਂ ਹਾਂ।" ਡਾਕਟਰ ਨੇ ਸਖਤ ਲਹਿਜੇ 'ਚ ਕਿਹਾ।

"ਦੇਖਿਆ ਹੋਇਆ ਤੇਰਾ ਸਾਇੰਟਿਫਿਕ ਨਜ਼ਰੀਆ। ਤੂੰ ਨੱਕ ਸਾਫ ਕਰਨ ਬੈਠਦਾਂ ਤਾਂ ਅੱਧਾ ਦਿਨ ਲਾ ਦਿੰਦਾਂ। ਤੇਰਾ ਨਜ਼ਰੀਆਂ ਸਾਇੰਟਿਫਿਕ ਹੈ ਜਾਂ ਨਹੀਂ, ਇਹ ਤਾਂ ਮੈਨੂੰ ਪਤਾ ਨਹੀਂ ਪਰ ਤੈਨੂੰ ਫਿਟਕ ਜ਼ਰੂਰ ਹੈ।"

ਘੜੰਮ ਚੌਧਰੀ ਦੀ ਗੱਲ ਉੱਤੇ ਸਾਰੇ ਖਿੜਖਿੜਾ ਕੇ ਹੱਸਣ ਲੱਗੇ ਤਾਂ ਡਾਕਟਰ ਨੇ ਬੁਰਾ ਜਿਹਾ ਮੂੰਹ ਬਣਾ ਲਿਆ।

ਘੜੰਮ ਚੌਧਰੀ ਮਹਿਫਲ 'ਤੇ ਛਾਇਆ ਹੋਇਆ ਸੀ ਕਿ ਮੰਦਿਰ ਵਿੱਚ ਘੰਟੀਆਂ ਵੱਜਣ ਲੱਗੀਆਂ ਅਤੇ ਨਾਲ ਹੀ ਸੰਖ ਦੀ ਅਵਾਜ਼ ਆਉਣ ਲੱਗੀ। ਮਹਾਸ਼ੇ ਨੇ ਮੂੰਹ ਵਿੱਚ ਗਾਇਤਰੀ ਪੜ੍ਹਦਿਆਂ ਲਾਲਟੈਨ ਜਗਾ ਦਿੱਤੀ। ਲੋਕ ਹੌਲੀ ਹੌਲੀ ਉੱਥੋਂ ਖਿਸਕਣ ਲੱਗੇ। ਘੜੰਮ ਚੌਧਰੀ ਆਪਣੀ ਜੁੱਤੀ ਟੋਂਹਦਾ ਉੱਠ ਖੜ੍ਹਾ ਹੋਇਆ।

ਮਹਾਸ਼ੇ ਦੀ ਦੁਕਾਨ ਉੱਤੇ ਸਿਰਫ ਡਾਕਟਰ ਰਹਿ ਗਿਆ। ਉਹ ਮਹਾਸ਼ੇ ਨੂੰ ਇਨਸਾਨ ਦੇ ਖੂਨ ਬਾਰੇ ਨਵੀਂ ਥਿਊਰੀ ਦਸ ਰਿਹਾ ਸੀ ਅਤੇ ਉਹ ਮੂੰਹ ਵਿੱਚ ਗਾਇਤਰੀ ਦਾ ਪਾਠ ਕਰ ਰਿਹਾ ਸੀ। ਗਲੀ ਵਿੱਚ ਗਿਆਨੋ ਆ ਰਹੀ ਸੀ ਅਤੇ ਉਹਦੇ ਪਿੱਛੇ ਪਿੱਛੇ ਬੂਟਾ ਸਿੰਘ ਦਾ ਮੁੰਡਾ ਪਾਲਾ ਗਾਉਂਦਾ ਆ ਰਿਹਾ ਸੀ:

**ਇਕ ਚੁੰਮੀ ਲੈ ਲੈਣ ਦੇ**
**ਤੈਨੂੰ ਦੇ ਦਿਆਂ ਮੁਰੱਬੇ ਸਾਰੇ ।।**

**29**

ਚਾਚੀ ਨੂੰ ਦਵਾ ਦਾਰੂ ਨਾਲ ਫਾਇਦਾ ਨਾ ਹੋਇਆ ਤਾਂ ਤਾਈ ਨਿਹਾਲੀ ਅਤੇ ਬੇਬੇ ਹੁਕਮੀ ਦੇ ਕਹਿਣ ਉੱਤੇ ਕਾਲੀ ਜਾਦੂ ਟੂਣੇ ਦਾ ਸਹਾਰਾ ਲੈਣ ਲਈ ਤਿਆਰ ਹੋ ਗਿਆ। ਉਹਨੇ ਜੀਤੂ ਰਾਹੀਂ ਲਾਗਲੇ ਪਿੰਡ ਕੰਧਾਲਾ ਜੱਟਾਂ ਦੇ ਰੱਖੇ ਝਿਉਰ ਨੂੰ ਸੱਦ ਲਿਆ। ਉਹ ਝਾੜ ਫੂਕ ਅਤੇ ਜਾਦੂ ਟੂਣੇ ਲਈ ਸਾਰੇ ਇਲਾਕੇ ਵਿੱਚ ਮਸ਼ਹੂਰ ਸੀ।

ਕਾਫੀ ਡੂੰਘਾ ਹਨ੍ਹੇਰਾ ਹੋ ਗਿਆ ਸੀ ਜਦੋਂ ਗਲੀ ਵਿੱਚ ਚਿਮਟੇ ਦੀ ਛਣਛਣ ਸੁਣਾਈ ਦਿੱਤੀ। ਕਾਲੀ ਇਕਦਮ ਬਾਹਰ ਆ ਗਿਆ ਅਤੇ ਜੀਤੂ ਦੇ ਨਾਲ ਚਿਮਟੇ ਵਾਲੇ ਬੰਦੇ ਨੂੰ ਦੇਖ ਕੇ ਖੁਸ਼ ਹੁੰਦਾ ਬੋਲਿਆ:

"ਆ ਗਏ ਜੀ?"

"ਹਾਂ।" ਕਹਿੰਦਾ ਜੀਤੂ ਡਿਓਢੀ ਵਿੱਚ ਆ ਗਿਆ।

ਉਹਦੇ ਪਿੱਛੇ ਪਿੱਛੇ ਰੱਖਾ ਝਿਊਰ ਵੀ ਡਿਓਢੀ ਵਿੱਚ ਚਾਰੀਂ ਪਾਸੀ ਦੇਖਦਾ ਹੋਇਆ ਅੰਦਰ ਆ ਗਿਆ। ਕਾਲੀ ਨੇ ਵਿਹੜੇ ਵਿੱਚੋਂ ਮੰਜੀ ਚੁੱਕ ਕੇ ਡਿਓਢੀ ਵਿੱਚ ਡਾਹ ਦਿੱਤੀ।

"ਬੈਠੋ ਜੀ।" ਕਾਲੀ ਨੇ ਰੱਖੇ ਝਿਊਰ ਵਲ ਦੇਖਦਿਆਂ ਕਿਹਾ।

ਮਿੱਟੀ ਦੇ ਦੀਵੇ ਦੀ ਰੋਸ਼ਨੀ ਵਿੱਚ ਰੱਖੇ ਦਾ ਕਾਲਾ ਚਿਹਰਾ, ਜਿਹਦੇ ਉੱਤੇ ਉਹਨੇ ਸਰੋਂ ਦਾ ਤੇਲ ਪੋਤਿਆ ਹੋਇਆ ਸੀ, ਬਹੁਤ ਚਮਕ ਰਿਹਾ ਸੀ। ਉਹਦੇ ਗਲ ਵਿੱਚ ਮੋਟੇ ਮੋਟੇ ਮਣਕਿਆਂ ਦੀ ਮਾਲਾ ਪਾਈ ਹੋਈ ਸੀ ਅਤੇ ਸਿਰ ਉੱਤੇ ਮੈਲ਼ੀ ਜਿਹੀ ਪੱਗ ਬੱਧੀ ਹੋਈ ਸੀ। ਇਕ ਹੱਥ ਵਿੱਚ ਝੋਲਾ ਅਤੇ ਦੂਸਰੇ ਵਿੱਚ ਲੋਹੇ ਦਾ ਵੱਡਾ ਚਿਮਟਾ। ਚਿਮਟੇ ਉੱਤੇ ਵੀ ਸਰੋਂ ਦਾ ਤੇਲ ਪੋਤਿਆ ਹੋਇਆ ਸੀ ਅਤੇ ਉਹਦੀਆਂ ਦੋਵੇਂ ਪੱਤੀਆਂ ਉੱਤੇ ਕੁੰਡੇ ਲੱਗੇ ਹੋਏ ਸਨ ਜਿਹੜੇ ਥੋੜ੍ਹਾ ਜਿਹਾ ਹਿੱਲਣ ਉੱਤੇ ਛਣਛਣ ਕਰਨ ਲੱਗਦੇ।

"ਇਹ ਬੈਠਕ ਨਵੀਂ ਬਣਾਈ ਆ?" ਰੱਖੇ ਨੇ ਪੁੱਛਿਆ।

"ਹਾਂ, ਪੰਦਰਾਂ ਵੀਹ ਦਿਨ ਹੋਏ ਹਨ।" ਕਾਲੀ ਨੇ ਜੁਆਬ ਦਿੱਤਾ।

"ਹੂੰ।" ਰੱਖਾ ਜਿਵੇਂ ਸੋਚ ਵਿੱਚ ਪੈ ਗਿਆ ਅਤੇ ਫਿਰ ਕਾਲੀ ਵਲ ਅੱਖਾਂ ਪਾੜ ਪਾੜ ਦੇਖਦਾ ਬੋਲਿਆ:

"ਇਹਦੇ 'ਚ ਵਸੇਰਾ ਕਰਨ ਤੋਂ ਪਹਿਲਾਂ ਕਿਸੇ ਸਿਆਣੇ ਨੂੰ ਸੱਦਿਆ ਸੀ?"

"ਨਹੀਂ।"

"ਇਸ ਲਈ ਪ੍ਰੇਤਾਂ ਦਾ ਵਾਸਾ ਹੋ ਗਿਆ। ਇਕ ਗੱਲ ਯਾਦ ਰੱਖ ਜਦੋਂ ਵੀ ਕਦੇ ਨਵਾਂ ਮਕਾਨ ਬਣੇਗਾ ਤਾਂ ਉਹਦੇ 'ਚ ਪ੍ਰੇਤ ਆ ਜਾਣਗੇ। ਉਹ ਚੋਲ਼ਾ ਚਾਹੁੰਦੇ ਹਨ।" ਰੱਖੇ ਨੇ ਕਿਹਾ।

ਕਾਲੀ ਦੀ ਸਮਝ ਵਿੱਚ ਕੁਝ ਨਾ ਆਇਆ ਪਰ ਉਹ ਨੀਵੀਆਂ ਨਜ਼ਰਾਂ ਨਾਲ ਰੱਖੇ ਵਲ ਦੇਖਣ ਲੱਗਾ।

ਜੀਤੂ ਆਪਣੀ ਮਾਂ ਨੂੰ ਸੱਦ ਲਿਆਇਆ। ਤਾਈ ਨਿਹਾਲੀ ਨੇ ਆਉਂਦਿਆਂ ਆਉਂਦਿਆਂ ਗਲੀ 'ਚ ਪੰਜ ਸੱਤ ਘਰਾਂ ਵਿੱਚ ਸੂਚਨਾ ਦੇ ਦਿੱਤੀ। ਥੋੜ੍ਹੀ ਹੀ ਦੇਰ ਵਿੱਚ ਕਈ ਤੀਵੀਂਆਂ ਕਾਲੀ ਦੇ ਵਿਹੜੇ ਵਿੱਚ ਇਕੱਠੀਆਂ ਹੋ ਗਈਆਂ। ਸਾਰੀਆਂ ਨੇ ਰੱਖੇ ਦੇ ਪੈਰਾਂ ਵਲ ਨਿਵ ਕੇ ਉਹਨੂੰ ਬੰਦਨਾ ਕੀਤੀ। ਤਾਈ ਨਿਹਾਲੀ ਉਹਦੇ ਨਾਲ ਗੱਲਾਂ ਕਰਨ ਲੱਗੀ। ਰੱਖੇ ਨੇ ਉਸ ਤੋਂ ਕਈ ਚੌਧਰੀਆਂ ਅਤੇ ਚੌਧਰਾਣੀਆਂ ਦਾ ਹਾਲ ਪੁੱਛਿਆ ਅਤੇ ਫਿਰ ਸਖਤ ਅਵਾਜ਼ ਵਿੱਚ ਬੋਲਿਆ:

"ਨਿਹਾਲੀਏ! ਇਹ ਮੁੰਡਾ ਤਾਂ ਬੇਸਮਝ ਹੈ। ਤੂੰ ਹੀ ਇਹਨੂੰ ਸਮਝਾਉਂਦੀ ਕਿ ਨਵੇਂ ਮਕਾਨ ਵਿੱਚ ਭੂਤਾਂ ਨੂੰ ਕੱਢਣ ਬਿਨਾਂ ਵਸੇਰਾ ਨਹੀਂ ਕਰਨਾ ਚਾਹੀਦਾ।" ਉਹਨੇ ਕਾਲੀ ਵਲ ਆਪਣਾ ਝੋਲਾ ਕਰਦਿਆਂ ਕਿਹਾ:

"ਇਹਨੂੰ ਸੰਭਾਲ ਕੇ ਰੱਖੀਂ। ਇਸ ਵਿੱਚ ਖਰਬੂਜੇ ਹਨ।" ਅਤੇ ਫਿਰ ਤਾਈ ਨਿਹਾਲੀ ਨੂੰ ਕਹਿਣ ਲੱਗਾ:

"ਜਿਹਦੇ ਅੰਦਰ ਭੂਤ ਹਨ, ਉਹ ਕਿੱਥੇ ਆ?"

ਤਾਈ ਨਿਹਾਲੀ ਦੀਵਾ ਚੁੱਕ ਕੇ ਉਹਦੀ ਲੋਅ ਵਿੱਚ ਰੱਖੇ ਨੂੰ ਵਿਹੜੇ ਵਿੱਚ ਲੈ ਆਈ। ਰੱਖੇ ਨੇ ਚਾਚੀ ਉੱਤੇ ਇਕ ਨਜ਼ਰ ਸੁੱਟੀ ਅਤੇ ਹੱਥ ਵਿੱਚ ਫੜਿਆ ਚਿਮਟਾ ਵਜਾਇਆ। ਚਾਚੀ ਦਾ ਸਰੀਰ ਡਰ ਨਾਲ ਸਿਹਰ ਉੱਠਿਆ ਤਾਂ ਰੱਖਾ ਹੱਸਦਾ ਹੋਇਆ ਬੋਲਿਆ:

"ਅਜੇ ਤਾਂ ਮੈਂ ਕੁਛ ਕੀਤਾ ਹੀ ਨਹੀਂ, ਤੂੰ ਪਹਿਲਾਂ ਹੀ ਕੰਬਣ ਲੱਗ ਪਿਆਂ।" ਫਿਰ ਉਹ ਕਾਲੀ ਨੂੰ ਸੰਬੋਧਨ ਹੁੰਦਾ ਬੋਲਿਆ:

"ਧੂਫ, ਗੁੱਗਲ, ਡੰਡੀ ਵਾਲੀ ਲਾਲ ਮਿਰਚ ਹੈਗੀ ਆ?"

"ਹਾਂ ਜੀ।"

"ਲੈ ਆ ਸਾਰੀਆਂ ਚੀਜ਼ਾਂ।" ਰੱਖੇ ਨੇ ਆਪਣਾ ਚਿਮਟਾ ਫਰਸ਼ ਉੱਤੇ ਰੱਖਦਿਆਂ ਕਿਹਾ:

"ਕੁਛ ਖਾਣ ਪੀਣ ਦਾ ਸਾਮਾਨ ਲੈ ਆਵੋ। ਸੁੱਕੀ ਰਸਦ ਲਿਆਉਣੀ।"

ਕਾਲੀ ਨੂੰ ਪੁੱਛ ਕੇ ਤਾਈ ਨਿਹਾਲੀ ਥਾਲੀ ਵਿੱਚ ਆਟਾ ਅਤੇ ਗੁੜ ਲੈ ਆਈ ਅਤੇ ਰੱਖੇ ਦੇ ਸਾਹਮਣੇ ਰੱਖ ਦਿੱਤੇ। ਰੱਖਾ ਥਾਲੀ ਵਲ ਦੇਖਦਾ ਹੋਇਆ ਬੋਲਿਆ:

"ਇਹਦੇ ਵਿੱਚ ਚਾਰ ਆਨੇ ਦੁੱਧ ਲਈ ਵੀ ਰੱਖ ਦੇ। ਭੂਤ ਜਿੱਦੀ ਲੱਗਦਾ। ਮੇਰੇ ਖਿਆਲ 'ਚ ਸੁਲਹ ਸਫਾਈ ਨਾਲ ਨਹੀਂ ਜਾਂਦਾ।"

ਕਾਲੀ ਨੇ ਥਾਲੀ ਵਿੱਚ ਚਾਰ ਆਨੇ ਵੀ ਰੱਖ ਦਿੱਤੇ।

ਰੱਖੇ ਨੇ ਧੂੱਪ ਅਤੇ ਗੁੱਗਲ ਕੜਛੀ ਵਿੱਚ ਪਾ ਕੇ ਉਸ ਉੱਤੇ ਮਘਦਾ ਕੋਲਾ ਰੱਖ ਦਿੱਤਾ ਅਤੇ ਉਹਨੂੰ ਚਾਚੀ ਦੀਆਂ ਨਾਸਾਂ ਕੋਲ ਲਿਜਾ ਕੇ ਮੂੰਹ ਬੰਦ ਕਰਕੇ ਕੁਛ ਬੁੜਬੁੜਾਉਣ ਲੱਗਾ। ਉਹ ਥੋੜ੍ਹੇ-ਥੋੜ੍ਹੇ ਚਿਰ ਬਾਅਦ ਚਿਮਟਾ ਫਰਸ਼ ਉੱਤੇ ਮਾਰ ਕੇ ਉੱਚੀ ਅਵਾਜ਼ ਵਿੱਚ ਕਹਿੰਦਾ:

"ਨਿਕਲ ਜਾ ਇਥੋਂ, ਤੇਰੇ ਪੀਰਾਂ ਫਕੀਰਾਂ ਨੂੰ ਪਰਸ਼ਾਦਾ ਛਕਾਊਂ।" ਰੱਖੇ ਨੇ ਇਸ ਤਰ੍ਹਾਂ ਸੱਤ ਵਾਰ ਕੀਤਾ ਪਰੰਤੂ ਜਦੋਂ ਚਾਚੀ ਦੇ ਸਰੀਰ ਵਿੱਚ ਹਵਾ ਜਿੰਨੀ ਹਰਕਤ ਵੀ ਨਾ ਹੋਈ ਤਾਂ ਉਹ ਸਾਰਿਆਂ ਵਲ ਦੇਖਦਾ ਬੋਲਿਆ:

"ਭੂਤ ਕਾਫੀ ਢੀਠ ਆ। ਪਤਾ ਆ ਕਿਹਦਾ ਭੂਤ ਆ ਇਹ?" ਅਤੇ ਉਹ ਖਿੜਖਿੜਾ ਕੇ ਹੱਸ ਪਿਆ। ਸਾਰੇ ਉਹਦੀ ਵਲ ਦੇਖਣ ਲੱਗੇ। ਪਰ ਉਹ ਸਾਰਿਆਂ ਤੋਂ ਬੇਪਰਵਾਹ ਉੱਚੀ ਅਵਾਜ਼ ਵਿੱਚ ਬੋਲਿਆ"

"ਮੈਂ ਤੈਨੂੰ ਪਛਾਣ ਲਿਆ। ਤੇਰੀ ਭਲਾਈ ਇਸ ਵਿੱਚ ਹੀ ਹੈ ਕਿ ਸੁਲਹ ਸਫਾਈ ਨਾਲ ਚਲਾ ਜਾ ਵਰਨਾ ਤੂੰ ਜਾਣਦਾ ਹੀ ਆਂ ਕਿ ਮੈਂ ਤੈਨੂੰ ਕਿਤੋਂ ਦਾ ਨਾ ਛੱਡੂੰ।" ਰੱਖਾ ਅੱਖਾਂ ਉੱਪਰ ਨੂੰ ਚੁੱਕਦਾ ਬੋਲਿਆ:

"ਹਰਵੇਲ ਸਿੰਘ ਦਾ ਨਾਂ ਸੁਣਿਆ ਹੈ? ... ਹਰਵੇਲ ਸਿੰਘ ਪਾਰਲਾ?"

ਇਹ ਨਾਂ ਸੁਣ ਕੇ ਸਾਰਿਆਂ ਦੇ ਦਿਲ ਦਹਿਲ ਗਏ। ਹਰਵੇਲ ਸਿੰਘ ਬਿਆਸ ਦਰਿਆ ਦੇ ਪਰਲੇ ਪਾਸੇ ਦਾ ਨਾਮੀ ਡਾਕੂ ਸੀ। ਉਹਨੇ ਬਹੁਤ ਸਾਰੇ ਡਾਕੇ ਮਾਰੇ ਸਨ ਅਤੇ ਕਈ ਕਤਲ ਕੀਤੇ ਸਨ। ਉਹਨੂੰ ਪੁਲਿਸ ਨੇ ਇਕ ਮਕਾਨ ਵਿੱਚ ਘੇਰ ਕੇ ਜ਼ਿੰਦਾ ਸਾੜ ਦਿੱਤਾ ਸੀ।

ਰੱਖਾ ਚਿਮਟਾ ਵਜਾਉਂਦਾ ਬੋਲਿਆ:

"ਡਾਕੇ ਵੀ ਸਾਡੇ ਇਲਾਕੇ 'ਚ ਮਾਰਦਾ ਸੀ ਅਤੇ ਹੁਣ ਭੂਤ ਬਣ ਕੇ ਵੀ ਇਸ ਹੀ ਇਲਾਕੇ 'ਚ ਘੁੰਮਦਾ। ਜੌੜੇ ਦੇ ਤਖਾਣ ਦੇ ਨੌਜਵਾਨ ਮੁੰਡੇ 'ਚ ਵਾਸ ਕਰ ਗਿਆ ਸੀ। ਮੈਂ ਉੱਥੋਂ ਇਹਨੂੰ ਕੁੱਤੇ ਦੀ ਬਾਬ ਕਰਕੇ ਕੱਢਿਆ ਸੀ।" ਰੱਖੇ ਨੇ ਕੜਛੀ ਚੁੱਕ ਲਈ ਅਤੇ ਕੋਲੇ ਉੱਤੇ ਫੂਕ ਮਾਰ ਕੇ ਉਹਨੂੰ ਮਘਾ ਦਿੱਤਾ ਅਤੇ ਉੱਪਰ ਲਾਲ ਮਿਰਚਾਂ ਰੱਖ ਦਿੱਤੀਆਂ। ਮਿਰਚਾਂ ਦੇ ਕੌੜੇ ਧੂੰਏਂ ਤੋਂ ਬਚਣ ਲਈ ਸਾਰਿਆਂ ਨੇ ਨੱਕਾਂ ਅਤੇ ਮੂੰਹਾਂ ਉੱਤੇ ਕੱਪੜਾ ਰੱਖ ਲਿਆ ਅਤੇ ਅੱਖਾਂ ਬੰਦ ਕਰ ਲਈਆਂ। ਰੱਖੇ ਨੇ ਬਹੁਤ ਕਾਹਲੀ-ਕਾਹਲੀ ਮੂੰਹ ਹੀ ਮੂੰਹ ਵਿੱਚ ਕੁਛ ਪੜ੍ਹਿਆ ਅਤੇ ਉਹ ਕੜਛੀ ਚਾਚੀ ਦੇ ਨੱਕ ਹੇਠਾਂ ਲਿਜਾ ਕੇ ਜ਼ਮੀਨ ਉੱਤੇ ਜ਼ੋਰ ਦੇਣੀ ਚਿਮਟਾ ਮਾਰ ਕੇ ਬੋਲਿਆ:

"ਨਿਕਲ ਜਾ ਵਰਨਾ ਤੈਨੂੰ ਜੰਮਣ ਵਾਲਿਆਂ ਨੂੰ ਕੀੜੀਆਂ ਨੂੰ ਖਿਲਾਊਂ।" ਉਹਨੇ ਦੋ ਤਿੰਨ ਵਾਰ ਜ਼ੋਰ ਦੇਣੀ ਚਿਮਟਾ ਜ਼ਮੀਨ ਉੱਤੇ ਮਾਰਿਆ। ਚਾਚੀ ਦਾ ਸਰੀਰ ਇਕ ਵਾਰ ਕੰਬਿਆ ਅਤੇ ਉਹਦੇ ਬੁੱਲਾਂ ਅਤੇ ਪਲਕਾਂ ਵਿੱਚ ਕੰਬਨੀ ਛਿੜ ਪਈ।

"ਹੁਣ ਹਿੱਲਿਆਂ, ਦੇਖਦਾ ਚੱਲ; ਮੈਂ ਤੈਨੂੰ ਘੋੜੇ ਵਾਂਗ ਦੌੜਾਊਂ।"

ਰੱਖੇ ਨੇ ਚਿਮਟਾ ਵਜਾ ਕੇ ਕਿਹਾ ਅਤੇ ਕੜਛੀ ਵਿੱਚ ਜਦੋਂ ਲਾਲ ਮਿਰਚਾਂ ਦੇ ਬੀਅ ਸੜਨ ਲੱਗੇ ਤਾਂ ਉਹਨੇ ਕੜਛੀ ਚਾਚੀ ਦੇ ਨੱਕ ਦੇ ਬਿਲਕੁਲ ਹੇਠਾਂ ਰੱਖ ਦਿੱਤੀ। ਚਾਚੀ ਨੂੰ ਉਪਰੋਥਲੀ ਦੋ ਤਿੰਨ ਛਿੱਕਾਂ ਆ ਗਈਆਂ ਤਾਂ ਰੱਖਾ ਚਿਮਟਾ ਚਾਚੀ ਦੇ ਸਿਰ ਦੇ ਬਿਲਕੁਲ ਕੋਲ ਵਜਾਉਂਦਾ ਹੋਇਆ ਬੋਲਿਆ:

"ਬੋਲ ਨਿਕਲੂੰਗਾ ਜਾਂ ਨਹੀਂ। ਇਸ ਵਾਰ ਮੈਂ ਤੈਨੂੰ ਬਿਆਸੋਂ ਪਾਰ ਹੀ ਪਹੁੰਚਾ ਕੇ ਛੱਡੂੰ।" ਰੱਖੇ ਨੇ ਆਪਣੇ ਮੂੰਹ ਵਿੱਚ ਫਿਰ ਕੁਛ ਪੜ੍ਹਿਆ ਅਤੇ ਚਾਚੀ ਦੇ ਨੱਕ ਹੇਠਾਂ ਕੜਛੀ ਘੁਮਾਉਣ ਲੱਗਾ। ਕੌੜੇ ਧੂੰਏਂ ਨਾਲ ਚਾਚੀ ਨੂੰ ਖੰਘ ਦਾ ਦੌਰਾ ਜਿਹਾ ਪੈ ਗਿਆ ਅਤੇ ਉਹਦੀਆਂ ਬੰਦ ਅੱਖਾਂ 'ਚੋਂ ਪਾਣੀ ਵਗਣ ਲੱਗਾ। ਰੱਖਾ ਅੱਖਾਂ 'ਚੋਂ ਵਗਦੇ ਪਾਣੀ ਨੂੰ ਦੇਖ ਕੇ ਬੋਲਿਆ:

"ਹੁਣ ਰੋਂਦਾ ਪਿਆਂ, ਪਹਿਲਾਂ ਹੀ ਮੇਰੀ ਗੱਲ ਮੰਨ ਲੈਂਦਾ ਅਤੇ ਖਾ ਪੀ ਕੇ ਸੁਲਹ ਸਫਾਈ ਨਾਲ ਚਲਾ ਜਾਂਦਾ।"

ਔਰਤਾਂ ਸਾਹ ਰੋਕੀ ਸਭ ਕੁਝ ਦੇਖ ਅਤੇ ਸੁਣ ਰਹੀਆਂ ਸਨ। ਉਹ ਕਦੇ ਕਦੇ ਇਕ ਦੂਜੇ ਦੇ ਕੰਨਾਂ 'ਚ ਫੁਸਫੁਸਾਉਣ ਲਗਦੀਆਂ। ਖੰਘ ਦੀ ਮਾਰ ਨਾਲ ਜਦੋਂ ਚਾਚੀ ਦਾ ਸਾਰਾ ਸਰੀਰ ਸੁੰਗੜਨ ਲੱਗਾ ਤਾਂ ਰੱਖਾ ਚਿਮਟਾ ਵਜਾਉਂਦਾ ਉੱਚੀ ਅਵਾਜ਼ ਵਿੱਚ ਬੋਲਿਆ:

"ਹੁਣ ਆਕੜਦਾ ਕਿਉਂ ਆਂ? ਜਾਂਦਾ ਕਿਉਂ ਨਹੀਂ? ਕੀ ਜੁੱਤੀਆਂ ਖਾਣ ਦਾ ਇਰਾਦਾ?"

ਚਾਚੀ ਦਾ ਜਦੋਂ ਖੰਘ ਨਾਲ ਬੁਰਾ ਹਾਲ ਹੋ ਗਿਆ ਤਾਂ ਕਾਲੀ ਨੇ ਤਾਈ ਨਿਹਾਲੀ ਦੇ ਕੰਨ ਵਿੱਚ ਕਿਹਾ:

"ਚਾਚੀ ਦਾ ਸਾਹ ਨਹੀਂ ਮੁੜ ਰਿਹਾ। ਥੋੜ੍ਹਾ ਜਿਹਾ ਪਾਣੀ ਪਿਲਾ ਦੇਵਾਂ?"

ਕਾਲੀ ਰੱਖੇ ਦੇ ਕੋਲ ਆ ਕੇ ਬੈਠ ਗਿਆ ਅਤੇ ਉਹਦੀ ਵੱਲ ਝੁਕਦਾ ਹੋਇਆ ਬੋਲਿਆ:

"ਕਹੇਂ ਤਾਂ ਚਾਚੀ ਨੂੰ ਇਕ ਘੁੱਟ ਪਾਣੀ ਪਿਲਾ ਦਵਾਂ?"

"ਇਹਨੂੰ ਮਾਰਨ ਦਾ ਇਰਾਦਾ? ਇਸ ਹਾਲਤ 'ਚ ਪਾਣੀ ਪਿਲਾਉਣਾ, ਛਾਇਆ ਨੂੰ ਸੱਦਾ ਦੇਣ ਵਾਂਗ ਹੈ। ਦੁਸ਼ਮਣ ਨੂੰ ਦੁੱਧ ਪਿਲਾਉਣ ਵਾਂਗ।"

ਥੋੜ੍ਹੀ ਦੇਰ ਬਾਅਦ ਆਪਣੇ-ਆਪ ਹੀ ਚਾਚੀ ਦੀ ਖੰਘ ਕੁਝ ਘਟ ਗਈ ਅਤੇ ਨਾਲ ਹੀ ਸਰੀਰ ਦੀ ਅਕੜਾਹਟ ਵੀ। ਉਹਦਾ ਸਰੀਰ ਹੌਲੀ-ਹੌਲੀ ਕੰਬਣ ਲੱਗਾ।

"ਹੁਣ ਕੰਬ ਰਿਹੈਂ। ਮੂਰਖਾ, ਮੇਰੀ ਗੱਲ ਮੰਨ ਲੈਂਦਾ ਤਾਂ ਇਸ ਦੁਰਦਸ਼ਾ ਤੋਂ ਤਾਂ ਬਚ ਜਾਂਦਾ।"

ਰੱਖਾ ਚਾਚੀ ਦੇ ਕੰਬਦੇ ਬੁੱਲਾਂ ਨੂੰ ਦੇਖ ਕੇ ਉਹਦੇ ਮੂੰਹ ਵਲ ਝੁੱਕਦਾ ਹੋਇਆ ਉੱਚੀ ਅਵਾਜ਼ ਵਿੱਚ ਬੋਲਿਆ:

"ਕੀ ਕਿਹਾ?" ਅਤੇ ਫਿਰ ਚੀਕ ਕੇ ਬੋਲਿਆ:

"ਮਾਫ ਕਰ ਦੇਵਾਂ...?" ਰੱਖਾ ਖਿੜਖਿੜਾ ਕੇ ਹਸਦਾ ਹੋਇਆ ਬੋਲਿਆ:

"ਅੱਛਾ ਅੱਛਾ, ਮਾਫ ਕਰ ਦਊਂਗਾ?... ਕੀ ਕਿਹਾ...? ਕਿਰਾਇਆ ਚਾਹੀਦਾ? ... ਕੀ ... ਨਿਆਜ... ਬਾਵੇ ਦੀ ਮਟੀ 'ਤੇ? ... ਹਾਂ ਹਾਂ ਉਹ ਮੈਂ ਕਰਵਾ ਦਊਂਗਾ ... ਜ਼ਰੂਰ ਕਰਵਾ ਦਊਂਗਾ ... ਕੀ ਕਿਹਾ... ਸਵਾ ਪੰਜ ਰੁਪਈਆਂ ਦੀ... ਨਹੀਂ ਨਹੀਂ ਬੰਦੇ ਦੀ ਹੈਸੀਅਤ ਦੇਖ ਕੇ ਨਿਆਜ ਮੰਗਿਆ ਕਰ। ਇਹ ਚੌਧਰੀਆਂ ਦਾ ਨਹੀਂ ਚਮਾਰਾਂ ਦਾ ਘਰ ਆ। ... ਹਾਂ ਕੀ ਕਿਹਾ ... ਸਵਾ ਰੁਪਈਏ ਦੀ ਨਿਆਜ... ਹਾਂ, ਇਹ ਹੋ ਜਾਊਗੀ। .. ਹਾਂ ਸਵਾ ਰੁਪਈਏ ਦੀ ਕਰਵਾ ਦਊਂਗਾ।"

ਰੱਖੇ ਨੇ ਉੱਚੀ ਅਵਾਜ਼ ਵਿੱਚ ਕਿਹਾ ਅਤੇ ਫਿਰ ਕਾਲੀ ਵੱਲ ਝੁਕਦਾ ਹੋਇਆ ਬੋਲਿਆ:

"ਕਹਿੰਦਾ ਬਾਬੇ ਦੀ ਮਟੀ 'ਤੇ ਨਿਆਜ ਕਰਵਾ ਦੇ ਹੋਰ ਕੁਝ ਨਹੀਂ ਮੰਗਦਾ। ਇਹ ਤਾਂ ਸਵਾ ਪੰਜਾਂ ਰੁਪਈਆਂ ਦੀ ਨਿਆਜ ਮੰਗਦਾ ਸੀ ਪਰ ਮੈਂ ਸਵਾ ਰੁਪਈਏ 'ਤੇ ਮਨਾ ਲਿਆ। ਥਾਲੀ 'ਚ ਸਵਾ ਰੁਪਈਆ ਹੁਣੇ ਹੀ ਰੱਖ ਦੇ। ਕਿਤੇ ਆਪਣੇ ਵਚਨ ਤੋਂ ਨਾ ਮੁੱਕਰ ਜਾਵੇ।"

ਕਾਲੀ ਨੇ ਤਾਈ ਨਿਹਾਲੀ ਵੱਲ ਦੇਖਿਆ ਅਤੇ ਉਹਦਾ ਇਸ਼ਾਰਾ ਦੇਖ ਕੇ ਥਾਲੀ ਵਿੱਚ ਸਵਾ ਰੁਪਈਆ ਰੱਖ ਦਿੱਤਾ।

"ਲੈ ਨਿਆਜ ਵੀ ਆ ਗਈ; ਹੁਣ ਜਾਹ, ਨਿਕਲ ਇੱਥੋਂ।" ਰੱਖੇ ਨੇ ਫਿਰ ਚਿਮਟਾ ਵਜਾ ਕੇ ਕਿਹਾ।

ਏਨੇ ਚਿਰ 'ਚ ਗਰਮ ਹਵਾ ਦਾ ਇਕ ਬੁੱਲਾ ਆਇਆ। ਦੀਵੇ ਦੀ ਲੋਅ ਫੜਫੜਾ ਕੇ ਬੁੱਝ ਗਈ। ਕੜਛੀ ਵਿੱਚ ਸੁਲਗਦੀ ਧੂਫ ਅਤੇ ਗੁੱਗਲ ਤੋਂ ਕੁਝ ਚੰਗਿਆੜੇ ਉਡ ਕੇ ਵਿਖਰ ਗਏ। ਅਗਲੇ ਹੀ ਪਲਾ ਹਵਾ ਦਾ ਪਹਿਲਾਂ ਨਾਲੋਂ ਵੀ ਤੇਜ਼ ਬੁੱਲਾ ਆਇਆ। ਤਕੀਏ ਵਿੱਚ ਦਰੱਖਤਾਂ ਦੇ ਪੱਤੇ ਆਪਸ ਵਿੱਚ ਟਕਰਾ ਕੇ ਰੌਲਾ ਪਾਉਣ ਲੱਗੇ। ਸੱਤਵੀਂ ਦੇ ਚੰਦ ਦੀ ਚਾਨਣੀ ਮੈਲ਼ੀ ਹੋ ਗਈ ਅਤੇ ਮੂੰਹ, ਅੱਖਾਂ ਅਤੇ ਨਾਸਾਂ ਧੂੜ ਨਾਲ ਭਰ ਗਈਆਂ।

ਲੋਕ ਛੱਤਾਂ ਤੋਂ ਉੱਤਰ ਆਏ। ਹਨ੍ਹੇਰੀ ਦੇ ਡਰੋਂ ਗਲੀ ਦੇ ਕੁੱਤੇ ਭੌਂਕਣ ਅਤੇ ਮੱਝਾਂ ਗਾਵਾਂ ਰੰਭਣ ਲੱਗੀਆਂ।

"ਇਹ ਤਾਂ ਜੁੰਮੇ ਸ਼ਾਹ ਦੀ ਹਨ੍ਹੇਰੀ ਹੈ।"

ਇਕ ਔਰਤ ਨੇ ਹਵਾ ਦੇ ਜ਼ੋਰ ਨਾਲ ਖੜਖੜਾਉਂਦੇ ਦਰਵਾਜ਼ਿਆਂ ਦੀ ਅਵਾਜ਼ ਸੁਣਦਿਆਂ ਕਿਹਾ:

"ਹਾਂ, ਜੁੰਮੇ ਸ਼ਾਹ ਦੀ ਹਨ੍ਹੇਰੀ ਹੀ ਲੱਗਦੀ ਹੈ।"

ਦੂਜੀ ਔਰਤ ਨੇ ਆਪਣਾ ਦੁਪੱਟਾ ਸੰਭਾਲਦਿਆਂ ਜੁਆਬ ਦਿੱਤਾ:

"ਕਹਿਰ ਸਾਈਂ ਦਾ।"

"ਹਰਵੇਲ ਸਿੰਘ ਦਾ ਭੂਤ ਕੋਈ ਐਰਾ-ਗੈਰਾ ਭੂਤ ਨਹੀਂ। ਤੂਫਾਨ ਬਣ ਕੇ ਜਾਊ। ਆਪਣੀ ਨਿਸ਼ਾਨੀ ਜ਼ਰੂਰ ਛੱਡੂ। ਮਾਈ ਨੂੰ ਅੰਦਰ ਲੈ ਜਾਵੋ।" ਰੱਖੇ ਨੇ ਥਾਲੀ ਅਤੇ ਚਿਮਟਾ ਸੰਭਾਲਦਿਆਂ ਕਿਹਾ।

ਕਾਲੀ ਚਾਚੀ ਨੂੰ ਅੰਦਰ ਲਿਜਾ ਰਿਹਾ ਸੀ ਕਿ ਵਿਹੜੇ ਵਿੱਚ ਧੱਪ ਦੀ ਅਵਾਜ਼ ਪੈਦਾ ਕਰਦੀ ਕੋਈ ਚੀਜ਼ ਡਿੱਗੀ।

"ਕੀ ਡਿਗਿਆ?" ਤਾਈ ਨਿਹਾਲੀ ਨੇ ਘਬਰਾ ਕੇ ਪਿੱਛੇ ਹਟਦਿਆਂ ਕਿਹਾ ਕਿਉਂਕਿ ਉਹ ਚੀਜ਼ ਉਹਦੇ ਪੈਰਾਂ ਦੇ ਨੇੜੇ ਹੀ ਡਿੱਗੀ ਸੀ।

"ਭੂਤ ਨੇ ਜਾਣ ਤੋਂ ਪਹਿਲਾਂ ਨਿਸ਼ਾਨੀ ਛੱਡੀ ਹੋਣੀ ਆਂ। ਹੋਰ ਕੀ ਡਿਗਿਆ ਹੋਣਾਂ।"

ਰੱਖੇ ਨੇ ਵਿਸ਼ਵਾਸ ਭਰੀ ਅਵਾਜ਼ ਵਿੱਚ ਕਿਹਾ। ਤਾਈ ਨਿਹਾਲੀ ਫਰਸ਼ ਉੱਤੇ ਬੈਠ ਕੇ ਟੋਂਹਦੀ ਟੋਂਹਦੀ ਇਕ ਇੱਟ ਤੱਕ ਜਾ ਪਹੁੰਚੀ ਅਤੇ ਉਹਦੇ ਚਾਰੇ ਪਾਸੀਂ ਹੱਥ ਫੇਰ ਕੇ ਬੋਲੀ:

"ਇੱਟ ਡਿੱਗੀ ਆ।" ਤਾਈ ਦੇ ਇਹ ਕਹਿੰਦਿਆਂ ਕਹਿੰਦਿਆਂ ਹਵਾ ਦਾ ਜ਼ੋਰਦਾਰ ਬੁੱਲਾ ਆਇਆ ਅਤੇ ਆਪਣੇ ਨਾਲ ਇਕ ਇੱਟ ਹੋਰ ਪੁੱਟ ਲਿਆਇਆ। ਤਾਈ ਪਿੱਛੇ ਹੱਟਦੀ ਬੋਲੀ:

"ਲੈ ਇਕ ਇੱਟ ਹੋਰ ਡਿੱਗ ਪਈ।"

"ਇਹਦਾ ਮਤਲਬ ਹੈ ਕਿ ਭੂਤ ਦੁਬਾਰਾ ਇੱਥੇ ਨਹੀਂ ਆਊਗਾ। ਮੇਰੇ ਸਾਹਮਣੇ ਤਾਂ ਜਿੱਦੀ ਤੋਂ ਜਿੱਦੀ ਭੂਤ ਵੀ ਨਹੀਂ ਟਿਕ ਸਕਦਾ।" ਰੱਖੇ ਨੇ ਭਰਵੀਂ ਅਵਾਜ਼ ਵਿੱਚ ਕਿਹਾ।

ਚਾਚੀ ਨੂੰ ਅੰਦਰ ਮੰਜੇ ਉੱਤੇ ਪਾ ਦਿੱਤਾ ਗਿਆ। ਹਨ੍ਹੇਰੀ ਬਹੁਤ ਜ਼ੋਰ ਨਾਲ ਚੱਲ ਰਹੀ ਸੀ। ਡਿਓਢੀ ਦੇ ਦਰਵਾਜ਼ੇ ਦੇ ਖਿੜਕ ਵਾਰ ਵਾਰ ਵੱਜ ਰਹੇ ਸਨ। ਸਾਰੀਆਂ ਔਰਤਾਂ ਖੂੰਜੇ ਵਿੱਚ ਇਕੱਠੀਆਂ ਹੋਈਆਂ ਬੈਠੀਆਂ ਸਨ। ਉਹ ਪਹਿਲਾਂ ਹੀ ਡਰੀਆਂ ਹੋਈਆਂ ਸਨ। ਤੇਜ਼ ਹਨ੍ਹੇਰੀ ਕਾਰਨ ਹੋਰ ਵੀ ਡਰ ਗਈਆਂ। ਰੱਖਾ ਹਨ੍ਹੇਰੀ ਨੂੰ ਗਾਲ੍ਹ ਕੱਢ ਕੇ ਬੋਲਿਆ:

"ਮੈਂ ਇਹਨੂੰ ਇਕ ਪਲ 'ਚ ਬੰਨ ਦੇਵਾਂ ਪਰ ਪੁਰਾ ਵਗ ਰਿਹਾ, ਸ਼ਾਇਦ ਮੀਂਹ ਆ ਜਾਵੇ। ਕੀ ਜੀਵ, ਕੀ ਜੰਤੂ, ਕੀ ਪੰਛੀ ਕੀ ਪੰਖੇਰੂ, ਕੀ ਘਾਹ ਕੀ ਵਿਰਖ ਸਭ ਪਾਣੀ ਮੰਗ ਰਹੇ ਹਨ। ਇਸ ਸਾਲ ਤਾਂ ਗਰਮੀ ਵੀ ਨਰਕ ਦੀ ਅੱਗ ਵਾਂਗ ਪਈ ਆ।"

ਫਿਰ ਉਹ ਕਾਲੀ ਨੂੰ ਸੰਬੋਧਿਤ ਹੁੰਦਾ ਬੋਲਿਆ:

"ਦੇਖ ਬੱਲਿਆ, ਹੁਣ ਮਾਈ ਨੂੰ ਪੰਜ ਦਿਨ ਕੋਈ ਸਫੈਦ ਚੀਜ਼ ਨਾ ਦੇਈਂ ਵਰਨਾ ਭੂਤ ਫਿਰ ਵਾਸ ਕਰ ਜਾਊ। ਅਤੇ ਅੱਬਲ ਤਾਂ ਨਿਕਲੂਗਾ ਨਹੀਂ ਜੇ ਨਿਕਲਿਆ ਵੀ ਇਹਦੀ ਜਾਨ ਲੈ ਕੇ ਨਿਕਲੂ।"

"ਇਸ ਗੱਲ ਦਾ ਮੈਂ ਧਿਆਨ ਰੱਖੂੰਗੀ।" ਤਾਈ ਨਿਹਾਲੀ ਨੇ ਕਿਹਾ।

ਥੋੜ੍ਹੀ ਦੇਰ ਬਾਅਦ ਹਵਾ ਦੀਆਂ ਚੀਕਾਂ ਵਿੱਚ ਬੱਦਲਾਂ ਦੀ ਗਰਜ ਵੀ ਸ਼ਾਮਲ ਹੋ ਗਈ। ਫਿਰ ਛਿੱਟੇ ਪੈਣ ਲੱਗੇ ਅਤੇ ਗਰਮ ਹਵਾ ਵਿੱਚ ਕੁਛ ਅਜਿਹੀ ਤਬਦੀਲੀ ਆਈ ਕਿ ਸਰੀਰ ਵਿੱਚ ਸੂਈਆਂ ਚੁੱਭਣ ਲੱਗੀਆਂ। ਰੱਖੇ ਨੇ ਆਪਣੇ ਸਰੀਰ ਦੁਆਲੇ ਚਾਦਰ ਲਪੇਟ ਲਈ ਅਤੇ ਹਵਾ ਵਿੱਚਲੀ ਠੰਢ ਮਹਿਸੂਸ ਕਰਦਾ ਹੋਇਆ ਬੋਲਿਆ:

"ਤੇਰੀ ਮਾਈ ਦੇ ਅੰਦਰ ਵੀ ਅਜਿਹੀ ਠੰਢ ਪੈ ਗਈ ਹੈ। ਦੇਖ ਲਾ ਕਿਸ ਤਰ੍ਹਾਂ ਘੋੜੇ ਵੇਚ ਕੇ ਸੁੱਤੀ ਪਈ ਆ।... ਅੱਛਾ ਹੁਣ ਮੈਂ ਚਲਦਾਂ। ਅੱਧੀ ਰਾਤ ਹੋ ਗਈ ਆ। ਦੀਵਾ ਜਗਾ ਕੇ ਮੈਨੂੰ ਕੜਛੀ ਦੇ।"

ਕਾਲੀ ਨੇ ਦੀਵਾ ਜਗਾਇਆ ਅਤੇ ਕੜਛੀ ਰੱਖੇ ਦੇ ਹੱਥ ਫੜਾ ਦਿੱਤੀ। ਉਹਨੇ ਕੜਛੀ ਵਿੱਚ ਗੁੱਗਲ ਅਤੇ ਧੂਫ ਨੂੰ ਤੀਲੀ ਬਾਲ ਕੇ ਸੁਲਗਾਇਆ ਅਤੇ ਮੂੰਹ ਵਿੱਚ ਬੁੜਬੁੜਾਉਂਦਾ ਹੋਇਆ ਉਹਨੂੰ ਹੱਥ ਵਿੱਚ ਫੜੀ ਡਿਓਢੀ ਦੇ ਚਾਰੇ ਖੂੰਜਿਆਂ ਵਿੱਚ ਗਿਆ। ਕਮਰਾ ਧੂਫ ਦੀ ਮਹਿਕ ਨਾਲ ਭਰ ਗਿਆ ਤਾਂ ਰੱਖੇ ਨੇ ਕੜਛੀ ਚਾਚੀ ਦੀ ਮੰਜੀ ਦੇ ਹੇਠਾਂ ਰੱਖ ਦਿੱਤੀ ਅਤੇ ਕਾਲੀ ਨੂੰ ਕਹਿਣ ਲੱਗਾ:

"ਇਹਨੂੰ ਇੱਥੋਂ ਹਿਲਾਉਣਾ ਨਹੀਂ। ਭੂਤ ਕੱਢ ਦਿੱਤਾ ਹੈ ਹੁਣ ਇਹਨੂੰ ਸਵੇਰ ਤੱਕ ਪਰਛਾਵੇਂ ਤੋਂ ਬਚਾਉਣਾ। ... ਅੱਛਾ ਲਿਆ ਮੇਰਾ ਝੋਲਾ।"

ਕਾਲੀ ਨੇ ਝੋਲਾ ਰੱਖੇ ਦੇ ਹੱਥ ਵਿੱਚ ਦੇ ਦਿੱਤਾ। ਉਹਨੇ ਝੋਲੇ ਨੂੰ ਟੋਹ ਕੇ ਦੇਖਿਆ ਅਤੇ ਥਾਲੀ ਵਿੱਚ ਪਿਆ ਹੋਇਆ ਆਟਾ ਅਤੇ ਗੁੜ ਕੱਪੜੇ ਵਿੱਚ ਬੰਨ ਕੇ ਉਹਦੇ ਵਿੱਚ ਪਾ ਦਿੱਤਾ ਅਤੇ ਡੇਢ ਰੁਪਈਆ ਚੁੱਕ ਕੇ ਜੇਬ ਵਿੱਚ ਪਾ ਲਿਆ।

"ਅੱਛਾ ਹੁਣ ਮੈਂ ਚੱਲਿਆਂ।"

ਰੱਖੇ ਨੂੰ ਤਿਆਰ ਦੇਖ ਕੇ ਤਾਈ ਨਿਹਾਲੀ ਨੇ ਕਾਲੀ ਨੂੰ ਕਿਹਾ:

"ਪੁੱਤਰਾ, ਉਹਨੂੰ ਸਵਾ ਰੁਪਈਆ ਧੂਫ ਜਲਾਈ ਦੇ ਦੇ।"

ਕਾਲੀ ਨੇ ਉਹਦੇ ਹੱਥ ਉੱਤੇ ਸਵਾ ਰੁਪਈਆ ਰੱਖਿਆ ਤਾਂ ਰੱਖਾ ਉਹਨੂੰ ਦੇਖਦਾ ਹੋਇਆ ਬੋਲਿਆ:

"ਹਰਵੇਲ ਸਿੰਘ ਦਾ ਭੂਤ ਕੱਢਣ ਦੇ ਮੈਂ ਸਵਾ ਗਿਆਰਾਂ ਰੁਪਈਆਂ ਤੋਂ ਘੱਟ ਨਹੀਂ ਲੈਂਦਾ ਕਿਉਂਕਿ ਏਦਾਂ ਦਾ ਭੂਤ ਕਦੇ ਕਦੇ ਉਲਟਾ ਵੀ ਪੈ ਜਾਂਦਾ। ਖੈਰ ਇਹ ਕਾਫੀ ਹਨ।" ਰੱਖੇ ਨੇ ਸਵਾ ਰੁਪਈਏ ਨੂੰ ਇਕ ਵਾਰ ਫਿਰ ਦੇਖਦਿਆਂ ਕਿਹਾ ਅਤੇ ਬਾਹਰ ਨਿਕਲ ਗਿਆ। ਉਹਦੇ ਪਿੱਛੇ ਪਿੱਛੇ ਸਾਰੀਆਂ ਔਰਤਾਂ ਵੀ ਚਲੀਆਂ ਗਈਆਂ।

ਕਾਲੀ ਨੇ ਦੀਵੇ ਦੀ ਰੌਸ਼ਨੀ ਵਿੱਚ ਚਾਚੀ ਵਲ ਦੇਖਿਆ। ਉਹ ਅੱਖਾਂ ਬੰਦ ਕਰੀ ਸਿੱਧੀ ਪਈ ਸੀ। ਉਹਦਾ ਸਾਹ ਹੌਲੀ ਹੌਲੀ ਚੱਲ ਰਿਹਾ ਸੀ। ਉਹਦੀ ਸ਼ਕਲ ਦੇਖ ਕੇ ਕਾਲੀ ਨੂੰ ਵਿਸ਼ਵਾਸ ਹੋ ਗਿਆ ਕਿ ਭੂਤ ਸੱਚੀਂ ਹੀ ਨਿਕਲ ਗਿਆ ਹੈ। ਉਹਨੇ ਸੁੱਖ ਦਾ ਸਾਹ ਲਿਆ ਅਤੇ ਮੰਜਾ ਵਿਛਾ ਕੇ ਸੌਂ ਗਿਆ।

**30**

ਸਵੇਰ ਤੱਕ ਚਾਚੀ ਦੇ ਬੁੱਲ੍ਹ ਨੀਲੇ ਪੈ ਗਏ ਸਨ, ਅੱਖਾਂ ਪਥਰਾ ਗਈਆਂ ਸਨ ਅਤੇ ਚਿਹਰੇ ਦਾ ਰੰਗ ਹਲਦੀ ਹੋ ਗਿਆ ਸੀ। ਸਾਹ ਉੱਖੜਿਆ ਉੱਖੜਿਆ ਸੀ ਅਤੇ ਰੁਕ ਰੁਕ ਕੇ ਉਹ ਸਾਹ ਨੂੰ ਇਸ ਤਰ੍ਹਾਂ ਖਿੱਚਦੀ ਜਿਵੇਂ ਉਹ ਕਿਤੇ ਅੜਿਆ ਹੋਇਆ ਹੋਵੇ। ਕਾਲੀ ਚਾਚੀ ਦੀ ਇਹ ਹਾਲਤ ਦੇਖ ਕੇ ਬਹੁਤ ਘਬਰਾ ਗਿਆ। ਉਹਨੇ ਚਾਚੀ ਦੇ ਕੰਨ ਕੋਲ ਮੂੰਹ ਲਿਜਾ ਕੇ ਅਵਾਜ਼ਾਂ ਮਾਰੀਆਂ ਪਰ ਉਹਦੇ ਕਿਸੇ ਅੰਗ ਵਿੱਚ ਹਰਕਤ ਨਾ ਹੋਈ। ਚਾਚੀ ਦੀ ਸ਼ਕਲ ਨਿਰਜਿੰਦ ਪਸ਼ੂ ਵਾਂਗ ਹੋ ਗਈ ਸੀ। ਘਬਰਾਹਟ ਨਾਲ ਕਾਲੀ ਦਾ ਕਾਲਜਾ ਮੂੰਹ ਨੂੰ ਆਉਣ ਲੱਗਾ। ਉਹ ਤੇਜ਼ ਤੇਜ਼ ਪੈਰ ਪੁੱਟਦਾ ਦਰਵਾਜ਼ੇ ਤੱਕ ਜਾਂਦਾ ਅਤੇ ਫਿਰ ਮੁੜ ਆਉਂਦਾ। ਚਾਚੀ ਦੀ ਮੌਤ ਦੇ ਵਿਚਾਰ ਨਾਲ ਹੀ ਉਹਦਾ ਮਨ ਕੰਬਣ ਲੱਗਦਾ।

ਜੀਤੂ ਨੇ ਜਦੋਂ ਡਿਓਢੀ ਵਿੱਚ ਪੈਰ ਰੱਖਿਆ ਤਾਂ ਕਾਲੀ ਚਿੰਤਾ ਭਰੀ ਅਵਾਜ਼ ਵਿੱਚ ਬੋਲਿਆ:

"ਜੀਤੂ ਦੇਖ ਚਾਚੀ ਦੀ ਸ਼ਕਲ ਕਿੱਦਾਂ ਦੀ ਭਿਆਨਕ ਹੋ ਗਈ ਹੈ। ਉਹਦਾ ਸਾਹ ਕਿੱਦਾਂ ਚੱਲ ਰਿਹਾ।"

"ਕਿਉਂ ਏਨਾ ਘਬਰਾ ਰਿਹੈਂ। ਭੂਤ ਨਿਕਲਿਆ ਆ, ਕਮਜ਼ੋਰੀ ਤਾਂ ਹੋਊਗੀ ਹੀ। ਭੂਤ ਨਿਕਲਣ ਬਾਅਦ ਕਈ ਲੋਕ ਤਾਂ ਛੇ ਛੇ ਮਹੀਨੇ ਮੰਜੇ ਤੋਂ ਨਹੀਂ ਉੱਠਦੇ।"

"ਤੂੰ ਦੌੜ ਕੇ ਤਾਈ ਨੂੰ ਸੱਦ ਲਿਆ।" ਕਾਲੀ ਨੇ ਕਿਹਾ।

ਜੀਤੂ ਦੇ ਜਾਣ ਬਾਅਦ ਕਾਲੀ ਚਾਚੀ ਉੱਤੇ ਝੁਕ ਗਿਆ ਅਤੇ ਉਹਦੇ ਬੁੱਲ੍ਹਾਂ ਅਤੇ ਕੰਨਾਂ ਉੱਤੇ ਬੈਠੀਆਂ ਮੱਖੀਆਂ ਨੂੰ ਦੇਖਣ ਲੱਗਾ। ਮੱਖੀਆਂ ਥੋੜ੍ਹੀ ਦੇਰ ਬਾਅਦ ਉੱਡ ਜਾਂਦੀਆਂ ਅਤੇ ਚਾਚੀ ਦੇ ਆਲੇ-ਦੁਆਲੇ ਮੰਡਰਾ ਕੇ ਫਿਰ ਆ ਬੈਠਦੀਆਂ।

ਤਾਈ ਨਿਹਾਲੀ ਦੇ ਆਉਣ ਬਾਅਦ ਕਾਲੀ ਉੱਠ ਖੜ੍ਹਾ ਹੋਇਆ। ਪਰ ਜਦੋਂ ਉਹ ਝੁਕ ਕੇ ਚਾਚੀ ਨੂੰ ਦੇਖਣ ਲੱਗੀ ਤਾਂ ਕਾਲੀ ਵੀ ਬੈਠ ਗਿਆ। ਤਾਈ ਕੁਛ ਪਲ ਤੱਕ ਚਾਚੀ ਨੂੰ ਦੇਖ ਕੇ ਉਹਨੂੰ ਅਵਾਜ਼ਾਂ ਮਾਰਨ ਲੱਗੀ।

ਚਾਚੀ ਨੇ ਕੋਈ ਉੱਤਰ ਨਾ ਦਿੱਤਾ ਤਾਂ ਕਾਲੀ ਪਿੱਛੇ ਹਟਦਾ ਹੋਇਆ ਰੁਆਂਸੀ ਅਵਾਜ਼ ਵਿੱਚ ਬੋਲਿਆ:

"ਚਾਚੀ ਕੁਛ ਨਹੀਂ ਸੁਣਦੀ, ਕੁਛ ਨਹੀਂ ਬੋਲਦੀ।"

"ਘਬਰਾ ਨਾ, ਭੂਤ ਨਿਕਲਣ ਬਾਅਦ ਏਦਾਂ ਦੀ ਖੁਮਾਰੀ ਆਉਂਦੀ ਹੈ।" ਤਾਈ ਨਿਹਾਲੀ ਫਿਰ ਚਾਚੀ ਨੂੰ ਅਵਾਜ਼ਾਂ ਮਾਰਨ ਲੱਗੀ। ਕਈ ਅਵਾਜ਼ਾਂ ਮਾਰਨ ਉੱਤੇ ਚਾਚੀ ਦੇ ਸਰੀਰ ਵਿੱਚ ਮਾਮੂਲੀ ਜਿਹੀ ਹਰਕਤ ਵੀ ਨਾ ਹੋਈ ਤਾਂ ਉਹ ਉਹਨੂੰ ਝੰਜੋੜਨ ਲੱਗੀ। ਉਹਨੇ ਚਾਚੀ ਦੀ ਠੋਡੀ ਨੂੰ ਹਿਲਾਇਆ ਪਰ ਉਹ ਉਹਦੇ ਹੱਥ ਨਾਲ ਹੀ ਮੁੜ ਗਈ। ਇਹ ਦੇਖ ਕੇ ਤਾਈ ਵੀ ਘਬਰਾ ਗਈ ਪਰ ਕਾਲੀ ਦੀਆਂ ਅੱਖਾਂ ਵਿੱਚ ਹੰਝੂ ਦੇਖ ਕੇ ਉਹ ਆਪਣੀ ਘਬਰਾਹਟ ਨੂੰ ਲੁਕਾਉਂਦੀ ਬੋਲੀ:

"ਹਿਸ਼, ਤੂੰ ਰੋਣ ਲੱਗ ਪਿਆਂ... ਪ੍ਰਤਾਪੀ ਨੂੰ ਭੂਤ ਨਿਕਲਣ ਬਾਅਦ ਬਹੁਤ ਕਮਜ਼ੋਰੀ ਹੋ ਗਈ ਹੈ। ਪੁੱਤਰਾ ਤੂੰ ਆਪ ਸੋਚ, ਸਰੀਰ ਵਿੱਚੋਂ ਦੋ ਤੁਪਕੇ ਲਹੂ ਦੇ ਨਿਕਲ ਜਾਣ ਜਾਂ ਗੋਡੇ ਗਿੱਟੇ 'ਤੇ ਸੱਟ ਲੱਗ ਜਾਏ ਤਾਂ ਸਾਰਾ ਸਰੀਰ ਝੂਠਾ ਪੈ ਜਾਂਦਾ। ਇਹਦੇ ਅੰਦਰੋਂ ਤਾਂ ਨਾਮੀ ਡਾਕੀ ਦਾ ਭੂਤ ਨਿਕਲਿਆ। ਭੂਤ ਆਉਂਦਾ ਹੈ ਤੰਗ ਕਰਦਾ, ਜਾਂਦਾ ਤਾਂ ਜਾਨ ਸੂਲੀ 'ਤੇ ਟੰਗ ਦਿੰਦਾ।"

ਤਾਈ ਨਿਹਾਲੀ ਉਹਨੂੰ ਦਿਲਾਸਾ ਦੇਣ ਲੱਗੀ। ਪਰ ਚਾਚੀ ਨੇ ਜਦੋਂ ਜ਼ੋਰ ਦੀ ਹਿਚਕੀ ਲਈ ਤਾਂ ਉਹ ਬਹੁਤ ਘਬਰਾ ਗਈ ਅਤੇ ਦੌੜ ਕੇ ਪ੍ਰੀਤੋ ਅਤੇ ਬੇਬੇ ਹੁਕਮੀ ਨੂੰ ਸੱਦ ਲਿਆਈ। ਕਾਲੀ ਸਹਿਮਿਆ ਹੋਇਆ ਪਰ੍ਹੇ ਚਲਾ ਗਿਆ। ਬੇਬੇ ਹੁਕਮੀ ਨੇ ਚਾਚੀ ਦੇ ਮੱਥੇ, ਢਿੱਡ, ਗੁੱਟਾਂ, ਲੱਤਾਂ ਅਤੇ ਪੈਰਾਂ ਨੂੰ ਹੱਥ ਲਾ ਕੇ ਦੇਖਿਆ ਅਤੇ ਪਿੱਛੇ ਹਟਦੀ ਹੋਈ ਬੋਲੀ:

"ਪ੍ਰਤਾਪੀ ਦਾ ਸਰੀਰ ਫੱਗਣ ਦੇ ਸੰਘਣੇ ਕੋਹਰੇ ਵਾਂਗ ਠੰਢਾ ਆ।" ਉਹ ਕਾਲੀ ਨੂੰ ਆਪਣੇ ਕੋਲ ਸੱਦ ਕੇ ਕੰਬਦੀ ਅਵਾਜ਼ ਵਿੱਚ ਬੋਲੀ:

"ਪੁੱਤਰਾ, ਹੌਂਸਲਾ ਰੱਖ। ਇਸ ਦੁਨੀਆਂ ਵਿੱਚੋਂ ਹਰ ਇਕ ਨੇ ਦੇਰ-ਸਵੇਰ ਜਾਣਾ ਹੀ ਹੈ।" ਫਿਰ ਉਹਨੇ ਨਿਹਾਲੀ ਨੂੰ ਕਿਹਾ:

"ਨਿਹਾਲੀਏ, ਪ੍ਰਤਾਪੀ ਨੂੰ ਜ਼ਮੀਨ ਉੱਤੇ ਲੰਮੀ ਪਾ ਦਿਉ। ਇਹਦਾ ਸਾਹ ਹੁਣ ਉੱਪਰ ਉੱਪਰ ਹੀ ਆ।"

ਇਹ ਸੁਣ ਕੇ ਕਾਲੀ ਦਾ ਲਹੂ ਸੁੱਕ ਗਿਆ। ਉਹਨੇ ਮਨ ਹੀ ਮਨ ਵਿੱਚ ਪੱਕਾ ਫੈਸਲਾ ਕੀਤਾ ਕਿ ਉਹ ਚਾਚੀ ਨੂੰ ਮਰਨ ਨਹੀਂ ਦੇਵੇਗਾ। ਉਹਨੇ ਆਪਣੇ ਹੰਝੂ ਪੀ ਲਏ ਅਤੇ ਡਾਕਟਰ ਵਿਸ਼ਨਦਾਸ ਦੀ ਹੱਟੀ ਵਲ ਦੌੜ ਗਿਆ।

ਡਾਕਟਰ ਦੀ ਹੱਟੀ ਨੂੰ ਮੋਟਾ ਜਿਹਾ ਜਿੰਦਾ ਲੱਗਾ ਦੇਖ ਕੇ ਕਾਲੀ ਦਾ ਦਿਲ ਬੈਠ ਗਿਆ। ਉੱਥੋਂ ਉਹ ਡਾਕਟਰ ਦੇ ਘਰ ਚਲਾ ਗਿਆ ਅਤੇ ਦਰਵਾਜ਼ਾ ਖੜਕਾਉਂਦਾ ਜ਼ੋਰ ਦੇਣੀ ਅਵਾਜ਼ਾਂ ਮਾਰਨ ਲੱਗਾ। ਅੰਦਰੋਂ ਡਾਕਟਰ ਦੀ ਘਰਵਾਲੀ ਨੇ ਜੁਆਬ ਦਿੱਤਾ:

"ਉਹ ਸ਼ਹਿਰ ਗਿਆ ਹੋਇਆ। ਦਿਨ ਢਲੇ ਆਊ।"

ਕਾਲੀ ਦੇ ਸਰੀਰ ਵਿੱਚੋਂ ਸਾਰੀ ਤਾਕਤ ਖਤਮ ਹੋ ਗਈ। ਉਹ ਗਰਦਨ ਝੁਕਾਈ ਹੌਲੀ ਹੌਲੀ ਪੈਰ ਪੁੱਟਦਾ ਆਪਣੇ ਘਰ ਵਲ ਤੁਰ ਪਿਆ। ਉਹਦੀਆਂ ਅੱਖਾਂ ਦੇ ਸਾਹਮਣੇ ਹਨ੍ਹੇਰਾ ਛਾ ਗਿਆ। ਉਹ ਇਹ ਵਿਸ਼ਵਾਸ ਨਹੀਂ ਕਰਨਾ ਚਾਹੁੰਦਾ ਸੀ ਕਿ ਚਾਚੀ ਮਰ ਜਾਊਗੀ। ਪਰ ਉਹਦੀ ਜਾਨ ਬਚਾਉਣ ਦਾ ਵੀ ਕੋਈ ਉਪਾਅ ਨਜ਼ਰ ਨਹੀਂ ਆ ਰਿਹਾ ਸੀ। ਬੇਬਸੀ ਨਾਲ ਉਹਦੀਆਂ ਅੱਖਾਂ ਚੋਂ ਟਪ-ਟਪ ਹੰਝੂ ਚੋਣ ਲੱਗੇ। ਪਰ ਜਦੋਂ ਉਹਨੂੰ ਯਾਦ ਆਇਆ ਕਿ ਸ਼ਹਿਰ ਵਿੱਚ ਹਸਪਤਾਲ ਹੈ ਤਾਂ ਉਹਦੀਆਂ ਅੱਖਾਂ ਵਿੱਚੋਂ ਹੰਝੂ ਸੁੱਕ ਗਏ ਅਤੇ ਉਹਦੀ ਸਾਰੀ ਤਾਕਤ ਮੁੜ ਆਈ। ਉਹ ਇਕ ਵਾਰ ਫਿਰ ਆਪਣੇ ਘਰ ਵੱਲ ਦੌੜ ਪਿਆ।

ਕਾਲੀ ਘਰ ਪਹੁੰਚਿਆ ਤਾਂ ਉਹਦੇ ਦਰਵਾਜ਼ੇ ਦੇ ਬਾਹਰ ਨਿਆਣਿਆਂ ਦੀ ਭੀੜ ਜਮ੍ਹਾਂ ਸੀ। ਡਿਓਢੀ ਵਿੱਚ ਬਹੁਤ ਸਾਰੀਆਂ ਔਰਤਾਂ ਬੈਠੀਆਂ ਸਨ। ਜੀਤੂ ਤੋਂ ਇਲਾਵਾ ਬੰਤੂ ਅਤੇ ਸੰਤੂ ਵੀ ਉੱਥੇ ਖੜ੍ਹੇ ਸਨ। ਔਰਤਾਂ ਨੇ ਚਾਚੀ ਨੂੰ ਜ਼ਮੀਨ ਉੱਤੇ ਪਾ ਦਿੱਤਾ ਸੀ। ਉਹਦੇ ਸਰਾਹਣੇ ਦੀਵਾ ਜਗ ਰਿਹਾ ਸੀ। ਕਾਲੀ ਨੂੰ ਦੇਖ ਕੇ ਪ੍ਰੀਤੋ ਬੋਲੀ:

"ਕਾਕਾ, ਪ੍ਰਤਾਪੀ ਦੇ ਸਰਾਹਣੇ ਅੰਨ ਰੱਖ ਦੇ। ਅਖੀਰ 'ਚ ਦਾਨ-ਪੁੰਨ ਹੀ ਨਾਲ ਜਾਂਦਾ।"

ਕਾਲੀ ਨੇ ਸਾਰੇ ਲੋਕਾਂ ਉੱਤੇ ਸਰਸਰੀ ਨਿਗ੍ਹਾ ਮਾਰੀ ਅਤੇ ਟਰੰਕ ਖੋਲ੍ਹ ਕੇ ਸਾਰੇ ਪੈਸੇ ਜੇਬ ਵਿੱਚ ਪਾ ਲਏ ਅਤੇ ਉਹਨੇ ਚਾਚੀ ਦੇ ਕੋਲ ਬੈਠੀਆਂ ਔਰਤਾਂ ਨੂੰ ਕਿਹਾ:

"ਚਾਚੀ ਨੂੰ ਮੈਂ ਸ਼ਹਿਰ ਹਸਪਤਾਲ ਲਿਜਾਊਂਗਾ।"

ਇਹ ਸੁਣ ਕੇ ਉਹ ਹੈਰਾਨ ਹੋਈਆਂ ਉਹਦੀ ਵੱਲ ਦੇਖਣ ਲੱਗੀਆਂ। ਕਾਲੀ ਮੰਜੇ ਦੇ ਪਾਵਿਆਂ ਨਾਲ ਰੱਸੀਆਂ ਬੰਨਣ ਲੱਗਾ ਤਾਂ ਬੇਬੇ ਹੁਕਮੀ ਬੋਲੀ:

"ਪੁੱਤਰਾ, ਹੁਣ ਤੂੰ ਬੁਝੀ ਅੱਗ 'ਚ ਫੂਕਾਂ ਮਾਰ ਰਿਹੈ। ਪ੍ਰਤਾਪੀ ਦੇ ਸਵਾਸ ਪੂਰੇ ਹੋ ਗਏ ਹਨ ਅਤੇ ਉਹ ਘੜੀ ਪਲ ਤੋਂ ਜ਼ਿਆਦਾ ਨਹੀਂ ਜੀਊਗੀ। ਉਹਨੂੰ ਕਿਉਂ ਘੜੀਸਣਾ ਚਾਹੁੰਦਾ। ਜਿਉਂਦੇ ਜੀਅ ਤਾਂ ਉਹਨੂੰ ਆਰਾਮ ਨਹੀਂ ਮਿਲਿਆ ਹੁਣ ਚੈਨ ਨਾਲ ਮਰਨ ਤਾਂ ਦੇ।"

"ਨਹੀਂ ਬੇਬੇ, ਮੈਂ ਚਾਚੀ ਨੂੰ ਹਸਪਤਾਲ ਲਿਜਾਊਂਗਾ।"

"ਕਾਕਾ, ਉਮਰ ਵੱਡੀ ਹੋਵੇ ਤਾਂ ਦਵਾ-ਦਾਰੂ ਤੋਂ ਬਿਨਾਂ ਵੀ ਜਾਨ ਬਚ ਜਾਂਦੀ ਹੈ। ਪਰ ਅੰਤ ਆ ਜਾਵੇ ਤਾਂ ਵੈਦ, ਹਕੀਮ, ਡਾਕਟਰ, ਦਵਾ-ਦਾਰੂ, ਸੰਤ, ਪਗੰਬਰ ਕੋਈ ਕੁਛ ਨਹੀਂ ਕਰ ਸਕਦੇ।" ਤਾਈ ਨਿਹਾਲੀ ਨੇ ਕਿਹਾ। ਬਾਕੀ ਔਰਤਾਂ ਨੇ ਵੀ ਉਹਦੀ ਹਾਂ ਵਿੱਚ ਹਾਂ ਮਿਲਾਈ ਪਰ ਕਾਲੀ ਆਪਣੇ ਕੰਮ ਵਿੱਚ ਰੁੱਝਿਆ ਰਿਹਾ। ਉਹਨੇ ਚਾਚੀ ਨੂੰ ਮੰਜੇ ਉੱਤੇ ਪਾ ਦਿੱਤਾ ਅਤੇ ਜੀਤੂ ਨੂੰ ਬੋਲਿਆ:

"ਜੀਤੂ, ਤਿਆਰ ਹੋ ਜਾ, ਚਾਚੀ ਨੂੰ ਸ਼ਹਿਰ ਦੇ ਹਸਪਤਾਲ ਲੈ ਕੇ ਜਾਣਾ।"

ਆਪਣੀ ਮਾਂ ਦਾ ਰਵੱਈਆ ਦੇਖ ਕੇ ਜੀਤੂ ਨਾਂਹ-ਨੁੱਕਰ ਕਰਨ ਲੱਗਾ ਤਾਂ ਕਾਲੀ ਫੁੱਟ-ਫੁੱਟ ਕੇ ਰੋਂਦਾ ਹੋਇਆ ਬੋਲਿਆ:

"ਮੇਰਾ ਵੀ ਕੋਈ ਭਰਾ ਹੁੰਦਾ ਤਾਂ ਅੱਜ ਮੈਨੂੰ ਕਿਸੇ ਦੀ ਮਿਨਤ ਨਾ ਕਰਨੀ ਪੈਂਦੀ, ਕਿਸੇ ਦਾ ਮੁਹਤਾਜ ਨਾ ਹੋਣਾ ਪੈਂਦਾ।"

ਕਾਲੀ ਨੂੰ ਰੋਂਦਿਆਂ ਦੇਖ ਸਾਰਿਆਂ ਦੇ ਦਿਲ ਪਸੀਜ ਗਏ। ਤਾਈ ਨਿਹਾਲੀ ਆਪਣੀਆਂ ਅੱਖਾਂ ਮਲਦੀ ਬੋਲੀ:

"ਪੁੱਤਰਾ, ਇਹ ਤੂੰ ਕੀ ਕਹਿ ਰਿਹੈਂ? ਇਹ ਸਾਰੇ ਤੇਰੇ ਹੀ ਭਰਾ ਨੇ।"

ਤਾਈ ਨੇ ਉੱਥੇ ਖੜ੍ਹੇ ਜੀਤੂ, ਬੰਤੂ ਅਤੇ ਸੰਤੂ ਵਲ ਇਸ਼ਾਰਾ ਕਰਦਿਆਂ ਕਿਹਾ। ਇਹ ਸੁਣ ਕੇ ਜੀਤੂ ਕਾਲੀ ਦੇ ਮੋਢੇ ਉੱਤੇ ਹੱਥ ਰੱਖ ਕੇ ਬੋਲਿਆ:

"ਜੇ ਜਾਣਾ ਹੈ ਤਾਂ ਜਲਦੀ ਕਰ।"

"ਪੁੱਤ ਸ਼ਹਿਰ ਜਾਣ ਤੋਂ ਪਹਿਲਾਂ ਪਿੰਡ ਦੇ ਡਾਕਟਰ ਨੂੰ ਸੱਦ ਕੇ ਦਿਖਾ ਲੈ।"

"ਵਿਸ਼ਨਦਾਸ ਸ਼ਹਿਰ ਗਿਆ ਹੋਇਆ।" ਕਾਲੀ ਨੇ ਆਪਣੇ ਹੰਝੂ ਰੋਕਦਿਆਂ ਕਿਹਾ।

"ਤਾਂ ਹਕੀਮ ਲੱਭੂ ਰਾਮ ਨੂੰ ਸੱਦ ਲਿਆ।" ਬੇਬੇ ਹੁਕਮੀ ਨੇ ਕਿਹਾ।

ਕਾਲੀ ਸੋਚਾਂ ਵਿੱਚ ਡੁੱਬਿਆ ਹਕੀਮ ਨੂੰ ਸੱਦਣ ਚਲਾ ਗਿਆ। ਪ੍ਰੀਤੋ ਨੇੜੇ ਬੈਠੀ ਪ੍ਰਸਿੰਨੀ ਦੇ ਕੰਨ ਵਿੱਚ ਫੁਸਫੁਸਾਈ:

"ਕਾਲੀ ਤਾਂ ਬੁੱਢੀ ਦੇ ਪਿੱਛੇ ਪਾਗਲ ਹੋ ਰਿਹੈ। ਉਹ ਅੱਜ ਨਾ ਮਰੂ ਤਾਂ ਕੱਲ ਨੂੰ ਮਰ ਜਾਊ।"

"ਕੁਛ ਵੀ ਕਹਿ, ਕਾਲੀ ਨੇ ਚਾਚੀ ਨੂੰ ਜਿਸ ਤਰ੍ਹਾਂ ਆਪਣੇ ਸਿਰ 'ਤੇ ਬਿਠਾਇਆ, ਕੋਈ ਕੁੱਖੋ ਜਾਇਆ ਵੀ ਏਨੀ ਸੇਵਾ ਨਾ ਕਰੇ। ਅੱਜ-ਕੱਲ੍ਹ ਤਾਂ ਲੋਕ ਇਹ ਹੀ ਚਾਹੁੰਦੇ ਆ ਕਿ ਬੁੜੀ ਨੇ ਜੇ ਕੱਲ੍ਹ ਨੂੰ ਮਰਨਾ ਤਾਂ ਅੱਜ ਮਰ ਜਾਵੇ।"

ਥੋੜ੍ਹੀ ਦੇਰ ਵਿੱਚ ਹਕੀਮ ਲੱਭੂ ਰਾਮ ਆ ਗਿਆ। ਉਹਨੇ ਚਾਚੀ ਦੀ ਨਬਜ਼ ਸਿਰ ਤੋਂ ਪੈਰਾਂ ਤੱਕ ਦੇਖੀ ਅਤੇ ਹੱਥ ਹਿਲਾਉਂਦਾ ਬੋਲਿਆ:

"ਹੁਣ ਦਵਾ-ਦਾਰੂ ਦਾ ਸਮਾਂ ਨਿਕਲ ਗਿਆ। ਪਰਮਾਤਮਾ ਦਾ ਨਾਂ ਲਉ ਅਤੇ ਪ੍ਰਤਾਪੀ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰੋ।"

ਇਹ ਕਹਿ ਕੇ ਹਕੀਮ ਲੱਭੂ ਰਾਮ ਚਲਾ ਗਿਆ ਪਰ ਕਾਲੀ ਨੂੰ ਉਹਦੀ ਗੱਲ ਉੱਤੇ ਯਕੀਨ ਨਾ ਆਇਆ। ਉਹਨੇ ਛਾਂ ਕਰਨ ਲਈ ਮੰਜੇ ਦੇ ਦੁਆਲੇ ਰੱਸੀਆਂ ਨਾਲ ਚਾਦਰ ਬੰਨ ਦਿੱਤੀ ਅਤੇ ਪੈਂਦੀ ਪਾਣੀ ਦਾ ਭਾਂਡਾ ਰੱਖ ਦਿੱਤਾ। ਲੰਮਾ ਮਜ਼ਬੂਤ ਡੰਡਾ ਦੋਵੇਂ ਪਾਸਿਆਂ ਦੇ ਪੈਰਾਂ ਨਾਲ ਬੱਧੀਆਂ ਰੱਸੀਆਂ ਰਾਹੀਂ ਕੱਢ ਕੇ ਡੋਲੀ ਤਿਆਰ ਕਰ ਲਈ।

"ਕਾਲੀ ਪੁੱਤ, ਕਿਉਂ ਅਨਰਥ ਕਰਨ ਲੱਗਾਂ। ਇਹ ਤੇਰੀ ਭੁੱਲ ਆ ਕਿ ਆਈ ਮੌਤ ਨੂੰ ਟਾਲਿਆ ਜਾ ਸਕਦਾ?"

ਬੇਬੇ ਹੁਕਮੀ ਨੇ ਅਜੇ ਆਪਣੀ ਗੱਲ ਪੂਰੀ ਵੀ ਨਹੀਂ ਕੀਤੀ ਸੀ ਕਿ ਚਾਚੀ ਨੇ ਜ਼ੋਰ ਦੇਣੀ ਹਿਚਕੀ ਲਈ। ਉਹਦੀ ਇਕ ਬਾਂਹ ਜ਼ੋਰ ਨਾਲ ਫੜਫੜਾਈ।

"ਲਾਹ ਲਾ ਹੇਠਾਂ ...।" ਬੇਬੇ ਹੁਕਮੀ ਨੇ ਰੌਲਾ ਪਾ ਦਿੱਤਾ। ਕਾਲੀ ਇਕ ਪਾਸੇ ਹੱਟ ਗਿਆ। ਤਾਈ ਨਿਹਾਲੀ ਅਤੇ ਪ੍ਰੀਤੋ ਨੇ ਚਾਚੀ ਨੂੰ ਮੰਜੇ ਤੋਂ ਲਾਹ ਕੇ ਜ਼ਮੀਨ ਉੱਤੇ ਪਾ ਦਿੱਤਾ। ਤਾਈ ਨਿਹਾਲੀ ਨੇ ਅੰਨ ਵਾਲਾ ਭਾਂਡਾ ਉਹਦੇ ਸਿਰਹਾਣੇ ਮੂਧਾ ਮਾਰ ਦਿੱਤਾ ਅਤੇ ਪ੍ਰੀਤੋ ਦੀਵਾ ਬਾਲਣ ਲੱਗ ਪਈ।

"ਵੇ ਕਾਲੀ, ਅੰਨ 'ਚ ਕੁਛ ਪੈਸੇ ਰੱਖ ਦੇ।"

ਕਾਲੀ ਨੇ ਜੇਬ ਵਿੱਚੋਂ ਪੈਸੇ ਕੱਢ ਕੇ ਅੰਨ ਵਿੱਚ ਸੁੱਟ ਦਿੱਤੇ। ਬੇਬੇ ਹੁਕਮੀ ਚਾਚੀ ਪ੍ਰਤਾਪੀ ਦੇ ਬਰਫ ਵਰਗੇ ਠੰਢੇ ਸਰੀਰ ਨੂੰ ਛੋਂਹਦੀ ਬੋਲੀ, "ਹਾਇ, ਪ੍ਰਤਾਪੀ ਗਈ।" ਉਹਨੇ ਇਕ ਉੱਚੀ ਦਹਾੜ ਮਾਰਦਿਆਂ ਚਾਚੀ ਦਾ ਮੂੰਹ ਕੱਪੜੇ ਨਾਲ ਢਕ ਦਿੱਤਾ। ਕੁਛ ਔਰਤਾਂ ਸੱਚੀਂ ਰੋਣ ਲੱਗ ਪਈਆਂ ਅਤੇ ਕੁਛ ਲੋਕ-ਲੱਜ ਦੇ ਡਰੋਂ ਰੋਣ ਦਾ ਨਾਟਕ ਕਰਨ ਲੱਗੀਆਂ। ਕੁਛ ਹੀ ਪਲਾਂ ਵਿੱਚ ਕਾਲੀ ਦੇ ਘਰ ਵਿੱਚ ਚੀਕਾਂ ਗੂੰਜਣ ਲੱਗੀਆਂ।

ਕਾਲੀ ਨੂੰ ਜਦੋਂ ਵਿਸ਼ਵਾਸ ਹੋ ਗਿਆ ਕਿ ਚਾਚੀ ਸੱਚਮੁੱਚ ਮਰ ਗਈ ਹੈ ਤਾਂ ਉਹ ਉਹਦੇ ਨਾਲ ਲਿਪਟ ਕੇ ਜ਼ੋਰ-ਜ਼ੋਰ ਦੀ ਰੋਣ ਲੱਗਾ। ਉਹਦਾ ਵਿਰਲਾਪ ਸੁਣ ਕੇ ਉੱਥੇ ਹਾਜ਼ਰ ਲੋਕਾਂ ਦੇ ਦਿਲ ਪਸੀਜ ਗਏ। ਰੋਣ ਦਾ ਨਾਟਕ ਕਰਨ ਵਾਲੀਆਂ ਔਰਤਾਂ ਵੀ ਸੱਚਮੁੱਚ ਦੇ ਹੰਝੂ ਵਹਾਉਣ ਲੱਗੀਆਂ। ਜਦੋਂ ਕਾਲੀ ਦਾ ਰੋਣਾ-ਧੋਣਾ ਕੁਛ ਘੱਟ ਜਾਂਦਾ ਅਤੇ ਚੀਕਾਂ ਸਿਸਕੀਆਂ ਵਿੱਚ ਬਦਲ ਜਾਂਦੀਆਂ ਤਾਂ ਉਹਨਾਂ ਵਿੱਚੋਂ ਕੋਈ ਔਰਤ ਚਾਚੀ ਦਾ ਨਾਂ ਲੈ ਕੇ ਉੱਚੀ ਅਵਾਜ਼ ਵਿੱਚ ਵੈਣ ਪਾਉਣ ਲੱਗਦੀ। ਚਾਚੀ ਦੇ ਮੂੰਹ ਤੋਂ ਪੱਲਾ ਹਟਾ ਕੇ ਕਹਿੰਦੀ "ਨੀ ਪ੍ਰਤਾਪੀਏ ਤੂੰ ਸੱਚਮੁੱਚ ਸਾਡਾ ਸਾਥ ਛੱਡ ਗਈ ਏਂ।" ਉਹਦੇ ਵੈਣ ਸੁਣ ਕੇ ਕਾਲੀ ਦਾ ਦਿਲ ਭਰ ਜਾਂਦਾ ਅਤੇ ਉਹ ਫਿਰ ਤੋਂ ਜ਼ੋਰ-ਜ਼ੋਰ ਨਾਲ ਰੋਣਾ ਸ਼ੁਰੂ ਕਰ ਦਿੰਦਾ।

ਜਦੋਂ ਦਿਨ ਢਲ ਗਿਆ ਤਾਂ ਤਾਇਆ ਬਸੰਤਾ ਕਾਲੀ ਦੇ ਕੋਲ ਆ ਕੇ ਬੋਲਿਆ:

"ਆਪਣੇ ਆਚਾਰੀਆ ਰੁਲਦੂ ਰਾਮ ਨੂੰ ਕੋਈ ਸੱਦਣ ਗਿਆ ਹੈ ਕਿ ਨਹੀਂ। ਹੁਣ ਤੋਂ ਹੀ ਤਿਆਰੀ ਸ਼ੁਰੂ ਕਰੇਂਗਾ ਤਾਂ ਸ਼ਾਮ ਤੱਕ ਅਰਥੀ ਕੱਢ ਸਕੇਂਗਾ।"

"ਸੰਤੂ ਆਚਾਰੀਆ ਨੂੰ ਸੱਦਣ ਗਿਆ ਹੈ।" ਜੀਤੂ ਨੇ ਜੁਆਬ ਦਿੱਤਾ।

"ਘੱਟ ਤੋਂ ਘੱਟ ਲੱਕੜ ਹੀ ਸ਼ਮਸ਼ਾਨ ਤੱਕ ਪਹੁੰਚਾ ਦਿਉ। ਇਸ ਤਰ੍ਹਾਂ ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ ਨਾਲ ਤਾਂ ਕੋਈ ਕੰਮ ਹੋਣਾ ਨਹੀਂ।" ਤਾਏ ਬਸੰਤੇ ਨੇ ਕਿਹਾ।

"ਲੱਕੜ ਅਸੀਂ ਪਹੁੰਚਾ ਦਿੰਨੇ ਆਂ।" ਬੰਤੂ ਉੱਠਦਾ ਹੋਇਆ ਬੋਲਿਆ।

"ਕਾਲੀ, ਲੱਕੜ ਘਰ 'ਚ ਹੈਗੀ ਆ ਜਾਂ ਮੁੱਲ ਲੈਣੀ ਆ।" ਤਾਏ ਬਸੰਤੇ ਨੇ ਪੁੱਛਿਆ।

"ਮੁੱਲ ਕਿਉਂ ਲੈਣੀ ਆਂ, ਇਹ ਲੱਕੜ ਹੀ ਹੈ।" ਕਾਲੀ ਨੇ ਬਾਲਿਆਂ ਅਤੇ ਸ਼ਤੀਰਾਂ ਵਲ ਦੇਖਦਿਆਂ ਕਿਹਾ।

"ਇਹ ਤਾਂ ਇਮਾਰਤੀ ਲੱਕੜ ਹੈ।"

"ਹੁਣ ਕਿਸ ਕੰਮ ਦੀ।" ਕਾਲੀ ਦੇ ਮਨ ਵਿੱਚ ਆਪਣੀ ਹਰ ਚੀਜ਼ ਤੋਂ ਅੰਤਾਂ ਦਾ ਵੈਰਾਗ ਪੈਦਾ ਹੋ ਗਿਆ। ਉਹਨੇ ਅੱਗੇ ਵੱਧ ਕੇ ਬੰਤੂ ਦੀ ਮਦਦ ਨਾਲ ਇਕ ਸ਼ਤੀਰ ਵੱਖਰਾ ਕਰ ਦਿੱਤਾ ਅਤੇ ਕੁੱਝ ਚੰਗੇ ਚੰਗੇ ਬਾਲੇ ਕੱਢ ਦਿੱਤੇ।

"ਇਹ ਲੈ ਜਾਉ, ਘੱਟ ਹੋਏ ਤਾਂ ਹੋਰ ਬਾਲੇ ਲੈ ਜਾਇਓ।" ਕਾਲੀ ਨੇ ਬੰਤੂ ਨੂੰ ਕਿਹਾ।

ਚਮ੍ਹਾਰਲੀ ਦੇ ਆਚਾਰੀਆ ਰੁਲਦੂ ਦੇ ਆਉਣ 'ਤੇ ਸਾਰੀਆਂ ਔਰਤਾਂ ਅਤੇ ਮਰਦ ਚੇਤਨ ਹੋ ਗਏ। ਔਰਤਾਂ ਚਾਚੀ ਨੂੰ ਇਸ਼ਨਾਨ ਕਰਾਉਣ ਦੀਆਂ ਤਿਆਰੀਆਂ ਕਰਨ ਲੱਗੀਆਂ ਅਤੇ ਮਰਦ ਅਰਥੀ ਬਣਾਉਣ ਵਿੱਚ ਲੱਗ ਗਏ। ਤਾਈ ਨਿਹਾਲੀ, ਪ੍ਰੀਤੋ, ਪ੍ਰਸਿੰਨੀ ਅਤੇ ਮੁਹੱਲੇ ਦੀਆਂ ਕੁਛ ਹੋਰ ਔਰਤਾਂ ਇਸ ਤਰ੍ਹਾਂ ਰੁਝ ਗਈਆਂ ਜਿਵੇਂ ਕਿਸੇ ਵਿਆਹ ਦੀ ਤਿਆਰੀ ਕਰ ਰਹੀਆਂ ਹੋਣ। ਪ੍ਰੀਤੋ ਪਾਣੀ ਭਰ ਕੇ ਕਾਲੀ ਦੇ ਕੋਲ ਆ ਗਈ ਅਤੇ ਬਾਬੇ ਫੱਤੂ ਅਤੇ ਤਾਏ ਬਸੰਤੇ ਨੂੰ ਦੇਖਦਿਆਂ ਹੀ ਛੋਟਾ ਜਿਹਾ ਘੁੰਡ ਕੱਢ ਕੇ ਹੌਲੀ ਅਵਾਜ਼ ਵਿੱਚ ਬੋਲੀ:

"ਚਾਚੀ ਦੇ ਕੱਪੜੇ ਕਿੱਥੇ ਆ?"

ਕਾਲੀ ਨੇ ਅੰਦਰ ਜਾ ਕੇ ਇਕ ਪੀਪਾ ਖੋਲ੍ਹਿਆ ਅਤੇ ਉਹਦੇ ਵਿੱਚੋਂ ਇਕ ਗੁੱਛਾ-ਮੁੱਛਾ ਹੋਇਆ ਸੂਟ ਕੱਢ ਦਿੱਤਾ। ਚਾਚੀ ਦੇ ਕੋਲ ਇਹ ਸੂਟ ਕਈ ਸਾਲਾਂ ਤੋਂ ਸੀ। ਇਹਨੂੰ ਉਹ ਸਿਰਫ ਖਾਸ ਮੌਕਿਆਂ ਉੱਤੇ ਹੀ ਪਾਉਂਦੀ ਸੀ।

"ਚਾਚੀ ਇਹ ਸੂਟ ਪਾ ਕੇ ਨਿਕਲਦੀ ਸੀ ਤਾਂ ਬਿਲਕੁਲ ਰਾਣੀ ਲੱਗਦੀ ਸੀ।... ਹਾਏ ਵੇ ਰੱਬਾ ... ਅੱਜ ਇਹ ਸੂਟ ਵੀ ਉਹਦੇ ਨਾਲ ਹੀ ਭਸਮ ਹੋ ਜਾਊਗਾ।"

"ਪ੍ਰੀਤੋ, ਤਨ ਦੇ ਕੱਪੜੇ ਵੀ ਨਾਲ ਨਹੀਂ ਜਾਂਦੇ.. ਕੁਛ ਵੀ ਨਾਲ ਨਹੀਂ ਜਾਂਦਾ।" ਤਾਈ ਨਿਹਾਲੀ ਨੇ ਭਰੀ ਹੋਈ ਅਵਾਜ਼ ਵਿੱਚ ਕਿਹਾ।

ਸੂਰਜ ਕਾਫੀ ਹੇਠਾਂ ਚਲਾ ਗਿਆ ਤਾਂ ਤਾਇਆ ਬਸੰਤਾ ਡਿਓਢੀ ਦੇ ਦਰਵਾਜ਼ੇ ਦੇ ਨੇੜੇ ਜਾ ਕੇ ਔਰਤਾਂ ਨੂੰ ਗੁੱਸੇ ਭਰੀ ਅਵਾਜ਼ ਵਿੱਚ ਬੋਲਿਆ:

"ਛੇਤੀਂ ਕਰੋ, ਗੱਲਾਂ ਘੱਟ ਕਰੋ ਅਤੇ ਕੰਮ ਜ਼ਿਆਦਾ।" ਫਿਰ ਉਹ ਅਰਥੀ ਨੂੰ ਦੇਖਦਾ ਬੋਲਿਆ।

"ਰੱਸੀਆਂ ਕੱਸ ਕੇ ਬੰਨਿਓ। ਢਿੱਲੀ ਅਰਥੀ ਨੂੰ ਚੁੱਕਣਾ ਮੁਸ਼ਕਿਲ ਹੋ ਜਾਂਦਾ।"

ਚਾਚੀ ਨੂੰ ਇਸ਼ਨਾਨ ਕਰਾ ਕੇ ਔਰਤਾਂ ਨੇ ਕੱਪੜੇ ਪਵਾ ਦਿੱਤੇ ਤਾਂ ਜੀਤੂ ਅਤੇ ਕਾਲੀ ਉਹਨੂੰ ਅਰਥੀ ਉੱਤੇ ਪਾ ਕੇ ਬਾਹਰ ਲੈ ਗਏ। ਤਾਈ ਨਿਹਾਲੀ ਦਹਾੜ ਮਾਰ ਕੇ ਰੋਂਦੀ ਹੋਈ ਬੋਲੀ:

"ਪ੍ਰਤਾਪੀਏ, ਤੂੰ ਤਾਂ ਸੱਚਮੁੱਚ ਹੀ ਸਾਨੂੰ ਛੱਡ ਚੱਲੀ ਆਂ।" ਔਰਤਾਂ ਇਕ ਵਾਰ ਫਿਰ ਰੋਣ ਲੱਗੀਆਂ। ਕਾਲੀ ਦੇ ਬੂਹੇ ਅੱਗੇ ਨਿਆਣਿਆਂ ਦੀ ਬਹੁਤ ਭੀੜ ਇਕੱਠੀ ਹੋ ਗਈ ਸੀ। ਤਾਇਆ ਬਸੰਤਾ ਨਿਆਣਿਆਂ ਨੂੰ ਪਿੱਛੇ ਹਟਾਉਂਦਾ ਬੋਲਿਆ:

"ਬੱਦਲ ਹੋਈ ਜਾਂਦੇ ਆ, ਛੇਤੀਂ ਕਰੋ। ਛਿੱਟਾਂ ਪੈਣ ਲੱਗੀਆਂ ਤਾਂ ਬਹੁਤ ਔਖਾ ਹੋ ਜਾਊ।"

ਚਾਚੀ ਦੀ ਅਰਥੀ ਤੁਰੀ ਤਾਂ ਕਾਲੀ ਇਕ ਵਾਰ ਫਿਰ ਜ਼ੋਰ ਨਾਲ ਰੋਣ ਲੱਗਾ। ਅਰਥੀ ਦੇ ਪਿੱਛੇ ਮਰਦ ਜਾ ਰਹੇ ਸਨ। ਉਹਨਾਂ ਦੇ ਪਿੱਛੇ ਨਿਆਣੇ ਅਤੇ ਔਰਤਾਂ ਸਨ। ਚੋਅ ਦੇ ਪਾਰ ਪਹੁੰਚਣ ਬਾਅਦ ਨਿਆਣਿਆਂ ਨੂੰ ਮੋੜ ਦਿੱਤਾ ਗਿਆ। ਸ਼ਮਸ਼ਾਨ ਘਾਟ ਤੋਂ ਕੁਛ ਦੂਰੀ ਉੱਤੇ ਅਰਥੀ ਰੱਖ ਦਿੱਤੀ ਗਈ ਅਤੇ ਚਾਚੀ ਦੇ ਮੂੰਹ ਤੋਂ ਪੱਲਾ ਲਾਹ ਦਿੱਤਾ ਗਿਆ ਤਾਂਕਿ ਸਾਰੀਆਂ ਔਰਤਾਂ ਅੰਤਿਮ ਦਰਸ਼ਨ ਕਰ ਸਕਣ। ਔਰਤਾਂ ਦੀ ਚੀਕ-ਪੁਕਾਰ ਇਕ ਵਾਰ ਫਿਰ ਵਧ ਗਈ। ਉਹ ਸੱਚੀਂ ਫੁੱਟ ਫੁੱਟ ਕੇ ਰੋ ਰਹੀਆਂ ਸਨ। ਚਾਚੀ ਤੋਂ ਉਮਰ ਵਿੱਚ ਛੋਟੀਆਂ ਔਰਤਾਂ ਨੇ ਉਹਦੇ ਪੈਰ ਛੂਹ ਕੇ ਉਹਨੂੰ ਅੰਤਿਮ ਵਿਦਾਈ ਦਿੱਤੀ। ਉਹਦੀਆਂ ਸਹੇਲੀਆਂ ਨੇ ਰੋ-ਰੋ ਕੇ ਆਪਣਾ ਬੁਰਾ ਹਾਲ ਕਰ ਲਿਆ। ਉਹਨਾਂ ਨੂੰ ਇਹ ਖਿਆਲ ਵਾਰ ਵਾਰ ਤੰਗ ਕਰ ਰਿਹਾ ਸੀ ਕਿ ਪ੍ਰਤਾਪੀ ਨੂੰ ਇਹਤੋਂ ਬਾਅਦ ਉਹ ਕਦੇ ਨਹੀਂ ਦੇਖ ਸਕਣਗੀਆਂ। ਆਚਾਰੀਆ ਰੁਲਦੂ ਰਾਮ ਨੇ ਉਹਨਾਂ ਨੂੰ ਉਪਦੇਸ਼ ਦਿੱਤਾ ਅਤੇ ਹੌਲੀ ਹੌਲੀ ਉਹਨਾਂ ਦਾ ਰੋਣਾ-ਧੋਣਾ ਬੰਦ ਹੋ ਗਿਆ।

ਰੁਲਦੂ ਰਾਮ ਨੇ ਚਾਚੀ ਦੀ ਅਰਥੀ ਦੇ ਕੋਲ ਬੈਠ ਕੇ ਕੁਝ ਮੰਤਰ ਪੜ੍ਹੇ ਅਤੇ ਕਾਲੀ ਨੂੰ ਧਮਾਰਕ ਭੰਨਣ ਲਈ ਕਿਹਾ। ਆਚਾਰੀਆ ਦੇ ਕਹਿਣ ਅਨੁਸਾਰ ਕਾਲੀ ਬਹੁਤ ਧਿਆਨ ਅਤੇ ਸ਼ਰਧਾ ਨਾਲ ਸਾਰੀਆਂ ਰਸਮਾਂ ਨੂੰ ਪੂਰਾ ਕਰ ਰਿਹਾ ਸੀ ਤਾਂ ਕਿ ਉਹਦੀ ਕਿਸੇ ਗਲਤੀ ਕਾਰਨ ਚਾਚੀ ਨੂੰ ਤਕਲੀਫ ਨਾ ਪਹੁੰਚੇ।

ਸ਼ਮਸ਼ਾਨ ਤੱਕ ਪਹੁੰਚਦੇ-ਪਹੁੰਚਦੇ ਸੂਰਜ ਪੱਛਮੀ ਸਿਰੇ ਨੂੰ ਛੂਹਣ ਲੱਗਾ ਸੀ। ਪੂਰਵ ਵਿੱਚ ਕਾਲੀ ਘਟਾ ਉਮੜ ਰਹੀ ਸੀ ਅਤੇ ਸੂਰਜ ਦੀਆਂ ਅੰਤਿਮ ਕਿਰਨਾਂ ਨੇ ਉਹਨਾਂ ਵਿੱਚ ਮੈਲ਼ਾ ਜਿਹਾ ਲਾਲ ਰੰਗ ਭਰ ਦਿੱਤਾ ਸੀ। ਸੂਰਜ ਨੂੰ ਡੁੱਬਦਾ ਦੇਖ ਕੇ ਤਾਇਆ ਬਸੰਤਾ ਜ਼ੋਰ ਪਾਉਣ ਲੱਗਾ ਕਿ ਚਾਚੀ ਨੂੰ ਛੇਤੀਂ ਤੋਂ ਛੇਤੀਂ ਚਿਤਾ ਦੇ ਹਵਾਲੇ ਕਰ ਦਿੱਤਾ ਜਾਵੇ। ਰੁਲਦੂ ਰਾਮ ਨੇ ਮੰਤਰ ਪੜ੍ਹ ਕੇ ਕਾਲੀ ਤੋਂ ਸੰਕਲਪ ਕਰਾਇਆ। ਚਾਚੀ ਦਾ ਸਰੀਰ ਅਰਥੀ ਸਮੇਤ ਚਿਤਾ ਉੱਤੇ ਰੱਖ ਕੇ ਉਹਦੇ ਮੂੰਹ ਤੋਂ ਕੱਪੜਾ ਹਟਾ ਦਿੱਤਾ। ਚਾਚੀ ਨੂੰ ਦੇਖਦਿਆਂ ਹੀ ਕਾਲੀ ਫੁੱਟ ਪਿਆ। ਉਹ ਦੀਵਾਨਾ ਵਾਰ ਵਾਰ ਰੋ ਰਿਹਾ ਸੀ। ਰੁਲਦੂ ਰਾਮ ਉਹਨੂੰ ਸਮਝਾਉਂਦਾ ਹੋਇਆ ਬੋਲਿਆ:

"ਪੁੱਤ, ਜੇ ਹੰਝੂ ਵਹਾਉਣ ਨਾਲ ਮਰਿਆ ਹੋਇਆ ਆਦਮੀ ਜ਼ਿੰਦਾ ਹੋ ਸਕਦਾ ਹੁੰਦਾ ਤਾਂ ਇਸ ਦੁਨੀਆਂ 'ਚ ਕਦੇ ਕੋਈ ਨਾ ਮਰਦਾ। ਮੌਤ ਹਰ ਕਿਸੇ ਨੂੰ ਆਏਗੀ।... ਇਸ ਤੋਂ ਕੋਈ ਨਹੀਂ ਬਚ ਸਕਦਾ .... ਇਹ ਕੁਦਰਤ ਦਾ ਅਟੱਲ ਕਾਨੂੰਨ ਹੈ। ... ਇਸ ਲਈ ਸਬਰ ਤੋਂ ਕੰਮ ਲੈ।"

ਕਾਲੀ ਲਈ ਉਸ ਵਕਤ ਇਹ ਸ਼ਬਦ ਅਰਥਹੀਨ ਸਨ ਕਿਉਂਕਿ ਉਹ ਆਪਣੀਆਂ ਅੱਖਾਂ ਨਾਲ ਦੇਖ ਰਿਹਾ ਸੀ ਕਿ ਅੱਧੇ ਘੰਟੇ ਬਾਅਦ ਚਾਚੀ ਦੀ ਹੋਂਦ ਸਿਰਫ ਕੁੱਝ ਹੱਡੀਆਂ ਅਤੇ ਸਵਾਹ ਦੇ ਰੂਪ ਵਿੱਚ ਰਹਿ ਜਾਏਗੀ। ਤਾਏ ਬਸੰਤੇ ਨੇ ਕਾਲੀ ਨੂੰ ਫੜ ਕੇ ਉਹਦੇ ਹੱਥੋਂ ਚਿਤਾ ਨੂੰ ਅੱਗ ਲਗਵਾਈ। ਹਵਾ ਦੇ ਬੁੱਲਿਆਂ ਅਤੇ ਸਮੱਗਰੀ ਦੀ ਸਹਾਇਤਾ ਨਾਲ ਅੱਗ ਹੌਲੀ ਹੌਲੀ ਫੈਲਣ ਲੱਗੀ। ਚਿਤਾ ਤੋਂ ਕੁੱਝ ਦੂਰੀ ਉੱਤੇ ਬੈਠੀਆਂ ਔਰਤਾਂ ਨੂੰ ਸਮੱਗਰੀ ਅਤੇ ਘਿਉ ਦੀ ਮਹਿਕ ਆ ਰਹੀ ਸੀ। ਪ੍ਰੀਤੋ ਨਾਸਾਂ ਫੁਲਾਉਂਦੀ ਹੋਈ ਬੋਲੀ:

"ਦੇਸੀ ਘੇਅ ਆ... ਮੈਂ ਤਾਂ ਖੁਸ਼ਬੂ ਸੁੰਘ ਕੇ ਦੱਸ ਸਕਦੀ ਹਾਂ।" ਫਿਰ ਉਹ ਕੁੱਝ ਈਰਖਾ ਭਰੀ ਅਵਾਜ਼ ਵਿੱਚ ਕਹਿਣ ਲੱਗੀ, "ਭਾਬੀ ਪ੍ਰਤਾਪੀ ਨੇ ਪਿਛਲੇ ਜਨਮ 'ਚ ਬਹੁਤ ਹੀ ਚੰਗੇ ਕਰਮ ਕੀਤੇ ਹੋਣੇ ਆ ਜਿਹੜਾ ਉਹਦੀ ਚਿਤਾ 'ਤੇ ਦੇਸੀ ਘੇਅ ਪਾਇਆ ਗਿਆ। ਇਕ ਅਸੀਂ ਆਂ ਜਿਹਨਾਂ ਨੇ ਜਿਉਂਦੇ ਜੀਅ ਵੀ ਦੇਸੀ ਘੇਅ ਦਾ ਸੁਆਦ ਨਹੀਂ ਦੇਖਿਆ।"

ਚਿਤਾ ਨੂੰ ਲੱਗੀ ਅੱਗ ਜਦੋਂ ਚਾਰੀਂ ਪਾਸੀਂ ਫੈਲ ਗਈ ਅਤੇ ਲੱਕੜਾਂ ਚਟਾਖ ਚਟਾਖ ਬਲਣ ਲੱਗੀਆਂ ਤਾਂ ਕਾਲੀ ਦਾ ਧੀਰਜ ਅਤੇ ਸੰਜਮ ਬਿਲਕੁਲ ਜਵਾਬ ਦੇ ਗਏ। ਉਹ ਪਾਗਲਾਂ ਵਾਂਗ ਚਿਤਾ ਵਲ ਦੌੜਿਆ। ਜੀਤੂ, ਤਾਏ ਬਸੰਤੇ ਅਤੇ ਰੁਲਦੂ ਰਾਮ ਨੇ ਉਹਨੂੰ ਅਗਾਂਹ ਵਧ ਕੇ ਫੜ ਲਿਆ ਅਤੇ ਉਹਨੂੰ ਪਿੱਛੇ ਘੜੀਸ ਲਿਆਏ। ਕਾਲੀ ਹੱਥ-ਪੈਰ ਮਾਰਦਾ ਹੋਇਆ ਆਪਣੇ ਆਪ ਨੂੰ ਛੁਡਾਉਣ ਲੱਗਾ।

"ਕੀ ਪਾਗਲ ਹੋ ਗਿਆਂ? ਚਿਤਾ ਵਿੱਚ ਛਾਲ ਮਾਰ ਕੇ ਤੂੰ ਵੀ ਸੜ ਜਾਏਂਗਾ ਪਰ ਪ੍ਰਤਾਪੀ ਜ਼ਿੰਦਾ ਨਾ ਹੋਊ।" ਰੁਲਦੂ ਰਾਮ ਅਤੇ ਤਾਏ ਬਸੰਤੇ ਨੇ ਸਖਤ ਅਵਾਜ਼ ਵਿੱਚ ਕਿਹਾ। ਕਾਲੀ ਨੇ ਹੌਲੀ ਹੌਲੀ ਹੱਥ-ਪੈਰ ਮਾਰਨੇ ਛੱਡ ਦਿੱਤੇ ਅਤੇ ਬੇਬਸੀ ਨਾਲ ਭੜਕਦੀ ਹੋਈ ਚਿਤਾ ਵਲ ਦੇਖਣ ਲੱਗਾ।

ਚਿਤਾ ਜਦੋਂ ਲਪਟਦੇ ਚੰਗਿਆੜਿਆਂ ਅਤੇ ਭੜਕਦੀ ਅੱਗ ਵਿੱਚ ਘਿਰ ਗਈ ਤਾਂ ਰੁਲਦੂ ਰਾਮ ਨੇ ਕਾਲੀ ਦੇ ਹੱਥ ਵਿੱਚ ਲੰਮਾ ਸਾਰਾ ਬਾਂਸ ਦੇ ਕੇ ਕਿਹਾ:

"ਇਹਦੇ ਨਾਲ ਆਪਣੀ ਚਾਚੀ ਦਾ ਸਿਰ ਠੋਕ ਦੇ।"

ਕਾਲੀ ਹੈਰਾਨੀ ਨਾਲ ਉਹਦੀ ਵਲ ਦੇਖਣ ਲੱਗਾ ਤਾਂ ਉਹ ਉਹਨੂੰ ਅੱਗੇ ਧਕਦਾ ਹੋਇਆ ਬੋਲਿਆ:

"ਜੇ ਤੂੰ ਏਦਾਂ ਨਹੀਂ ਕਰੂੰਗਾ ਤਾਂ ਪ੍ਰਤਾਪੀ ਦੀ ਗਤੀ ਨਹੀਂ ਹੋਊਗੀ।"

ਕਾਲੀ ਨੇ ਰੁਲਦੂ ਰਾਮ ਦੇ ਹੁਕਮ ਅਨੁਸਾਰ ਚਾਚੀ ਦਾ ਸਿਰ ਬਾਂਸ ਨਾਲ ਠੋਕ ਦਿੱਤਾ। ਰੁਲਦੂ ਰਾਮ ਨੇ ਚਿਤਾ ਵਲ ਧਿਆਨ ਨਾਲ ਦੇਖਿਆ ਅਤੇ ਲੋਕਾਂ ਨੂੰ ਉੱਠਣ ਦਾ ਇਸ਼ਾਰਾ ਕਰਦਾ ਹੋਇਆ ਕਹਿਣ ਲੱਗਾ:

"ਚਲੋ...।"

ਸਾਰੇ ਲੋਕ ਅਲਸਾਏ ਹੋਏ ਉੱਠ ਬੈਠੇ ਅਤੇ ਹੌਲੀ ਹੌਲੀ ਪਿੰਡ ਵਲ ਚੱਲ ਪਏ।

ਕਾਲੀ ਨੇ ਰੁਕ ਕੇ ਚਿਤਾ ਵਲ ਦੇਖਿਆ। ਡੁੱਬਦੇ ਸੂਰਜ ਨੇ ਪੱਛਮ ਵਿੱਚ ਕਾਲੇ ਅਤੇ ਲਾਲ ਰੰਗ ਦੇ ਵੱਡੇ ਵੱਡੇ ਪਹਾੜ ਅਤੇ ਹਾਥੀ ਅਤੇ ਘੋੜੇ ਬਣਾ ਦਿੱਤੇ ਸਨ। ਪੂਰਬ ਤੋਂ ਚੜ੍ਹ ਰਹੀ ਘਟਾ ਹੌਲ਼ੀ ਹੌਲ਼ੀ ਅਕਾਸ਼ ਉੱਤੇ ਛਾਅ ਰਹੀ ਸੀ। ਲਪਟਾਂ ਮਾਰਦੇ ਚੰਗਿਆੜੇ ਅਤੇ ਅਸਮਾਨ ਉੱਤੇ ਫੈਲੀ ਹੋਈ ਮੈਲ਼ੀ ਜਿਹੀ ਲਾਲੀ ਅਤੇ ਮਿੱਟੀ ਰੰਗੀ ਕਾਲਖ ਦੇਖ ਕੇ ਉਹਨੂੰ ਡਰ ਜਿਹਾ ਮਹਿਸੂਸ ਹੋਇਆ ਅਤੇ ਉਹ ਚਿਤਾ ਵਲ ਪਿੱਠ ਮੋੜ ਕੇ ਹੌਲੀ ਹੌਲੀ ਪੈਰ ਪੁੱਟਦਾ ਹੋਇਆ ਸਿਰ ਝੁਕਾਈ ਪਿੰਡ ਨੂੰ ਤੁਰ ਪਿਆ। ***
(ਚਲਦਾ) (ਅਨੁਵਾਦ ਸੁਖਵੰਤ ਹੁੰਦਲ)

ਲੇਖ

# ਅੰਮ੍ਰਿਤਾ ਸ਼ੇਰਗਿੱਲ

## ਜਗਤਾਰਜੀਤ

ਭਾਰਤੀ ਸੰਦਰਭ ਵਿਚ, ਜਦ ਵੀ ਆਧੁਨਿਕ ਕਲਾ ਲਹਿਰ ਦੀ ਉਤਪਤੀ ਦੀ ਗੱਲ ਚਲਦੀ ਹੈ ਤਾਂ ਅੰਮ੍ਰਿਤਾ ਸ਼ੇਰਗਿੱਲ ਦਾ ਨਾਂ ਆਪਣੇ ਆਪ ਸਾਹਮਣੇ ਆ ਜਾਂਦਾ ਹੈ। ਕਲਾ-ਪੰਡਤਾਂ ਵਲੋਂ ਉਸ ਨੂੰ ਆਧੁਨਿਕ ਭਾਰਤੀ ਕਲਾ ਦੀ ਪਰਵਰਤਕ ਅਤੇ ਮੋਢੀ ਸਵੀਕਾਰ ਕਰ ਲਿਆ ਗਿਆ ਹੈ। ਇਹ ਤਥ ਹੀ ਆਪਣੇ-ਆਪ ਵਿਚ ਮਾਣ ਵਾਲਾ ਹੈ ਚਾਹੇ ਕਿ ਉਹ ਬਹੁਤ ਛੋਟੀ ਉਮਰ ਵਿਚ ਸੰਸਾਰ ਤਿਆਗ ਗਈ। ਉਹਨੂੰ ਆਪਣੇ ਵੇਲੇ ਦੇ ਕਹਿੰਦੇ ਕਹਾਂਦੇ ਕਲਾਕਾਰਾਂ, ਕਲਾ ਸਮੀਖਿਅਕਾਂ, ਕਲਾ ਪ੍ਰਸ਼ੰਸਕਾਂ ਦੇ ਵਿਰੋਧ ਦੀ ਬੁਛਾੜ ਦਾ ਸਾਹਮਣਾ ਵੀ ਕਰਨਾ ਪਿਆ।
ਜੇ ਅੰਮ੍ਰਿਤਾ ਸ਼ੇਰਗਿੱਲ ਦੇ ਜੀਵਨ ਨਾਲ ਜੁੜੇ ਘਟਨਾ-ਕ੍ਰਮ ਉਪਰ ਨਜ਼ਰ ਮਾਰੀ ਜਾਵੇ ਤਾਂ ਇਸ ਗੱਲ ਨੂੰ ਬਲ ਮਿਲਦਾ ਹੈ ਕਿ ਪ੍ਰਤਿਭਾ ਅਤੇ ਉਮਰ ਦੇ ਵੱਖੋ-ਵੱਖਰੇ ਰਾਹ ਹਨ। ਉਹ ਆਪਣੇ ਭੋਗੇ ਜੀਵਨ ਕਰਕੇ ਨਹੀਂ ਬਲਕਿ ਆਪਣੇ ਕੀਤੇ ਕੰਮ ਕਾਰਨ ਯਾਦ ਕੀਤੀ ਜਾਂਦੀ ਹੈ।

ਅੰਮ੍ਰਿਤਾ ਨੇ ਆਪਣੇ ਚਿਤਰਕਾਰ ਹੋਣ ਬਾਰੇ ਖੁਦ ਵੀ ਲਿਖਿਆ ਹੈ - "ਮੈਂ ਸਿਰਫ਼ ਚਿਤੇਰੀ ਬਣਨ ਲਈ ਪੈਦਾ ਹੋਈ ਹਾਂ। ਮੇਰੀ ਮਨੋ-ਬਣਤਰ ਅਜਿਹੀ ਹੈ ਕਿ ਮੈਂ ਕਿਸੇ ਤਰ੍ਹਾਂ ਦਾ ਬਾਹਰੀ ਦਖਲ ਬਰਦਾਸ਼ਤ ਨਹੀਂ ਕਰ ਸਕਦੀ। ਇਸ ਲਈ ਮੈਂ ਮੰਨਦੀ ਹਾਂ ਕਿ ਮੇਰੀ ਸਿੱਖਿਆ ਆਪਣੇ-ਆਪ ਹੋਈ ਹੈ। ਮੇਰੇ ਜੀਵਨ ਵਿਚ ਫਰਾਂਸੀਸੀ ਪ੍ਰੋ: ਲੁਸੀਏ ਸਿਮੋਂ ਦਾ ਵੱਡਾ ਹੱਥ ਹੈ। ਉਹ ਪੜ੍ਹਾਉਂਦੇ ਨਹੀਂ ਸਨ। ਉਹਨਾਂ ਦੇ ਪੜ੍ਹਾਉਣ ਦਾ ਤਰੀਕਾ ਵੱਖਰੀ ਤਰ੍ਹਾਂ ਦਾ ਰਿਹਾ। ਉਹ ਆਪਣੇ ਵਿਦਿਆਰਥੀ ਤੋਂ ਉਮੀਦ ਕਰਦੇ ਕਿ ਉਹ ਪੇਂਟਿੰਗ 'ਚ ਸਮੱਸਿਆ ਅਤੇ ਤਕਨੀਕ ਦਾ ਹਲ ਖੁਦ ਲੱਭੇ। ... ਕੱਚੀ ਉਮਰ ਵਿਚ ਫ਼ਰਕ ਕਰ ਲੈਣ ਦੀ ਤਾਮੀਜ਼ ਪੈਦਾ ਕਰ ਲੈਣੀ ਹੀ ਸੱਚੀ ਕਲਾ ਦੀ ਬੁਨਿਅਦੀ ਗੱਲ ਹੈ।"

ਆਪਣੇ ਸੁਭਾਅ, ਕਾਰਜ-ਖੇਤਰ ਅਤੇ ਲਿਆਕਤ ਉੱਤੇ ਅੰਮ੍ਰਿਤਾ ਸ਼ੇਰਗਿੱਲ ਦੇ ਇਹ ਤੋਲਵੇਂ ਸ਼ਬਦ ਹਨ। ਉਹ ਆਪਣੀ ਊਰਜਾ ਨੂੰ ਰਚਨਾਤਮਕਤਾ ਲਈ ਵਰਤਣਾ ਚਾਹੁੰਦੀ ਹੈ। ਅਲਪ-ਕਾਲ ਦੌਰਾਨ ਉਸ ਨੇ ਜੋ ਵੀ ਰਚਿਆ ਭਾਰਤ ਸਰਕਾਰ ਵਲੋਂ ਉਸ ਸਭ ਨੂੰ ਰਾਸ਼ਟਰੀ ਸੰਪਦਾ (national treasure) ਦਾ ਦਰਜਾ ਦਿੱਤਾ ਗਿਆ ਹੈ। ਇਹਦੇ ਸਦਕਾ ਆਧੁਨਿਕ ਚਿਤਰਕਾਰੀ ਦੀ ਰਾਸ਼ਟਰੀ ਗੈਲਰੀ ਨੇ ਉਸ ਦੇ ਕੰਮ ਨੂੰ ਸਥਾਈ ਜਗ੍ਹਾ ਦਿੱਤੀ ਹੋਈ ਹੈ। ਦਰਸ਼ਕ ਏਥੇ ਉਸ ਦੇ ਪ੍ਰਮੁੱਖ ਕੰਮ ਨੂੰ ਇਕੋ ਵੇਲੇ ਵੇਖ ਸਕਦਾ ਹੈ।



ਅੰਮ੍ਰਿਤਾ ਸ਼ੇਰਗਿੱਲ ਜਦ ਕਲਾ ਸੰਸਾਰ ਵਿਚ ਦਾਖਲ ਹੁੰਦੀ ਹੈ ਤਾਂ ਉਸ ਵੇਲੇ ਕਿਸੇ ਇਸਤਰੀ ਚਿਤਰਕਾਰ ਦਾ ਕੋਈ ਨਾਂ-ਨਿਸ਼ਾਨ ਨਹੀਂ ਮਿਲਦਾ। ਇਸਤਰੀ ਹੋਣ ਕਰਕੇ ਵੀ ਉਹ ਖਿੱਚ ਅਤੇ ਵਿਰੋਧ ਦਾ ਕੇਂਦਰ ਬਣੀ ਰਹੀ।
ਉਹ ਜਦ ਆਪਣੀ ਉੱਚ ਕਲਾ-ਸਿਖਿਆ, ਅੱਡਰੀ ਕਲਾ-ਸ਼ੈਲੀ ਦੇ ਨਾਲ ਵਿਲੱਖਣ ਜੀਵਨ-ਅੰਦਾਜ਼ ਲੈ ਕੇ ਭਾਰਤੀ ਕਲਾ-ਦ੍ਰਿਸ਼ ਵਿਚ ਦਾਖਲ ਹੁੰਦੀ ਹੈ ਤਾਂ ਉਸ ਵੇਲੇ ਕਾਫੀ ਹਲਚਲ ਪੈਦਾ ਹੋ ਜਾਂਦੀ ਹੈ। ਉਦੋਂ ਚਾਰੇ ਪਾਸੇ ਪੁਰਖ ਦਾ ਸਾਮਰਾਜ ਸੀ ਅਤੇ ਪੁਰਖ ਸਮੂਹ ਦੀ ਹੀ ਤੂਤੀ ਵਜਦੀ ਸੀ। ਅੰਮ੍ਰਿਤਾ ਉਪਰ ਕਈ ਦਿਸ਼ਾਵਾਂ ਤੋਂ ਹਮਲੇ ਹੁੰਦੇ ਰਹੇ, ਪਰ ਉਹ ਆਪਣੇ ਚੁਣੇ ਰਾਹ ਉਤੇ ਦ੍ਰਿੜ੍ਹਤਾ ਨਾਲ ਅੰਤਿਮ ਸਾਹਾਂ ਤੱਕ ਇਕਸਾਰ ਤੁਰਦੀ ਰਹੀ।

ਉਸ ਵੇਲੇ ਕਲਾ ਦੇ ਜਗਤ ਉੱਪਰ ਸਿਰਫ਼ ਬੰਗਾਲ ਦੇ ਕਲਾਕਾਰ ਛਾਏ ਹੋਏ ਸਨ। ਬੰਗਾਲ ਸਕੂਲ ਦੇ ਨਾਂ ਹੇਠ ਉਹ ਆਪਣੇ ਹੁਨਰ ਦਾ ਪ੍ਰਦਰਸ਼ਨ ਕਰੀ ਜਾ ਰਹੇ ਸਨ।



ਅੰਮ੍ਰਿਤਾ ਸ਼ੇਰਗਿੱਲ ਦਾ ਜਨਮ 30 ਜਨਵਰੀ 1913 ਨੂੰ ਹੰਗਰੀ ਦੇਸ਼ ਦੀ ਰਾਜਧਾਨੀ ਬੂਦਾਪਸਤ (Budapest) ਵਿਚ ਹੋਇਆ। ਉਸ ਦਾ ਪਿਓ ਸਿੱਖ ਸੀ ਅਤੇ ਮਾਂ ਇਸਾਈ।

ਸਰਦਾਰ ਉਮਰਾਓ ਸਿੰਘ ਮਜੀਠੀਆ ਦਾ ਦਾਦਾ ਅਤਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੀ। ਇਕ ਲੜਾਈ ਵਿਚ ਮਾਰੇ ਜਾਣ ਬਾਅਦ ਉਸ ਦਾ ਲੜਕਾ ਸੂਰਤ ਸਿੰਘ ਖਾਲਸਾ ਫੌਜ ਵਿਚ ਨੌਕਰ ਹੋ ਗਿਆ ਅਤੇ ਤਰੱਕੀ ਕਰਦਾ ਕਰਦਾ ਜਨਰਲ ਬਣ ਗਿਆ। ਸਿੱਖਾਂ ਦੀ ਅੰਗਰੇਜ਼ਾਂ ਨਾਲ 1847 ਦੀ ਦੂਜੀ ਲੜਾਈ ਵਿਚ ਉਹ ਬਹਾਦਰੀ ਨਾਲ ਲੜਿਆ। ਸਿੱਖਾਂ ਦੀ ਹਾਰ ਹੋਈ। ਸੂਰਤ ਸਿੰਘ ਦੀ ਸਾਰੀ ਜਾਇਦਾਦ ਖੋਹ ਲਈ ਗਈ ਅਤੇ ਉਸ ਨੂੰ ਬਨਾਰਸ ਭੇਜ ਦਿੱਤਾ ਗਿਆ। 1857 ਦੇ ਗ਼ਦਰ ਵੇਲੇ ਸੂਰਤ ਸਿੰਘ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਆਪਣੀ ਜਿੱਤ ਬਾਅਦ ਅੰਗਰੇਜ਼ਾਂ ਨੇ ਉਸ ਨੂੰ ਪੰਜਾਬ ਵਾਪਸ ਭੇਜ ਦਿੱਤਾ। ਰਾਜਾ ਦਾ ਖਿਤਾਬ ਦੇਣ ਦੇ ਇਲਾਵਾ ਗੋਰਖਪੁਰ (ਉਤਰ-ਪ੍ਰਦੇਸ਼) ਵਿੱਚ ਜ਼ਮੀਨ ਦਾ ਇਕ ਵੱਡਾ ਟੁਕੜਾ ਇਨਾਮ ਵਜੋਂ ਭੇਂਟ ਕੀਤਾ। ਸੂਰਤ ਸਿੰਘ ਦੇ ਦੋ ਲੜਕੇ ਸਨ, ਉਮਰਾਓ ਸਿੰਘ ਅਤੇ ਸੁੰਦਰ ਸਿੰਘ। ਸੁੰਦਰ ਸਿੰਘ ਰਾਜਨੀਤੀ ਵਲ ਤੁਰ ਪਿਆ ਜਦ ਕਿ ਉਮਰਾਓ ਸਿੰਘ ਗਿਆਨ, ਵਿਗਿਆਨ, ਕਲਾ, ਸਾਹਿਤ, ਦਰਸ਼ਨ ਦੇ ਰਾਹ ਪੈ ਗਿਆ।

1881 ਵਿਚ ਜਦ ਸੂਰਤ ਸਿੰਘ ਦੀ ਮੌਤ ਹੋਈ ਤਾਂ ਦੋਵੇਂ ਭਰਾ ਨਿੱਕੀ ਉਮਰ ਦੇ ਸਨ। ਅੰਗਰੇਜ਼ਾਂ ਨੇ ਇਹਨਾਂ ਦੀ ਦੇਖ ਰੇਖ ਦੀ ਜ਼ਿੰਮੇਵਾਰੀ ਅਟਾਰੀ ਦੇ ਗੁਲਾਬ ਸਿੰਘ ਨੂੰ ਦਿੱਤੀ। ਵੱਡੇ ਹੋਣ ’ਤੇ ਉਮਰਾਓ ਸਿੰਘ ਦਾ ਵਿਆਹ ਗੁਲਾਬ ਸਿੰਘ ਦੀ ਕੁੜੀ ਨਾਲ ਕਰ ਦਿੱਤਾ ਗਿਆ। ਚਾਰ ਬੱਚੇ ਹੋਣ ਉਪਰੰਤ ਉਮਰਾਓ ਸਿੰਘ ਦੀ ਪਤਨੀ ਦੀ ਮੌਤ ਹੋ ਗਈ।

ਅੰਮ੍ਰਿਤਾ ਦੀ ਮਾਂ ਮਾਰੀਆ ਅੰਤਾਵਨੇਤ ਇਕ ਵਾਰ ਲੰਦਨ ਵਿਚ ਸੀ। ਤਦੋਂ ਉਸ ਨੂੰ ਰਾਜਕੁਮਾਰੀ ਬੰਬਾ (ਮਹਾਰਾਜਾ ਦਲੀਪ ਸਿੰਘ ਦੀ ਲੜਕੀ) ਦਾ ਵਿਗਿਆਪਨ ਪੜ੍ਹਨ ਨੂੰ ਮਿਲਿਆ ਜਿਸ ਅਨੁਸਾਰ ਉਸ ਨੂੰ ਸੰਗੀਤ, ਕਲਾ, ਸੰਸਕ੍ਰਿਤਕ ਰੁਝਾਨ ਵਾਲੀ ਇਕ ਔਰਤ ਦਾ ਸਾਥ ਚਾਹੀਦਾ ਸੀ ਜੋ ਉਸ ਨਾਲ ਹਿੰਦੁਸਤਾਨ ਜਾ ਸਕੇ ਅਤੇ ਨਾਲ ਰਹਿ ਸਕੇ। ਮਾਰੀਆ ਰਾਜਕੁਮਾਰੀ ਬੰਬਾ ਨਾਲ ਹਿੰਦੁਸਤਾਨ ਆ ਗਈ। ਏਥੇ ਇਕ ਪਾਰਟੀ ਵਿਚ ਮਾਰੀਆ ਅੰਤਾਵਨੇਤ ਨੇ ਗਾਣਾ ਗਾਇਆ। ਉਥੇ ਹਾਜ਼ਰ ਉਮਰਾਓ ਸਿੰਘ ਉਹਦੇ ਵਲ ਖਿੱਚਿਆ ਗਿਆ। ਇਹ ਖਿੱਚ ਅਤੇ ਪਿਆਰ 4 ਫਰਵਰੀ 1912 ਨੂੰ ਵਿਆਹ ਵਿਚ ਤਬਦੀਲ ਹੋ ਗਿਆ।

ਵਿਆਹ ਸਿੱਖ ਰੀਤ ਅਨੁਸਾਰ ਹੋਇਆ। ਵਿਆਹ ਬਾਅਦ ਦੋਵੇ ਜਣੇ ਜਲਦੀ ਹੀ ਹੰਗਰੀ ਪਹੁੰਚ ਗਏ। ਬੂਦਾਪਸਤ ਸ਼ਹਿਰ ਵਿਚ 30 ਜਨਵਰੀ 1913 ਨੂੰ ਅੰਮ੍ਰਿਤਾ ਦਾ ਜਨਮ ਹੋਇਆ। 13 ਮਾਰਚ 1914 ਨੂੰ ਸ਼ੇਰਗਿੱਲ ਪਰਿਵਾਰ ਵਿਚ ਦੂਸਰੀ ਕੁੜੀ ਇੰਦਰਾ ਪੈਦਾ ਹੋਈ। ਉਮਰਾਓ ਸਿੰਘ ਨੇ ਇਹ ਪਹਿਲਾਂ ਹੀ ਤੈਅ ਕਰ ਲਿਆ ਸੀ ਕਿ ਜੇ ਪਹਿਲਾ ਬੱਚਾ ਲੜਕੀ ਹੋਈ ਤਾਂ ਉਹਦਾ ਨਾਂ ‘ਅੰਮ੍ਰਿਤ’ ਰੱਖਿਆ ਜਾਵੇਗਾ।

ਲਗਪਗ ਉਹਨੀਂ ਦਿਨੀ ਸੰਸਾਰ ਜੰਗ ਸ਼ੁਰੂ ਹੋ ਗਈ ਸੀ। ਸ਼ੇਰਗਿੱਲ ਪਰਿਵਾਰ ਦੀ ਭਾਰਤ ਵਾਪਸ ਆ ਜਾਣ ਦੀ ਇੱਛਾ ਦੇ ਬਾਵਜੂਦ ਉਹਨਾਂ ਲਈ ਉਥੋਂ ਨਿਕਲਣਾ ਮੁਸ਼ਕਿਲ ਹੋ ਗਿਆ।

ਰਾਜਧਾਨੀਆਂ ਅਤੇ ਸ਼ਹਿਰ ਲੜਾਈ ਦਾ ਕੇਂਦਰ ਜਲਦੀ ਬਣਦੇ ਹਨ। ਇਸ ਡਰੋਂ ਸ਼ੇਰਗਿੱਲ ਪਰਿਵਾਰ ਬੂਦਾਪਸਤ ਛੱਡ ਕੇ ਦੂਰ ਇਕ ਪਿੰਡ ਜਾ ਕੇ ਰਹਿਣ ਲੱਗਾ।

ਸੰਕਟ ਆਦਮੀ ਨੂੰ ਤ੍ਰਿਕਾਲੀ ਬਣਾ ਦੇਂਦਾ ਹੈ। ਉਹ ਉਸ ਬਾਰੇ ਵੀ ਸੋਚਣ ਲੱਗਦਾ ਹੈ ਜਿਸ ਸੋਚ ਨੂੰ ਬਚਕਾਨੀ ਸਮਝਿਆ ਜਾ ਸਕਦਾ ਹੈ। ਮਾਰੀਆ ਕਿਆਸ ਕਰਦੀ ਹੈ ਕਿ ਜੇ ਲੜਾਈ ਵਿਚ ਇਹ ਬੱਚੀਆਂ ਮਾਰੀਆਂ ਗਈਆਂ ਤਾਂ ਇਹ ਨਾ ਹੋਵੇ ਕਿ ਇਹਨਾਂ ਨੂੰ ਕਬਰ ਵੀ ਨਸੀਬ ਨਾ ਹੋਏ। ਇਹ ਡਰ ਉਸ ਨੂੰ ਧਰਮ ਵਲ ਖਿੱਚ ਲੈ ਜਾਂਦਾ ਹੈ ਅਤੇ ਉਹ ਦੋਨਾਂ ਬੱਚੀਆਂ ਨੂੰ ਗਿਰਜਾਘਰ ਲੈ ਜਾ ਕੇ ਈਸਾਈ ਧਰਮ ਦੀ ਦੀਖਿਆ ਦਵਾ ਦੇਂਦੀ ਹੈ।

ਇਸ ਘਟਨਾ ਦੇ ਇਲਾਵਾ ਕੋਈ ਹੋਰ ਵੇਰਵਾ ਘੱਟ ਹੀ ਮਿਲਦਾ ਹੈ ਜਦ ਅੰਮ੍ਰਿਤਾ ਨੇ ਕਿਸੇ ਧਾਰਮਕ ਰੀਤ ਨੂੰ ਨਿਭਾਇਆ ਹੋਵੇ।

ਅੰਮ੍ਰਿਤਾ ਕੁਦਰਤ ਦੇ ਜ਼ਿਆਦਾ ਕਰੀਬ ਸੀ। ਪੰਜ ਕੁ ਸਾਲ ਦੀ ਉਮਰ ਸੀ ਜਦ ਉਹ ਮਾਂ ਕੋਲੋਂ ਸੁਣੀਆਂ ਕਹਾਣੀਆਂ, ਪਰੀ ਕਥਾਵਾਂ ਦੇ ਚਿਤਰ ਉਲੀਕ ਕੇ ਉਸਨੂੰ ਦਿਖਾਣ ਲੱਗ ਪਈ।

ਮਜੀਠੀਆ ਪਰਿਵਾਰ ਜਿੱਥੇ ਰਹਿ ਰਿਹਾ ਸੀ ਉਹ ਪਿੰਡ ਸੀ। ਪਿੰਡ ਦੇ ਲੋਕਾਂ ਦਾ ਪਹਿਰਾਵਾ ਸ਼ਹਿਰੀਆਂ ਤੋਂ ਭਿੰਨ ਹੋਣ ਕਰਕੇ ਉਹਨਾਂ ਦੀ ਰੰਗ-ਚੋਣ ਵੀ ਵੱਖਰੀ ਅਤੇ ਚਟਕ ਵਾਲੀ ਸੀ। ਅੰਮ੍ਰਿਤਾ ਦਾ ਪੇਂਡੂ ਲੋਕਾਂ ਨਾਲ ਸੰਪਰਕ ਬਚਪਨ ਤੋਂ ਹੀ ਸ਼ੁਰੂ ਹੋ ਗਿਆ ਸੀ। ਉਹੀ ਇਹ ਝੁਕਾਅ ਭਾਰਤ ਵਿਚ ਵੀ ਕਾਰਜਸ਼ੀਲ ਰਿਹਾ ਜਦ ਉਹ ਇਥੋਂ ਦੇ ਗਰੀਬ ਕਿਸਾਨ ਕਿਰਤੀਆਂ ਨੂੰ ਆਪਣੇ ਕੰਮ ਦਾ ਵਿਸ਼ਾ ਬਣਾਉਂਦੀ ਹੈ।

ਸੰਨ 1920 ਦੀ ਕ੍ਰਿਸਮਸ ਦਾ ਦਿਨ ਸੀ। ਸ਼ੇਰਗਿੱਲ ਪਰਿਵਾਰ ਨੇ ਆਪਣੇ ਘਰ ਆਪਣੀ ਜਾਣ-ਪਛਾਣ ਦੇ ਲੋਕਾਂ ਨੂੰ ਚਾਹ-ਪਾਰਟੀ 'ਤੇ ਸੱਦਿਆ ਸੀ। ਉਸ ਵੇਲੇ ਮਾਰੀਆ ਨੇ ਊਜੇਲੀ ਨਾਂ ਦੇ ਮਨੋਵਿਗਿਆਨੀ ਨੂੰ ਅੰਮ੍ਰਿਤਾ ਨਾਲ ਮਿਲਾਇਆ। ਉਸ ਮਨੋਵਿਗਿਆਨੀ ਨੇ ਅੰਮ੍ਰਿਤਾ ਨੂੰ ਸਮੋਹਿਤ ਕਰ ਕੇ ਕੁਝ ਪ੍ਰਯੋਗ ਕੀਤੇ। ਬਾਅਦ ਵਿਚ ਸਿੱਟੇ ਕੱਢਦਿਆਂ ਉਸ ਨੇ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿਚ ਪ੍ਰਤਿਭਾਸ਼ਾਲੀ ਕਲਾਕਾਰ ਬਣੇਗੀ। ਉਸ ਅਨੁਸਾਰ ਅੰਮ੍ਰਿਤਾ ਹੱਦ ਦੀ ਸੰਵੇਦਨਸ਼ੀਲ ਹੈ ਜਿਸ ਸਦਕਾ ਬਾਹਰੀ ਪ੍ਰਭਾਵਾਂ ਕਰਕੇ ਉਹ ਜਲਦੀ ਡਗਮਗਾ ਸਕਦੀ ਹੈ ਅਤੇ ਕਿਸੇ ਗੰਭੀਰ ਸੰਕਟ ਵਿਚ ਫਸ ਸਕਦੀ ਹੈ।

1921 ਨੂੰ ਸ਼ੇਰਗਿੱਲ ਪਰਿਵਾਰ ਭਾਰਤ ਲਈ ਤੁਰ ਪਿਆ। 1921 ਤੋਂ 1928 ਤੱਕ ਸਾਰਾ ਪਰਿਵਾਰ ਸਮਰ ਹਿਲ (ਸ਼ਿਮਲਾ) ਵਿਚ ਬਣੇ ਆਪਣੇ ਘਰ ਵਿਚ ਰਿਹਾ। 1923 ਦੇ ਦਰਮਿਆਨ ਮਾਰੀਆ ਅੰਤਾਵਨੇਤ ਇਟਲੀ ਦੇ ਇਕ ਬੁੱਤ ਤਰਾਸ਼ ਵਲ ਖਿੱਚੀ ਗਈ। ਜਦ ਕਿਸੇ ਕਾਰਨ ਉਸ ਬੁੱਤ ਤਰਾਸ਼ ਨੂੰ ਇਟਲੀ ਵਾਪਸ ਜਾਣਾ ਪਿਆ ਤਾਂ ਮਾਰੀਆ ਵੀ ਆਪਣੀਆਂ ਦੋਹਾਂ ਧੀਆਂ ਨੂੰ ਲੈ ਕੇ ਇਟਲੀ ਜਾ ਪਹੁੰਚੀ। ਅੰਮ੍ਰਿਤਾ ਨੂੰ ਫਲੋਰੈਂਸ ਦੇ ਇਕ ਕਲਾ-ਸਕੂਲ ਵਿਚ ਦਾਖਲ ਕਰਵਾ ਦਿੱਤਾ ਪਰ ਉਸ ਨੂੰ ਓਥੋਂ ਦੀ ਸਿਖਿਆ-ਵਿਧੀ ਅਤੇ ਅਨੁਸ਼ਾਸਨ ਰਾਸ ਨਾ ਆਇਆ। ਹਾਲਾਤ ਬਦਲ ਜਾਣ ਕਾਰਨ ਮਾਰੀਆ ਬੱਚਿਆਂ ਨੂੰ ਲੈ ਕੇ 24 ਜੂਨ 1924 ਨੂੰ ਵਾਪਸ ਭਾਰਤ ਆ ਗਈ।

1924-27 ਦੇ ਦਰਮਿਆਨ ਜਿਹੜੇ ਅੰਮ੍ਰਿਤਾ ਨੇ ਲਕੀਰੀ ਜਾਂ ਜਲ-ਰੰਗ ਚਿਤਰ ਬਣਾਏ ਉਹਨਾਂ ਵਿਚ ਕਲਾਕਾਰ ਦੀ ਵਿਸ਼ੇ ਪ੍ਰਤਿ ਵਧਦੀ ਸੂਝ ਅਤੇ ਗਿਆਨ ਦੀ ਝਲਕ ਮਿਲਦੀ ਹੈ। ਜੋ ਕੁਝ ਵੀ ਰੂਪਵਾਨ ਹੋਇਆ ਉਹ ਸਭ ਯੌਰਪੀ ਸ਼ੈਲੀ ਵਿਚ ਸੀ। ਇਕ ਹਲਕੀ ਪਤਲੀ ਲਕੀਰ ਜਾਂ ਲਕੀਰ ਸਮੂਹ ਨਾਲ ਕਿਰਦਾਰ ਨੂੰ ਉਲੀਕਿਆ ਜਾਂਦਾ ਰਿਹਾ, ਪਰ ਬਾਅਦ ਵਿਚ ਉਸ ਨੇ ਚਿਹਰੇ, ਵਿਸ਼ੇਸ਼ ਕਰਕੇ ਔਰਤਾਂ ਦੇ ਚਿਹਰਿਆਂ ਨੂੰ ਬਣਾਇਆ ਜਿਨ੍ਹਾਂ ਵਿੱਚ ਦੱਬੇ ਹੋਣ, ਸ਼ੋਸ਼ਣ ਕੀਤੇ ਜਾਣ, ਤਣਾਅ ਗ੍ਰਸਤ ਹੋਣ ਦੇ ਭਾਵ ਨੂੰ ਉਜਾਗਰ ਕੀਤਾ ਗਿਆ। ਉਸ ਨੇ ਕਈ ਨਿਊਡਜ਼ ਵੀ ਵੱਖ ਵੱਖ ਕੋਨਾਂ ਅਤੇ ਦਿਸ਼ਾ ਤੋਂ ਬਣਾਏ। ਕੀ ਇਹ ਕੰਮ ਉਸ ਦੇ ਭਵਿੱਖ ਵਿਚ ਹੋਣ ਵਾਲੇ ਕੰਮ ਦਾ ਸੰਕੇਤ ਕਿਹਾ ਜਾ ਸਕਦਾ ਹੈ? ਇਹ ਗੱਲ ਪੂਰੇ ਨਿਸ਼ਚੇ ਨਾਲ ਨਹੀਂ ਕਹੀ ਜਾ ਸਕਦੀ ਕਿਉਂਕਿ ਬਾਅਦ ਦੇ ਕੰਮ ਵਿਚ ਸ਼ੈਲੀ ਅਤੇ ਵਿਸ਼ੇ ਪੱਖੋਂ ਢੇਰ ਤਬਦੀਲੀ ਵਾਪਰਦੀ ਹੈ।


ਨਿਰਾਸ਼ਾ, ਸ਼ੋਕ, ਉਚਾਟਪਣ ਦੇ ਲੱਛਣ, ਉਂਝ ਅੰਮ੍ਰਿਤਾ ਦੇ ਕੰਮ ਨਾਲ ਸਦਾ ਲਈ ਨੱਥੀ ਹੋ ਜਾਂਦੇ ਹਨ। ਬਾਹਰ ਦੇ ਮਾਹੌਲ ਤੋਂ ਇਲਾਵਾ ਘਰ ਦੇ ਮਾਹੌਲ ਨੇ ਇਸ ਸੰਵੇਦਨਾ ਨੂੰ ਮਘਾਈ ਰੱਖਿਆ। ਉਮਰਾਓ ਸਿੰਘ ਨੂੰ ਮਾਰੀਆ ਦਾ ਵਿਉਹਾਰ ਨਾਪਸੰਦ ਸੀ। ਮਾਂ ਨਾਲ ਕੁੜੀਆਂ ਵੀ ਬਦਲ ਗਈਆਂ ਸਨ। ਉਮਰਾਓ ਸਿੰਘ ਸਾਰੀ ਸਾਰੀ ਰਾਤ ਛੱਤ ਉਪਰ ਟਹਿਲਦਾ ਰਹਿੰਦਾ, ਤਾਰਿਆਂ ਦੀਆਂ ਗਤੀਵਿਧੀਆਂ ਨੂੰ ਦੂਰਬੀਨ ਨਾਲ ਵੇਖਦਾ ਰਹਿੰਦਾ, ਉਨ੍ਹਾ ਨੂੰ ਲਿਖਦਾ ਰਹਿੰਦਾ।

1929 ਤੋਂ 1934 ਤੱਕ ਆਪਣੇ ਪੂਰੇ ਪਰਿਵਾਰ ਨਾਲ ਅੰਮ੍ਰਿਤਾ ਪੈਰਿਸ ਰਹੀ। ਓਥੇ ਪਹੁੰਚਣ ਦੇ ਕੁਝ ਦਿਨਾਂ ਬਾਅਦ ਹੰਗਰੀ ਦੇ ਇਕ ਚਿਤਰਕਾਰ ਨੇ ਅੰਮ੍ਰਿਤਾ ਦੇ ਰੇਖਾਂਕਨ ਅਤੇ ਚਿਤਰਾਂ ਨੂੰ ਵੇਖ ਕੇ ਉਹਦੀ ਜਾਣ-ਪਛਾਣ ਪਿਅਰ ਵਾਅਲਾਂ ਨਾਲ ਕਰਾਈ। ਅੰਮ੍ਰਿਤਾ ਉਹਦੀ ਦੇਖ-ਰੇਖ ਵਿਚ ਕੁਝ ਸਮਾਂ ਅਭਿਆਸ ਕਰਦੀ ਰਹੀ। ਜਦ ਇਹ ਵੇਖਿਆ ਕਿ ਉਹਦੇ ਕੰਮ ਵਿਚ ਵਿਕਾਸ ਨਹੀਂ ਹੋ ਰਿਹਾ ਤਾਂ ਉਸ ਨੂੰ ਪੈਰਿਸ ਦੀ ਰਾਸ਼ਟਰੀ ਕਲਾ ਯੂਨੀਵਰਸਟੀ (ਇਕੋਲ ਨੇਸ਼ਨਾਲ ਦੀ ਬੋ ਆਰਸ) ਵਿਚ ਦਾਖਲ ਕਰਵਾ ਦਿਤਾ ਗਿਆ। ਬੇਸ਼ੱਕ ਉਹਦੀ ਉਮਰ ਅਠਾਰਾਂ ਸਾਲ ਤੋਂ ਘੱਟ ਸੀ, ਪਰ ਪ੍ਰੋਫੈਸਰ ਸਿਮੋਂ ਦੀ ਮਦਦ ਨਾਲ ਇਹ ਸੰਭਵ ਹੋ ਗਿਆ।

ਇਸ ਪੜ੍ਹਾਈ ਨੇ ਉਸ ਨੂੰ ਪੱਛਮ ਦੀ ਕਲਾ ਅਤੇ ਜੀਵਨ-ਜਾਚ ਦੇ ਹੋਰ ਕਰੀਬ ਲੈ ਆਂਦਾ। ਉਥੇ ਰਹਿੰਦਿਆਂ ਹੋਇਆਂ ਉਸ ਵੇਲੇ ਦੇ ਪ੍ਰਸਿੱਧ ਚਿਤਰਕਾਰਾਂ ਨੂੰ ਮਿਲਣ, ਉਹਨਾਂ ਦਾ ਕੰਮ ਵੇਖਣ ਦਾ ਮੌਕਾ ਵੀ ਅੰਮ੍ਰਿਤਾ ਨੂੰ ਮਿਲਿਆ। ਇਸ ਨੇੜਤਾ ਨੇ ਉਹਦੇ ਅੰਦਰ ਸਵੈ-ਪਛਾਣ ਦਾ ਮਾਦਾ ਪੈਦਾ ਕਰ ਦਿੱਤਾ।

1930 ਦੇ ਕਰੀਬ ਉਸ ਨੇ ਤੇਲ ਰੰਗਾਂ ਦੀ ਵਰਤੋਂ ਸ਼ੁਰੂ ਕੀਤੀ। ਇਸ ਮਾਧਿਅਮ ਨੇ ਉਸ ਦੇ ਕੰਮ ਕਰਨ ਦੇ ਤਰੀਕੇ ਨੂੰ ਬਦਲਿਆ; ਉਹ ਪਹਿਲਾਂ ਚਾਰਕੋਲ ਜਾਂ ਜਲ-ਰੰਗਾਂ ਦੀ ਵਰਤੋਂ ਹੀ ਕਰਦੀ ਸੀ। ਅਧਿਅਨ ਕਾਲ ਦੌਰਾਨ ਉਸ ਅਣਗਿਣਤ ਡਰਾਇੰਗਾਂ, ਲੈਂਡ-ਸਕੇਪਾਂ, ਸਟਿੱਲ-ਲਾਈਫ ਸਟੱਡੀਜ਼, ਪੋਰਟ੍ਰੇਟਸ ਬਣਾਏ।

ਆਤਮ ਚਿਤਰਾਂ (self portraits) ਪ੍ਰਤਿ ਅੰਮ੍ਰਿਤਾ ਦਾ ਖਾਸਾ ਮੋਹ ਰਿਹਾ ਹੈ। ਵਿਦਿਆਰਥੀ ਕਾਲ ਵੇਲੇ ਬਣਾਏ ਆਤਮ-ਚਿਤਰਾਂ ਦਾ ਪਿਛੋਕੜ ਲਾਲ ਰੰਗ ਨਾਲ ਰੰਗਿਆ ਜਾਂਦਾ ਰਿਹਾ। ਲਗਦਾ ਹੈ ਇਸ ਰਾਹੀਂ ਉਹ ਆਪਣੀਆਂ ਇਛਾਵਾਂ ਨੂੰ ਜਾਂ ਖੁਦ ਨੂੰ ਸੰਤੁਸ਼ਟ ਕਰ ਰਹੀ ਹੈ। ਪਰ ਬਾਅਦ ਦੇ ਆਤਮ-ਚਿਤਰਾਂ ਵਿਚ ਇਹ 'ਵਿਸ਼ੇਸ਼ ਇੱਛਾ' ਇੰਝ ਪ੍ਰਗਟ ਨਹੀਂ ਕੀਤੀ ਗਈ। ਆਪਣੇ ਉੱਪਰ ਸਵੈ-ਭਰੋਸਾ ਹੋ ਗਿਆ ਹੋਏਗਾ ਕਿ 'ਜੋ ਉਹ ਕਰ ਰਹੀ ਹੈ ਸਹੀ ਹੈ।'


(ਸੈਲਫ ਪੋਰਟਰੇਟ)

ਯੌਰਪ ਦੇ ਕਲਾ-ਜਗਤ ਦੀ ਪਛਾਣ ਕਰਨਾ ਦੂਜੇ ਅਰਥਾਂ ਵਿਚ ਖੁਦ ਦੀ ਪਛਾਣ ਕਹੀ ਜਾ ਸਕਦੀ ਹੈ। ਉਹ ਉਸ ਵੇਲੇ ਨਿਰਣਾ ਲੈਂਦੀ ਹੋਈ ਲਿਖਦੀ ਹੈ "ਮੈਂ ਨਹੀਂ ਸਮਝਦੀ ਯੂਰਪ ਵਿਚ ਰਹਿ ਕੇ ਮੈਂ ਚਿਤਰ-ਰਚਨਾ ਕਰ ਸਕਾਂਗੀ। ਯੂਰਪ ਪਿਕਾਸੋ, ਮਤੀਸ, ਬਰਾਕ ਜਾਂ ਦੂਜੇ ਕਲਾਕਾਰਾਂ ਦਾ ਹੈ। ਮੇਰਾ ਤਾਂ ਸਿਰਫ਼ ਭਾਰਤ ਹੈ।" ਇਹ ਨਿਰਣਾ ਸਰਦਾਰ ਉਮਰਾਓ ਸਿੰਘ ਦੀ ਇੱਛਾ ਦੇ ਖਿਲਾਫ਼ ਲਿਆ ਗਿਆ ਸੀ। ਉਹ ਨਹੀਂ ਸੀ ਚਾਹੁੰਦਾ ਕਿ ਅੰਮ੍ਰਿਤਾ ਭਾਰਤ ਆ ਕੇ ਰਹੇ। ਉਸ ਨੇ ਅੰਮ੍ਰਿਤਾ ਨੂੰ ਲਿਖਿਆ ਕਿ ਤੇਰੀ ਭਾਰਤ ਨਾਲ ਕੋਈ ਡੂੰਘੀ ਸਾਂਝ ਨਹੀਂ ਹੈ ਅਤੇ ਨਾ ਹੀ ਇਥੋਂ ਦੇ ਦਰਸ਼ਨ, ਕਲਾ ਅਤੇ ਹੋਰ ਸ਼ਾਖਾਵਾਂ ਦੀ ਤੈਨੂੰ ਕੋਈ ਵਿਸ਼ੇਸ਼ ਜਾਣਕਾਰੀ ਹੈ। ਇਸ ਲਈ ਤੂੰ ਯੂਰਪ ਹੀ ਟਿਕੀ ਰਹਿ ਕਿਉਂਕਿ ਉਹੀ ਤੈਨੂੰ ਮਾਫ਼ਿਕ ਹੈ। ਅੰਮ੍ਰਿਤਾ ਨੇ ਇਸ ਗੱਲ ਵਲ ਧਿਆਨ ਨਾ ਦਿੱਤਾ। ਬਲਕਿ ਮੋੜਵਾਂ ਜਵਾਬ ਦਿੱਤਾ ਕਿ ਮੈਨੂੰ ਇਹ ਪੜ ਕੇ ਦੁਖ ਹੋਇਆ ਹੈ ਕਿ ਤੁਸੀਂ ਆਪਣੇ ਬੱਚਿਆਂ ਨੂੰ ਪਿਆਰ ਦੇਣ ਦੀ ਬਜਾਏ ਆਪਣੇ ਨਾਂ ਦੀ ਰਾਖੀ ਕਰਨ ਨੂੰ ਜ਼ਿਆਦਾ ਮਹੱਤਵ ਦੇ ਰਹੇ ਹੋ।

ਉਸ ਵੇਲੇ ਸਮੁੱਚੀ ਦੁਨੀਆਂ ਵਿਚ ਉਥਲ-ਪੁਥਲ ਦੇ ਸੰਕੇਤ ਮਿਲਦੇ ਹਨ। ਯੂਰਪ ਹੌਲੀ ਹੌਲੀ ਦੂਜੀ ਸੰਸਾਰ ਜੰਗ ਵਲ ਵਧ ਰਿਹਾ ਸੀ। ਜਰਮਨ ਮੁੜ ਇਸ ਜੰਗ ਦਾ ਮੋਹਰੀ ਬਣ ਰਿਹਾ ਸੀ। ਭਾਰਤ ਦੇ ਹਾਲਾਤ ਵੀ ਕੋਈ ਵਧੀਆ ਨਹੀਂ ਸਨ। ਹਿੰਦੋਸਤਾਨੀ ਜਨਤਾ ਅੰਗਰੇਜ਼ਾਂ ਤੋਂ ਮੁਕਤ ਹੋਣ ਲਈ ਜੱਦੋਜਹਿਦ ਕਰ ਰਹੀ ਸੀ। ਇਕ ਮੁਖ ਧਾਰਾ ਕਾਂਗਰਸ ਸੀ ਜਿਸ ਦੀਆਂ ਏਧਰ-ਓਧਰ ਅਨੇਕ ਉਪ ਧਾਰਾਵਾਂ ਆਪੋ-ਆਪਣੇ ਵਿਚਾਰਾਂ ਨਾਲ ਲੈਸ ਹੋ ਕੇ ਅੰਗਰੇਜ਼ਾ ਨੂੰ ਵੰਗਾਰ ਰਹੀਆਂ ਸਨ।

ਇਹ ਨਹੀਂ ਕਿਹਾ ਜਾ ਸਕਦਾ ਕਿ ਪੈਰਿਸ ਵਿਚ ਅੰਮ੍ਰਿਤਾ ਨੇ ਕੋਈ ਮਹਤਵਪੂਰਨ ਕੰਮ ਨਹੀਂ ਕੀਤਾ। 'ਇਕੋਲ ਨੇਸ਼ਨਾਲ ਦੀ ਬੋ ਆਰਸ' ਦੇ ਪ੍ਰੋ: ਸਿਮੋਂ ਆਪਣੇ ਖੇਤਰ ਦੇ ਵਿਸ਼ੇਸੱਗ ਹੋਣ ਦੇ ਇਲਾਵਾ ਦ੍ਰਿਸ਼ਟਾ ਵੀ ਸੀ। ਉਹ ਅੰਮ੍ਰਿਤਾ ਨੂੰ ਬੜੇ ਫ਼ਖ਼ਰ ਨਾਲ ਕਹਿੰਦਾ ਹੁੰਦਾ ਸੀ, "ਮੈਨੂੰ ਇਸ ਗੱਲ ਦਾ ਹਮੇਸ਼ਾਂ ਮਾਣ ਰਹਵੇਗਾ ਕਿ ਤੂੰ ਮੇਰੀ ਵਿਦਿਆਰਥਣ ਰਹੀ ਏਂ।"

1934 ਵਿਚ ਅੰਮ੍ਰਿਤਾ ਸ਼ੇਰਗਿੱਲ ਨੇ 'ਯੰਗ ਗਰਲਜ਼' ਨਾਂ ਦੀ ਪੇਂਟਿੰਗ ਬਣਾਈ ਜਿਸ ਆਧਾਰ 'ਤੇ ਉਹਨੂੰ ਗਰਾਂਡ ਸੋਲੋਨ ਸੰਸਥਾ ਦਾ ਮੈਂਬਰ ਬਣਾ ਲਿਆ ਗਿਆ। ਇਹ ਮਾਣ ਪ੍ਰਾਪਤ ਕਰਨ ਵਾਲੀ ਉਹ ਪਹਿਲੀ ਹਿੰਦੋਸਤਾਨੀ ਕੁੜੀ ਸੀ, ਬਲਕਿ ਸਮੁੱਚੇ ਏਸ਼ੀਆ ਵਿਚੋਂ ਵੀ ਪਹਿਲੀ।

ਦਸੰਬਰ 1935 ਨੂੰ ਉਹ ਭਾਰਤ ਵਾਪਸ ਆ ਗਈ। ਪ੍ਰਸਿੱਧੀ, ਜਾਣ ਪਛਾਣ ਦਾ ਤਿਆਗ ਕਰਕੇ ਨਵੇਂ ਪਰਿਵੇਸ਼ ਵਿਚ ਅਤੇ ਨਵੇਂ ਵਿਸ਼ੈ-ਸ਼ੈਲੀ ਰਾਹੀਂ ਰਚਨਾਤਮਿਕ ਕੰਮ ਸ਼ੁਰੂ ਕਰਨਾ, ਕਹਿਣ ਜਿੰਨਾ ਆਸਾਨ ਨਹੀਂ ਹੈ। ਇਹਦੇ ਲਈ ਕਲਾਕਾਰ ਨੂੰ ਕਈ ਧਰਾਤਲਾਂ 'ਤੇ ਖੁਦ ਨੂੰ ਤਿਆਰ ਕਰਨਾ ਪੈਂਦਾ ਹੈ। ਉਹ ਇਕ ਖਤ ਵਿਚ ਲਿਖਦੀ ਹੈ: "ਮੇਰੇ ਮਨ ਵਿਚ ਇਕ ਬਿਆਨ ਨਾ ਕੀਤੇ ਜਾਣ ਵਾਲਾ ਅਜਨਬੀ ਇਹਸਾਸ ਮੁੜ ਮੁੜ ਉਭਰਦਾ ਹੈ ਕਿ ਚਿਤਰਕਾਰ ਦੇ ਰੂਪ ਵਿਚ ਮੇਰੀ ਅੰਤਿਮ ਕਾਰਜਸ਼ਾਲਾ ਭਾਰਤ ਹੀ ਹੈ।"


ਉਸ ਸਮੇਂ ਇਥੋਂ ਦਾ ਕਲਾ-ਦ੍ਰਿਸ਼ ਹੀ ਵੱਖਰੀ ਤਰ੍ਹਾਂ ਦਾ ਨਹੀਂ ਸੀ ਬਲਕਿ ਇਥੋਂ ਦੇ ਲੋਕ, ਉਹਨਾਂ ਦਾ ਉਠਣਾ ਬੈਠਣਾ, ਖਾਣ ਪੀਣ, ਲਿਬਾਸ ਲਈ ਵਰਤਿਆ ਜਾਂਦਾ ਕੱਪੜਾ ਅਤੇ ਉਸ ਦੇ ਰੰਗ ਆਦਿ ਵੀ ਪੱਛਮ ਤੋਂ ਹੱਟਵੇਂ ਸਨ। ਸਾਧਾਰਣ ਵਿਅਕਤੀ ਲਈ ਇਹ ਫ਼ਰਕ ਮਾਮੂਲੀ ਹੋ ਸਕਦਾ ਹੈ ਪਰ ਕਲਾਕਾਰ ਲਈ ਨਹੀਂ।

ਕਲਾ ਦੇ ਨਾਂ 'ਤੇ ਉਸ ਵੇਲੇ 'ਬੰਗਾਲ ਸਕੂਲ' ਦਾ ਇਕ ਛੱਤਰ ਰਾਜ ਸੀ। ਇਹ ਸ਼ੁੱਧ ਸੁਦੇਸ਼ੀ ਕਲਾ-ਸ਼ੈਲੀ ਸੀ ਜਿਸ ਉੱਪਰ ਕਿਸੇ ਬਾਹਰੀ ਸ਼ੈਲੀ ਦਾ ਰੰਚ ਮਾਤਰ ਪ੍ਰਭਾਵ ਨਹੀਂ ਸੀ।

ਉਹਨੀ ਦਿਨੀ ਭਾਰਤ ਆਪਣੀ ਆਜ਼ਾਦੀ ਦੀ ਲੜਾਈ ਵੀ ਲੜ ਰਿਹਾ ਸੀ। ਇਸ ਦ੍ਰਿਸ਼ਟੀ ਤੋਂ ਬੰਗਾਲ ਦੀ ਕਲਾ-ਸ਼ੈਲੀ ਹੋਰ ਮਹੱਤਵ ਪੂਰਨ ਪ੍ਰਵਾਨਿਤ ਅਤੇ ਪ੍ਰਮਾਣਿਕ ਸਵੀਕਾਰ ਕੀਤੀ ਜਾਂਦੀ ਸੀ। ਭਾਰਤੀ ਕਲਾਕਾਰ ਇਸ ਨੂੰ ਆਪੋ-ਆਪਣੇ ਅੰਦਾਜ਼ ਵਿਚ ਵਰਤ ਰਹੇ ਸਨ। ਇਸ ਸ਼ੈਲੀ ਦੇ ਅੰਤਰਗਤ ਕਿਸੇ ਵੀ ਤਰ੍ਹਾਂ ਦੀ ਰੂਪ-ਰਚਨਾ ਲਈ ਜਲ-ਰੰਗਾਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਰੰਗ ਲਾਉਣ ਤੋਂ ਬਾਅਦ ਪਾਣੀ ਦੀ ਵਰਤੋਂ ਨਾਲ ਉਸ ਦੀ ਰੰਗਤ (ਟੋਨ) ਨੂੰ ਇਕਸਾਰ ਜਾਂ ਘੱਟ-ਵੱਧ ਕੀਤਾ ਜਾਂਦਾ ਹੈ। ਇਸ ਵਿਧੀ ਨੂੰ 'ਵਾਸ਼' ਕਿਹਾ ਜਾਂਦਾ ਹੈ।

ਅੰਮ੍ਰਿਤਾ ਸ਼ੇਰਗਿੱਲ ਇਸ ਤੋਂ ਅਣਜਾਣ ਸੀ। ਉਸ ਦੀ ਪੜ੍ਹਾਈ ਅਤੇ ਅਭਿਆਸ ਰੋਗਨੀ ਰੰਗਾਂ ਵਿਚ ਹੋਇਆ ਸੀ।

ਬੰਗਾਲ ਸਕੂਲ ਲਹਿਰ ਸੀ ਤਾਂ ਸ਼ੁੱਧ ਭਾਰਤੀ ਪਰ ਇਸ ਦਾ ਯਥਾਰਥ ਨਾਲ ਕੋਈ ਲੈਣ-ਦੇਣ ਨਹੀਂ ਸੀ। ਕਲਾਕਾਰ ਪੌਰਾਣਿਕ ਅਤੇ ਮਿਥਿਹਾਸਕ ਪਾਤਰ ਸਿਰਜਣ ਵਿਚ ਹੀ ਆਪਣੀ ਯੋਗਤਾ ਦੇ ਦਰਸ਼ਨ ਕਰਵਾ ਦੇਂਦੇ। ਇਹਨਾਂ ਦੀ ਦੇਹ ਹੱਦ ਦੀ ਲਚਕਦਾਰ, ਅੰਗ ਜ਼ਰੂਰਤ ਤੋਂ ਜ਼ਿਆਦਾ ਲੰਬੇ ਬਣਾਏ ਜਾਂਦੇ। ਜਾਨਵਰ, ਬਨਸਪਤੀ ਅਤੇ ਹੋਰ ਮੋਟਿਫ ਵੀ ਇਸੇ ਅੰਦਾਜ਼ ਵਿਚ ਚਿਤਰੇ ਜਾਂਦੇ। ਸਾਰਾ ਵਰਤਾਰਾ ਖਿਆਲੀ ਹੀ ਹੁੰਦਾ ਜਿਸ ਦੇ ਪੈਰਾਂ ਥੱਲੇ ਜ਼ਮੀਨ ਨਾਂ ਦੀ ਕੋਈ ਵਸਤੂ ਨਾ ਹੁੰਦੀ।


(ਯੰਗ ਗਰਲਜ਼)

ਅੰਮ੍ਰਿਤਾ ਅੱਗੇ ਕੁਝ ਕੁ ਰਾਹ ਸਨ। ਉਹ ਬੰਗਾਲ ਸਕੂਲ ਦਾ ਅਨੁਸਰਨ ਕਰ ਸਕਦੀ ਸੀ। ਦੂਜਾ ਰਾਹ ਸੀ ਕਿ ਉਹ ਬੰਗਾਲ ਸਕੂਲ ਅਤੇ ਆਪਣੀ ਪ੍ਰਯੋਗਾਤਮਕ ਦ੍ਰਿਸ਼ਟੀ ਨਾਲ ਕੋਈ ਵਿੱਚ ਵਿਚਾਲੇ ਦੀ ਸ਼ੈਲੀ ਘੜ ਲਵੇ। ਤੀਜਾ ਰਾਹ ਸੀ, ਸਭ ਤਰ੍ਹਾਂ ਦੀਆਂ ਪਹਿਲੀਆਂ ਪ੍ਰਵਿਰਤੀਆਂ ਤੋਂ ਮੁਕਤ ਹੋ ਕੇ ਆਪਣੇ ਕੰਮ ਲਈ ਆਪਣੀ ਹੀ ਸ਼ੈਲੀ ਨੂੰ ਤਿਆਰ ਕੀਤਾ ਜਾਵੇ। ਅੰਮ੍ਰਿਤਾ ਤੀਸਰੇ ਰਾਹ ਦੀ ਚੋਣ ਕਰਦੀ ਹੈ। ਬੰਗਾਲ ਸਕੂਲ ਨਾਲ ਉਸ ਨੂੰ ਸਿਰੇ ਤਕ ਘਿਰਣਾ ਸੀ। ਉਹਦਾ ਮਤ ਸੀ ਕਿ ਬੰਗਾਲ ਸਕੂਲ ਜਨ ਸਾਧਾਰਣ ਦੀਆਂ ਦੁਖ ਤਕਲੀਫ਼ਾਂ ਨੂੰ ਜ਼ੁਬਾਨ ਨਹੀਂ ਦੇਂਦਾ। ਦੂਜਾ ਕਾਰਨ ਇਹ ਸੀ ਕਿ ਇਸ ਸ਼ੈਲੀ ਦੀਆਂ ਕਿਰਤਾਂ ਬਹੁਤ ਸਜਾਵਟੀ ਹਨ ਅਤੇ ਵਾਸਤਵਿਕਤਾ ਦੇ ਨੇੜੇ ਨਹੀਂ ਲੱਗਦੀਆਂ।

ਉਹ ਇਕ ਥਾਂ ਲਿਖਦੀ ਹੈ, "ਯੂਰੋਪ ਜਾਣ ਤੋਂ ਪਹਿਲਾਂ ਮੈਂ ਏਨੀ ਅੰਤਰਮੁਖੀ ਹੋ ਗਈ ਸੀ ਕਿ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਧਿਆਨ ਨਾਲ ਦੇਖਿਆ ਹੀ ਨਹੀਂ ਸੀ। ਮੈਂ ਜਿਹੜੇ ਵੀ ਆਕਾਰ ਉਲੀਕੇ ਸਨ, ਮਨ ਦੀ ਉਡਾਰੀ ਨਾਲ ਬਣਾਏ ਸਨ। ਸੱਚਾਈ ਦੇ ਬਜਾਏ ਤਸਵੀਰਾਂ ਦੀ ਦੁਨੀਆਂ ਵਿਚ ਜਿਉਂਦੀ ਸੀ। ਉਸ ਵੇਲੇ ਮੈਨੂੰ ਏਨਾ ਜ਼ਰੂਰ ਪਤਾ ਸੀ ਕਿ ਹਿੰਦੋਸਤਾਨ ਵਿਚ ਜਿਹੜੀਆਂ ਕਲਾ-ਕਿਰਤਾਂ ਬਣਾਈਆਂ ਜਾ ਰਹੀਆਂ ਹਨ, ਉਹ ਕਲਾ-ਕਿਰਤਾਂ ਤਾਂ ਹਨ, ਪਰ ਉਹਨਾਂ ਵਿਚ ਹਿੰਦੋਸਤਾਨ ਦੀ ਆਤਮਾ ਨਹੀਂ ਹੈ। ਉਹ ਤਸਵੀਰਾਂ ਚਿਤਰ ਕਲਾ ਦੀ ਘਟੀਆ ਤਕਨੀਕਾਂ ਆਸਰੇ ਕਲਾ-ਕਿਰਤਾਂ ਤਾਂ ਕਹੀਆਂ ਜਾਂਦੀਆਂ ਸਨ, ਪਰ ਉਹਨਾਂ ਵਿਚ ਇਕ ਵੀ ਬੁਰਸ਼ ਛੋਹ ਅਜਿਹੀ ਨਹੀਂ ਜਿੱਥੇ ਭਾਰਤ ਦੀ ਆਤਮਾ ਦੀ ਪ੍ਰਤੀਧੁਨੀ ਨਿਕਲਦੀ ਹੋਵੇ। ਮੇਰੀ ਕਲਾ 'ਤੇ ਕੁਝ ਅਜਿਹੇ ਵਿਚਾਰ ਹਾਵੀ ਰਹੇ ਹਨ। ਮੈਂ ਹਮੇਸ਼ਾ ਵਿਅਕਤੀਵਾਦੀ ਰਹੀ ਹਾਂ ਅਤੇ ਖੁਦ ਲਈ ਇਕ ਨਵੀਂ ਤਕਨੀਕ ਲੱਭਦੀ ਰਹੀ ਜਿਹੜੀ ਪਰੰਪਰਕ ਅਰਥਾਂ ਵਿਚ ਭਾਰਤੀ ਭਾਵੇਂ ਨਾ ਹੋਵੇ, ਪਰ ਆਤਮਾ ਵਿਚ ਸਿਧਾਂਤ ਪੱਖੋਂ ਭਾਰਤੀ ਹੋਵੇ। ਆਕਾਰ ਅਤੇ ਰੰਗਾਂ ਦੇ ਸਥਾਈ ਮਹੱਤਵ ਨਾਲ ਮੈਂ ਭਾਰਤੀ ਗਰੀਬਾਂ ਦੀ ਜ਼ਿੰਦਗੀ ਦਾ ਜਿਹੜਾ ਚਿਤਰਣ ਕਰਦੀ ਹਾਂ ਉਹ ਭਾਵੁਕ ਲਗਾਅ ਤੋਂ ਉੱਤੇ ਹੈ। ਭਾਰਤ ਦੇ ਗਰੀਬਾਂ ਨਾਲ ਮੇਰਾ ਲਗਾਅ ਸਿਰਫ਼ ਭਾਵੁਕਤਾ ਦਾ ਨਹੀਂ।"

ਅੰਮ੍ਰਿਤਾ ਸ਼ੇਰਗਿੱਲ ਨੇ ਭਾਰਤੀ ਕਲਾ-ਜਗਤ ਵਿਚ ਵਿਆਪ ਰਹੇ ਠਹਿਰਾਵ ਨੂੰ ਤੋੜਿਆ। ਪਹਿਲਾ ਵੱਡਾ ਵੱਢ ਤਕਨੀਕ ਅਤੇ ਵਿਸ਼ੇ ਪੱਖੋਂ ਹੈ। ਤੇਲ-ਰੰਗਾਂ ਦੀ ਵਰਤੋਂ ਦਾ ਆਪਣਾ ਮਹੱਤਵ ਹੈ। ਦੱਖਣ ਦਾ ਪੇਂਟਰ ਰਾਜਾ ਰਵੀ ਵਰਮਾ ਵੀ ਤੇਲ-ਰੰਗਾਂ ਨੂੰ ਵਰਤਦਾ ਸੀ ਪਰ ਉਸ ਦੇ ਵਿਸ਼ੇ ਰਾਮਾਇਣ, ਮਹਾਂਭਾਰਤ, ਪੁਰਾਣਾਂ ਆਦਿ ਗ੍ਰੰਥਾਂ ਵਿਚੋਂ ਆਉਂਦੇ ਸਨ।

ਅੰਮ੍ਰਿਤਾ ਨੇ ਪਿਆਰ ਦੇ ਛਿਣ ਭੋਗਦੇ ਜਾਂ ਪਿਆਰ ਕਥਾਵਾਂ ਦੇ ਪਾਤਰਾਂ ਨੂੰ ਆਪਣੇ ਕੈਨਵਸ ’ਤੇ ਨਹੀਂ ਆਉਣ ਦਿੱਤਾ। ਉਸ ਨੇ ਕਿਸੇ ‘ਰਿਚੂਅਲ’ ਨੂੰ ਵੀ ਨਹੀਂ ਚਿਤ੍ਰਿਆ। ਉਸ ਨੇ ਅਣਛੋਹੇ ਵਿਸ਼ੇ ਚੁਣੇ ਅਤੇ ਉਹਨਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਪਾਤਰ ਵੀ ਹੇਠਲੇ ਤਬ੍ਕੇ ਤੋਂ ਲਏ।

ਮੂਲ ਮੋਟਿਫ ਦੇ ਪਿਛੋਕੜ (ਪਿੱਠਭੂਮੀ) ਨੂੰ ਉਸ ਨੇ ਜ਼ਿਆਦਾ ਅਹਮੀਅਤ ਨਹੀਂ ਦਿੱਤੀ ਤਾਂ ਕਿ ਕਹੀ ਗੱਲ ‘ਸਿੱਧੀ ਮਾਰ’ ਕਰ ਸਕੇ। ਸਜਾਵਟੀ ਵੇਰਵਿਆਂ ਨੂੰ ਉਸ ਦੀਆਂ ਕਲਾ-ਕਿਰਤਾਂ ਵਿਚ ਜਗ੍ਹਾ ਨਹੀਂ ਮਿਲੀ। ਉਹਦੇ ਬਣਾਏ ਧਰਤ-ਚਿਤਰ ਵੀ ਵੱਖਰਾਪਣ ਦਰਸਾਂਦੇ ਹਨ। ਅੰਮ੍ਰਿਤਾ ਦੇ ਕੰਮ ਦੀ ਵੱਖਰਤਾ ਉਦਾਸੀ ਅਤੇ ਗਹਿਰੀ ਚੁੱਪ (solitude) ਸਿਰਜਣ ’ਚ ਹੈ।

ਭਾਰਤੀ ਚਿਤਰਕਾਰ, ਆਮ ਤੌਰ ’ਤੇ ਬੰਗਾਲ ਦੇ, ਅੰਮ੍ਰਿਤਾ ਦੀ ਆਮਦ ਨਾਲ ਖੁਸ਼ ਨਹੀਂ ਸਨ। ਉਨ੍ਹਾਂ ਆਪਣੇ ਢੰਗ-ਤਰੀਕੇ ਨਾਲ ਮੋੜਵੇਂ ਹਮਲੇ ਕੀਤੇ। ਕਈਆਂ ਲਈ ਤਾਂ ਇਹੋ ਔਖ ਵਾਲੀ ਗੱਲ ਸੀ ਕਿ ਮਰਦ ਕਲਾਕਾਰਾਂ ਦੀ ਪ੍ਰਭੁਤਾ ਵਾਲੇ ਸਮਾਜ ਵਿਚ ਇਕ ਇਸਤਰੀ ਦਾਖਲ ਕਿਵੇਂ ਹੋ ਗਈ।

ਅੰਮ੍ਰਿਤਾ ਸ਼ੇਰਗਿੱਲ ਦਾ ਆਪਣੇ ਦੁਆਲੇ ਦੇ ਸੌੜੇ ਮਾਹੌਲ ਨਾਲ ਸਾਹਮਣਾ ਜਲਦੀ ਹੀ ਹੋ ਗਿਆ ਸੀ। ਸਤੰਬਰ 1935 ਵਿਚ ਉਹਨੇ ਸ਼ਿਮਲਾ ਆਰਟ ਸੋਸਾਇਟੀ ਵਲੋਂ ਲਾਈ ਜਾਣ ਵਾਲੀ ਸਾਲਾਨਾ ਨੁਮਾਇਸ਼ ਲਈ ਦਸ ਕਿਰਤਾਂ ਭੇਜੀਆਂ। ਦਸਾਂ ਵਿਚੋਂ ਪੰਜ ਕਿਰਤਾਂ ਸੰਸਥਾ ਵਲੋਂ ਵਾਪਿਸ ਭੇਜ ਦਿੱਤੀਆਂ ਗਈਆਂ। ਸਵੀਕਾਰ ਕੀਤੇ ਕੰਮ ਵਿਚ ਇਕ ਉਹ ਵੀ ਸੀ ਜਿਸ ਨੂੰ ਗੱਰਾਂ ਸੱਲਾਨ (ਪੈਰਿਸ) ਵਿਚ ਵਿਖਾਇਆ ਜਾ ਚੁੱਕਾ ਸੀ ਅਤੇ ਇਨਾਮ ਵੀ ਮਿਲਿਆ ਸੀ। ਇਸ ਕੰਮ ਦੀ ਕਲਾ-ਸਮੀਖਿਆਕਾਰਾਂ ਨੇ ਭਰਵੀਂ ਤਾਰੀਫ਼ ਕੀਤੀ ਸੀ। ਵਾਪਸ ਆਈਆਂ ਪੇਂਟਿੰਗਾਂ ਨੂੰ ਵੇਖ ਕੇ ਅੰਮ੍ਰਿਤਾ ਨੂੰ ਗੁੱਸਾ ਚੜ੍ਹ ਗਿਆ ਅਤੇ ਉਸ ਨੇ ਸੰਸਥਾ ਵਲੋਂ ਦਿੱਤੇ ਗਏ ‘ਮਹਾਰਾਜਾ ਫਰੀਦਕੋਟ ਇਨਾਮ’ ਨੂੰ ਮੋੜਦਿਆਂ ਖਤ ਲਿਖਿਆ, “ਮੈਨੂੰ ਇਹ ਇਨਾਮ ਕਿਸੇ ਹੋਰ ਯੋਗ ਕਲਾਕਾਰ ਦੇ ਪੱਖ ਵਿਚ ਮੋੜਨ ਦੀ ਖੁਸ਼ੀ ਹੋਵੇਗੀ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਇਹੋ ਜਿਹਾ ਇਨਾਮ ਲੈ ਕੇ ਉਹ ਖੁਦ ਨੂੰ ਸਨਮਾਨਿਤ ਮਹਿਸੂਸ ਕਰੇਗਾ ਅਤੇ ਉਹਦੀ ਰਚਨਾ ਮੇਰੀ ਰਚਨਾ ਨਾਲੋਂ ਜ਼ਿਆਦਾ ਪਰੰਪਰਕ ਹੋਵੇਗੀ, ਜਿਸ ਨੂੰ ਸ਼ਿਮਲਾ ਫਾਈਨ ਆਰਟ ਸੋਸਾਇਟੀ ਦੇ ਨਿਰਣਾਇਕਾਂ ਨੇ ਪਿਛਲੇ 63 ਸਾਲਾਂ ਤੋਂ ਸੰਭਾਲ ਕੇ ਰੱਖਿਆ ਹੋਇਆ ਹੈ।”

ਆਪਣੀ ਆਰਥਿਕ ਹਾਲਤ ਨੂੰ ਠੀਕ ਠਾਕ ਰੱਖਣ ਲਈ ਉਸ ਨੇ ਵੱਡੇ ਆਕਾਰ ਵਾਲੇ ‘ਕਮਿੱਸ਼ਨਡ ਪੋਰਟ੍ਰੇਟ’ ਵੀ ਬਣਾਏ। ਜਦਕਿ ਅਜਿਹਾ ਕੰਮ ਉਸ ਨੂੰ ਨਾਪਸੰਦ ਸੀ। ਇੰਞ ਕਰਨ ਪਿਛੇ ਇਕ ਕਾਰਨ ਉਹਦੀਆਂ ਪੇਂਟਿੰਗਾਂ ਦਾ ਨਾ ਵਿਕਣਾ ਸੀ ਕਿਉਂਕਿ ਉਹਨਾਂ ਦੀ ਕੀਮਤ ਕਾਫ਼ੀ ਵਧੀ ਹੋਈ ਹੁੰਦੀ ਸੀ।

ਕਮਿੱਸ਼ਨਡ ਪੋਰਟ੍ਰੇਟਾਂ ਨੇ ਕਲਾਕਾਰ ਦੇ ਕੰਮ ਨੂੰ ਵੀ ਪ੍ਰਭਾਵਿਤ ਕੀਤਾ। ਚਿਤਰ ਵਿਚ ਧੁੱਪ-ਛਾਂ ਦੀ ਵਰਤੋਂ ਦੀ ਬਜਾਏ ਸਪਾਟ ਰੰਗ-ਛੋਹਾਂ ਨੇ ਜਗ੍ਹਾ ਲੈ ਲਈ ਜਿਸ ਕਾਰਨ ਉਹ ਕਿਰਤ ਹੋਰ ਸਿੰਪਲੀਫਾਈਡ ਹੋ ਗਈ। ਬਾਦ ਵਿਚ ਇਹ ਲੱਛਣ ਉਸ ਦੇ ਕੰਮ ਦੀ ਪਛਾਣ ਬਣ ਗਿਆ। ‘ਹੇਸਟਿੰਗ’ (19...), ਵਿਮਨ ਏਟ ਬਾਥ (1940), ਵਿਮਨ ਏਟ ਚਾਰਪਾਈ (1940) ਚਿਤਰ ਖਾਸ ਤਰ੍ਹਾਂ ਦੀ ਸ਼ੈਲੀ ਉਭਾਰਦੇ ਹਨ। ਸਿੱਧੀਆਂ ਲਕੀਰਾਂ ਦੇ ਨਾਲ ਹੁਣ ਗੋਲਾਈਦਾਰ ਅੰਗ ਨਹੀਂ ਦਿਸਦੇ ਬਲਕਿ ਉਹ ਕੋਣਦਾਰ ਹੋ ਗਏ ਹਨ। ‘ਵਿਮਨ ਏਟ ਚਾਰਪਾਈ’ ’ਚ ਚਾਰਪਾਈ ਵਿਚਲੇ ਰੰਗ, ਵਿਸ਼ੇਸ਼ ਤੌਰ ’ਤੇ, ਸਪਾਟ ਹਨ ਜਿੱਥੇ ਟੈਕਸਚਰ ਦੀ ਘਾਟ ਰੜਕਦੀ ਹੈ ਜਦ ਇਸ ਦਾ ਪੂਰਵਲੇ ਕੰਮ ਨਾਲ ਟਾਕਰਾ ਕਰਦੇ ਹਾਂ। ਇਹਨਾਂ ਚਿਤਰਾਂ ਵਿਚ ਆਉਣ ਵਾਲੇ ਇਸਤਰੀ-ਪੁਰਖਾਂ ਦੇ ਚਿਹਰਿਆਂ ਦੀ ਡੀਟੇਲਜ਼ ਵਲ ਧਿਆਨ ਨਹੀਂ ਦਿੱਤਾ ਗਿਆ ਅਤੇ ਨਾ ਹੀ ਹੋਰ ਵਸਤਾਂ ਨੂੰ ਬਾਰੀਕੀ ਨਾਲ ਬਣਾਇਆ ਹੈ।

ਇਕ ਪਾਸੇ ਉਸ ਦੇ ਕੰਮ ਦੇ ਨਵੇਕਲੇਪਣ ਦੀ ਸਿਫ਼ਤ ਕਰਨ ਵਾਲਾ ਵਿਰਲਾ-ਟਾਵਾਂ ਸੀ ਤਾਂ ਦੂਜੇ ਪਾਸੇ ਉਹ ਭਾਰਤ ਦੀ ਰੂਹ ਨੂੰ ਜਾਣਨ-ਪਛਾਣਨ ਲਈ ਯਤਨਸ਼ੀਲ ਸੀ। ਭਾਰਤ ਦੇ ਲੋਕਾਂ ਅਤੇ ਏਥੋਂ ਦੇ ਮੰਦਰਾਂ/ਮੂਰਤੀਕਲਾ ਨੂੰ ਦੇਖਣ ਲਈ ਉਸ ਨੇ ਵੱਖ ਵੱਖ ਪ੍ਰਾਂਤਾਂ ਦੇ ਦੌਰੇ ਕੀਤੇ। ਭਾਰਤੀ ਕਲਾ ਦਾ ਮਰਮ ਸਮਝਣ ਲਈ ਉਸ ਲਘੂ-ਚਿਤਰ ਸ਼ੈਲੀਆਂ (ਬਸੈਲੀ, ਕਾਂਗੜਾ, ਰਾਜਸਥਾਨ, ਮੁਗਲ) ਵਲ ਧਿਆਨ ਦਿੱਤਾ। ਇਸ ਕੰਮ ਵਿਚ ਸਭ ਤੋਂ ਵੱਧ ਮਦਦ ਕਾਰਲ ਖੰਡਾਲਵਾਲਾ ਨੇ ਕੀਤੀ ਜਿਸ ਕੋਲ ਇਹਨਾਂ ਸ਼ੈਲੀਆਂ ਵਿਚ ਬਣੇ ਲਘੂ-

ਚਿੱਤਰਾਂ ਦਾ ਵੱਡਾ ਸੰਗ੍ਰਹਿ ਸੀ। ਅੰਮ੍ਰਿਤਾ 1936 ਵਿਚ ਧੁਰ ਦੱਖਣ ਵਲ ਜਾਂਦੀ ਹੋਈ ਜਦ ਮੁੰਬਈ ਰੁਕੀ ਤਦੇ ਉਸ ਦੀ ਮੁਲਾਕਾਤ ਕਾਰਲ ਖੰਡਾਲਵਾਲਾ ਨਾਲ ਹੋਈ। ਇਹ ਪਹਿਲਾ ਵਿਅਕਤੀ ਸੀ ਜਿਸ ਨੇ ਅੰਮ੍ਰਿਤਾ ਸ਼ੇਰਗਿੱਲ ਦੇ ਕੰਮ ਦੀ ਸ਼ਲਾਘਾ ਕੀਤੀ। ਇਸ ਕਲਾ ਵਿਸ਼ੇਸ਼ੱਗ ਵਲੋਂ ਅੰਮ੍ਰਿਤਾ ਨੂੰ ਹਰ ਸ਼ੈਲੀ ਦੇ ਗੁਣ-ਲੱਛਣਾਂ ਨੂੰ ਬੇਲਾਗ ਢੰਗ ਨਾਲ ਦੱਸਣ ਕਾਰਨ ਦੋਹਾਂ ਵਿਚਾਲੇ ਅਟੁੱਟਵਾਂ ਰਿਸ਼ਤਾ ਬੱਝ ਗਿਆ। ਅੰਮ੍ਰਿਤਾ ਖ਼ਤ ਲਿਖ ਕੇ ਆਪਣੇ ਕੰਮ ਦੀ ਯੋਜਨਾ, ਰੰਗ-ਚੋਣ, ਵਿਸ਼ੇ ਬਾਰੇ ਦੱਸਦੀ ਰਹਿੰਦੀ। ਦੋਹਾਂ ਵਿਚਾਲੇ ਹੋਣ ਵਾਲੇ ਵਿਚਾਰ-ਵਟਾਂਦਰੇ ਨੇ ਚਿਤਰਕਾਰ ਦੀ ਰੰਗ ਤਖ਼ਤੀ ਨੂੰ ਬਦਲ ਦਿੱਤਾ। ਵਰਤੇ ਜਾਂਦੇ ਪੱਥਰਾਂ ਜਿਹੇ ਰੰਗਾਂ ਦੀ ਥਾਂ ਹੁਣ ਥੋੜ੍ਹੇ ਤੇਜ਼, ਚਟਕ ਰੰਗਾਂ ਨੇ ਲੈ ਲਈ।

ਇਸ ਸ਼ਾਬਾਸ਼ੀ ਨੇ ਅੰਮ੍ਰਿਤਾ ਦਾ ਹੌਸਲਾ ਵਧਾਇਆ। ਪਹਿਲਾਂ ਉਸ ਦੇ ਕੰਮ ਨੂੰ ਲੋਕ ਨਾਪਸੰਦ ਕਰਦੇ ਰਹੇ, ਖਾਸ ਕਰ ਬੰਗਾਲ ਦੇ ਕਲਾਕਾਰ-ਵਿਦਵਾਨ। ਬਹੁਤ ਘੱਟ ਲੋਕ ਉਹਦਾ ਕੰਮ ਖ਼੍ਰੀਦਦੇ। ਕਈਆਂ ਨੇ ਤਾਂ ਕੰਮ ਲੈ ਲਿਆ ਪਰ ਪੈਸਾ ਇਕ ਨਾ ਦਿੱਤਾ।

ਮਾਰਚ 1936 ਵਿਚ ਫ਼ਾਈਨ ਆਰਟਸ ਸੋਸਾਇਟੀ ਵਲੋਂ ਲਾਈ ਗਈ ਇਕ ਨੁਮਾਇਸ਼ ਲਈ ਅੰਮ੍ਰਿਤਾ ਨੇ ਆਪਣਾ ਕੰਮ ਭੇਜਿਆ ਜਿਸ ਵਿਚੋਂ ਉਸ ਦੇ ਦੋ ਆਤਮ-ਚਿਤਰਾਂ ਨੂੰ ਇਨਾਮ ਲਈ ਚੁਣਿਆ ਗਿਆ। ਇਸ ਦੇ ਬਾਅਦ ਨਵੰਬਰ 1938 ਨੂੰ ਮੁੰਬਈ ਵਿਚ ਉਸ ਦੇ ਕੰਮ ਦੀ ਇਕ ਨੁਮਾਇਸ਼ ਹੋਈ, ਜਿਸ ਨੂੰ ਹਰ ਪੱਖੋਂ ਭਰਵੀਂ ਸਿਫ਼ਤ ਸਲਾਹ ਮਿਲੀ। ਅੰਮ੍ਰਿਤਾ ਲਈ ਇਹ ਸੁਖ ਦੀਆਂ ਘੜੀਆਂ ਸਨ। ਭਾਰਤ ਦੇ ਕਲਾ ਦਰਸ਼ਕਾਂ ਅਤੇ ਸਮੀਖਿਆਕਾਰਾਂ ਪ੍ਰਤੀ ਉਸ ਦੇ ਗੁੱਸੇ ਨੂੰ ਥੋੜ੍ਹੀ ਠਾਹਰ ਮਿਲ ਗਈ ਸੀ।

ਦੱਖਣੀ ਭਾਰਤ ਪ੍ਰਤੀ ਉਹਦੀ ਦਿਲਚਸਪੀ ਵਧਦੀ ਹੀ ਗਈ। ਇਸ ਸਦਕਾ ਉਹ ਅਜੰਤਾ-ਅਲੋਰਾ ਦੀਆਂ ਗੁਫ਼ਾਵਾਂ ਨੂੰ ਵੇਖਦੀ ਹੈ। ਓਥੋਂ ਦੀਆਂ ਵੱਡ ਆਕਾਰੀ ਮੂਰਤੀਆਂ ਦੇ ਲਕੀਰੀ ਚਿਤਰ ਬਣਾਂਦੀ ਹੈ। ਫੇਰ ਉਹ ਮਾਲਾਬਾਰ ਦੇ ਹਰੇ ਕਚੂਰ ਰੁੱਖਾਂ ਦੇ ਕਿਨਾਰਿਆਂ ਦੇ ਨਾਲ ਨਾਲ ਕੰਨਿਆ ਕੁਮਾਰੀ ਤੱਕ ਪਹੁੰਚੀ।
ਅਜੰਤਾ-ਅਲੋਰਾ ਬਾਰੇ ਉਹ ਇਕ ਥਾਂ ਲਿਖਦੀ ਹੈ – "ਅਲੋਰਾ ਵੱਡੀ ਸ਼ਾਨ ਵਾਲਾ ਹੈ। ਜਦ ਕਿ ਅਜੰਤਾ ਅਨੂਪਮ ਅਤੇ ਅਤਿ ਸੁੰਦਰ ਹੈ।"

ਜਦ ਉਸ ਨੇ ਕੋਚੀਨ ਵਿਚ ਮੱਤਨਚੇਰੀ ਪ੍ਰਸਾਦ ਦੇ ਕੰਧ-ਚਿਤਰ ਵੇਖੇ ਤਾਂ ਉਹ ਬਹੁਤ ਪ੍ਰਭਾਵਿਤ ਹੋਈ। ਉਹ ਲਿਖਦੀ ਹੈ – "ਮੈਂ ਸ਼ਾਇਦ ਹੀ ਇਹੋ ਜਿਹੇ ਸਿਧ ਹਸਤ ਚਿਤਰ ਕਿਧਰੇ ਹੋਰ ਵੇਖੇ ਹੋਣ। ਇਹ ਤਾਂ ਅਜੰਤਾ ਤੋਂ ਵੀ ਵਧ ਕੇ ਹਨ।"

ਪੂਰੇ ਅਨੁਭਵ ਨੇ ਉਸ ਦੇ ਮਨ-ਸਰੀਰ ਨੂੰ ਕਿਵੇਂ ਪ੍ਰਭਾਵਿਤ ਕੀਤਾ, ਇਹਦੇ ਬਾਬਤ ਮੁਲਕ ਰਾਜ ਆਨੰਦ ਨੂੰ ਦਸਦੀ ਹੈ, "ਮੈਂ ਵਿਸ਼ਵਾਸ ਕਰਨ ਲੱਗੀ ਹਾਂ ਕਿ ਰੰਗਾਂ ਦੀ ਊਰਜਾ ਨੂੰ ਬੁਰਸ਼-ਛੋਹਾਂ ਨਾਲ ਜਦ ਵਰਤਿਆ ਜਾਂਦਾ ਹੈ ਤਾਂ ਉਹ ਸਰੀਰ ਦੀਆਂ ਕੁਝ ਖਾਸ ਥਾਵਾਂ 'ਤੇ ਚਿਣਗਾਂ ਬਾਲ ਸਕਦੀ ਹੈ। ਜਿਨ੍ਹਾਂ ਤੱਤਾਂ ਨੂੰ ਕੰਧ-ਚਿਤਰਾਂ ਵਿਚ ਲੱਭਿਆ/ਲੱਭ ਲਿਆ ਜਾਂਦਾ ਹੈ ਉਹ ਤੁਹਾਡੇ ਸਰੀਰ ਵਿਚ ਹੋ ਸਕਦੇ ਹਨ।... ਉਹ ਅਨੁਭਵ ਜਿਹੜਾ ਬਾਹਰੋਂ ਅੰਦਰ ਜਾਂਦਾ ਹੈ ਮੁੜ ਉਹੀ ਅੰਦਰੋਂ ਬਾਹਰ ਵਲ ਕੈਨਵਸ ਉੱਪਰ ਆ ਠਹਿਰਦਾ ਹੈ।"

ਦੱਖਣ ਤੋਂ ਵਾਪਸ ਆਉਂਦੀ ਹੋਈ ਅੰਮ੍ਰਿਤਾ ਦਿੱਲੀ ਠਹਿਰੀ ਅਤੇ ਇਥੇ ਆਪਣੇ ਕੰਮ ਦੀ ਨੁਮਾਇਸ਼ ਲਗਾਈ। ਨੁਮਾਇਸ਼ ਦੌਰਾਨ ਹੀ ਉਹਦੀ ਪਹਿਲੀ ਮੁਲਾਕਾਤ ਜਵਾਹਰ ਲਾਲ ਨਹਿਰੂ ਨਾਲ ਹੁੰਦੀ ਹੈ। ਦੋਵੇਂ ਇਕ-ਦੂਜੇ ਵੱਲ ਖਿੱਚੇ ਜਾਂਦੇ ਹਨ। ਇਸ ਮੁਲਾਕਾਤ ਬਾਰੇ ਉਹ ਵਿਸਤਾਰ ਨਾਲ ਲਿਖਦੀ ਹੈ – "ਦਿੱਲੀ ਵਿਚ ਮੈਂ ਜਵਾਹਰ ਲਾਲ ਨਹਿਰੂ ਨੂੰ ਮਿਲੀ। ਮੇਰੀ ਇੱਛਾ ਰਹੀ ਹੈ ਕਿ ਮੈਂ ਉਹਨੂੰ ਮਿਲਾਂ। ਮੈਨੂੰ ਲੱਗਦਾ ਹੈ ਕਿ ਉਹਨਾਂ ਨੇ ਮੈਨੂੰ ਓਨਾ ਹੀ ਪਸੰਦ ਕੀਤਾ ਹੈ ਜਿੰਨਾ ਮੈਂ ਉਹਨਾਂ ਨੂੰ। ਉਹ ਮੇਰੇ ਕੰਮ ਦੀ ਨੁਮਾਇਸ਼ ਵੇਖਣ ਆਏ, ਜਿਥੇ ਉਹਨਾਂ ਨਾਲ ਇਕ ਲੰਮੀ ਗੱਲਬਾਤ ਹੋਈ...।"

ਇਹਦੇ ਬਾਰੇ ਨਹਿਰੂ ਨੇ ਲਿਖਿਆ ਸੀ – "ਮੈਂ ਤੇਰੇ ਕੰਮ ਨੂੰ ਧਿਆਨ ਨਾਲ ਵੇਖਿਆ ਹੈ ਅਤੇ ਪਸੰਦ ਕੀਤਾ ਹੈ। ਕਿਉਂਕਿ ਇਹਦੇ ਵਿਚ ਸ਼ਕਤੀ ਅਤੇ ਦ੍ਰਿਸ਼ਟੀ ਇਕੋ ਥਾਂ ਹੈ। ਤੇਰੇ ਵਿਚ ਦੋਵੇਂ ਗੁਣ ਹਨ। ਇਹ ਸਾਰੇ ਚਿਤਰ ਅਤੀਤ ਨਾਲ ਬੱਝੇ ਹੋਏ ਉਹਨਾਂ ਨਿਰਜੀਵ ਚਿਹਰਿਆਂ ਤੋਂ ਕਿੰਨੇ ਵੱਖਰੇ ਹਨ, ਜਿਨ੍ਹਾਂ ਨੂੰ ਅਸੀਂ ਅਕਸਰ ਆਪਣੇ ਦੇਸ਼ ਵਿਚ ਵੇਖਦੇ ਹਾਂ।"

ਦੱਖਣ ਦੌਰੇ ਦੌਰਾਨ ਹੋਏ ਆਪਣੇ ਅਨੁਭਵ ਨੂੰ ਉਹ ਕੈਨਵਸ ਤੱਕ ਲੈ ਜਾਣ ਲਈ ਕੁਝ ਸਮਾਂ ਏਕਾਂਤ ਵਿਚ ਗੁਜ਼ਾਰਦੀ ਹੈ। ਇਸ ਵੇਲੇ ਦੀ ਕਲਾ ਨੂੰ ਕਈ ਵਿਸ਼ੇਸ਼ੱਗ ਉਹਦੀ ਸਰਬੋਤਮ ਕਲਾ ਮੰਨਦੇ ਹਨ। ਦੱਖਣ ਦੇ ਮੰਦਰ, ਬੁੱਤ, ਕਥਕ ਕਲੀ ਦੇ ਨੱਚਾਰਾਂ ਆਦਿ ਨੇ ਉਸ ਨੂੰ ਇਕ ਵੱਖਰੀ ਦ੍ਰਿਸ਼ਟੀ ਦਿੱਤੀ। ਓਥੋਂ ਦੇ ਲੋਕਾਂ ਦੇ ਨੰਗੇ ਜਾਂ ਅੱਧਨੰਗੇ ਭੂਰੇ-ਕਾਲੇ ਪਿੰਡੇ ਜਿਹੜੇ ਚਿੱਟੇ ਕਪੜਿਆਂ ਵਿਚ ਥੋੜ੍ਹੇ-ਬਹੁਤੇ ਕੱਜੇ ਹੁੰਦੇ ਸਨ, ਅੰਮ੍ਰਿਤਾ ਲਈ ਇਕ

ਵਿਲੱਖਣ ਅਨੁਭਵ ਸੀ। ਇਹਨਾਂ ਸਭ ਦੇ ਪਿਛੋਕੜ ਵਿਚ ਹਰਿਆ-ਭਰਿਆ ਵਾਤਾਵਰਨ ਇਹਨਾਂ ਪਾਤਰਾਂ ਨੂੰ ਉਛਾਲ ਦੇਂਦਾ ਸੀ। ਇਸ ਅਨੁਭਵ ਨੂੰ ਆਧਾਰ ਬਣਾ ਕੇ ਅੰਮ੍ਰਿਤਾ ਸ਼ੈਰਗਿੱਲ ਨੇ ਚਿਤਰ ਬਣਾਏ ਜਿਹੜੇ 'ਤ੍ਰੈਲੜੀ' ਨਾਂ ਨਾਲ ਜਾਣੇ ਜਾਂਦੇ ਹਨ:

1. ਬਰਾਈਡਜ਼ ਟਾਇਲੱਟ (1937)
2. ਬ੍ਰਹਮਚਾਰੀ (1937)
3. ਵਿਲੇਜਰਜ਼ ਗੋਇੰਗ ਟੂ ਮਾਰਕਿਟ (1937)



**(ਬਰਾਈਡਜ਼ ਟਾਇਲੱਟ-1937)**

ਇਹ ਚਿਤਰ ਦੱਖਣੀ ਭਾਰਤੀ ਸ਼ੈਲੀ ਦੇ ਨਾਂ ਨਾਲ ਜਾਣੇ ਜਾਂਦੇ ਹਨ। ਕੁਝ ਇਹ ਮੰਨਦੇ ਹਨ ਕਿ ਇਸ ਪ੍ਰਗਟਾਵੇ ਦੇ ਨਾਲ (ਬਾਅਦ) ਹੀ ਅੰਮ੍ਰਿਤਾ-ਕਲਾ ਦੇ ਇਕ ਯੁੱਗ ਦਾ ਅੰਤ ਹੋ ਜਾਂਦਾ ਹੈ।

ਦੱਖਣੋਂ ਆ ਕੇ ਸ਼ਿਮਲੇ ਰਹਿੰਦਿਆਂ ਹੋਇਆਂ ਅੰਮ੍ਰਿਤਾ ਨੇ ਪਹਿਲੀ ਪੇਂਟਿੰਗ 'ਬਰਾਈਡਜ਼ ਟਇਲੱਟ' ਬਣਾਈ। ਵਿਆਹੀ ਜਾਣ ਵਾਲੀ ਕੁੜੀ ਨੂੰ ਸ਼ਿੰਗਾਰਿਆ ਜਾ ਰਿਹਾ ਹੈ। ਇਸ ਕੁੜੀ ਦਾ ਰੰਗ ਹੋਰਾਂ ਨਾਲੋਂ ਵੱਖਰਾ ਅਤੇ ਗੋਰਾ ਹੈ ਜਦ ਕਿ ਸ਼ਿੰਗਾਰ ਕਰਨ ਵਾਲੀਆਂ ਦੋਵੇਂ ਕੁੜੀਆਂ ਪੱਕੇ ਰੰਗ ਨਾਲ ਰੰਗੀਆਂ ਹਨ। ਇਹ ਰੰਗ-ਭੇਦ ਅਸਲ ਵਿਚ ਵਰਗ ਭੇਦ ਦਾ ਸੰਕੇਤ ਹੈ। ਵਿਆਹੰਦੜ ਕੁੜੀ ਅਤੇ ਹੋਰਾਂ ਦੇ ਨੈਣ-ਨਕਸ਼ ਲਈ ਬਰੀਕ ਲਕੀਰੀ ਛੋਹਾਂ ਦਾ ਆਸਰਾ ਲਿਆ ਹੈ। ਅੱਖਾਂ ਦੀ ਬਨਾਵਟ 'ਚ ਆਈ ਤਬਦੀਲੀ ਕਲਾਕਾਰ ਦੇ ਕੰਮ ਵਿਚ ਆਈ ਤਬਦੀਲੀ ਦਾ ਸੰਕੇਤ ਹੈ। ਚਿਤਰ-ਸੰਯੋਜਨ ਵਿਚ ਅਮਰੂਦੀ, ਹਲਕਾ ਗੁਲਾਬੀ, ਸਫ਼ੈਦ, ਭੂਰੇ ਰੰਗ ਦੀਆਂ ਟੋਨਜ਼ ਦੀ ਵਰਤੋਂ ਕੀਤੀ ਹੈ ਜਦ ਕਿ ਸਮੁੱਚਾ ਪਿਛੋਕੜ ਪੀਲੀ ਭਾ ਮਾਰਦੇ ਹਰੇ ਰੰਗ ਵਾਲਾ ਹੈ। ਫਰਸ਼/ਜ਼ਮੀਨ ਅਤੇ ਪਿੱਛੇ ਕੰਧ ਹੈ ਜਾਂ ਸਿਰਫ਼ ਖਾਲੀਪਣ ਦਾ ਰੰਗ ਇਕੋ ਜਿਹਾ ਹੈ, ਖਾਸ ਫ਼ਰਕ ਨਹੀਂ ਜਾਂ ਹੈ ਈ ਨਹੀਂ। ਔਰਤਾਂ ਦੇ ਨਾਲ ਦੋ ਬੱਚੇ ਵੀ ਹਨ ਤਸਵੀਰ ਵਿਚ, ਜੋ ਜਗਿਆਸਾ ਅਤੇ ਹੈਰਾਨੀ ਨਾਲ ਹੋ ਰਿਹਾ ਕੰਮ ਦੇਖ ਰਹੇ ਹਨ। ਛੱਬ ਵਿਚ ਸਾਰਿਆਂ ਦੇ ਅੰਗ ਗੋਲਾਈਦਾਰ ਹੋਣ ਕਰਕੇ ਲੈਆਤਮਕ ਲੱਗਦੇ ਹਨ।

ਅੰਮ੍ਰਿਤਾ ਦੇ ਅਗਲੇ ਚਿਤਰ ਵਿਚ ਸਭ ਮਰਦ ਹੀ ਹਨ ਜਿਸ ਨੂੰ 'ਬ੍ਰਹਮਚਾਰੀ' ਦਾ ਨਾਂ ਦਿੱਤਾ ਹੈ। ਵਿਚ ਵਿਚਾਲੇ ਤਪੀ (ascetic) ਬੈਠਾ ਹੈ ਜਿਸ ਦੇ ਦੋਹੀਂ ਪਾਸੀਂ ਵੱਖੋ-ਵੱਖਰੀ ਉਮਰ ਦੇ ਦੋ-ਦੋ ਸ਼ਿਸ਼ ਬੈਠੇ ਹਨ। ਵੱਡੇ ਆਕਾਰ ਦੇ ਇਸ ਕੰਮ ਵਿਚ ਖੜੇ ਰੁਖ 'ਡੋਮੀਨੇਟ' ਕਰਦੇ ਹਨ। ਤੇੜ ਸਫ਼ੈਦ ਧੋਤੀਆਂ ਅਤੇ ਗਲਿਆਂ ਦੁਆਲੇ ਜਨੇਊ ਹਰੀ-ਭੂਰੀ ਅਗਰਭੂਮੀ ਅਤੇ ਲਾਲ ਪਿੱਠ-ਭੂਮੀ ਦਰਮਿਆਨ ਇਕ ਸੰਗਤ ਨੂੰ ਰੂਪਮਾਨ ਕਰਦੇ ਹਨ। ਇਥੇ ਵੀ ਵਖਰੇਵੇਂ ਲਈ ਦੇਹ ਦੇ ਰੰਗ-ਭੇਦ ਦਾ ਆਸਰਾ ਲਿਆ ਗਿਆ ਹੈ। ਤਪੀ ਦਾ ਚਿਹਰਾ ਜੋ ਕਹਿ ਰਿਹਾ ਹੈ ਦੂਜੇ ਚਿਹਰੇ ਉਸ ਪ੍ਰਤੀ ਪ੍ਰਤੀਕਰਮ ਜ਼ਾਹਿਰ ਨਹੀਂ ਕਰ ਰਹੇ ਬਲਕਿ ਸੋਚ ਰਹੇ ਹਨ। ਸਾਤਵਿਕ ਰੰਗ (ਸਫ਼ੈਦ) ਅਤੇ ਪਿੱਠ 'ਤੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਫੈਲੇ ਲਾਲ ਰੰਗ ਦਾ ਸੰਵਾਦ ਅਤੇ ਸੰਤੁਲਨ ਵੀ ਦਰਸ਼ਨੀ ਹੈ।

ਇਸ ਲੜੀ ਦੀ ਤੀਜੀ ਪੇਂਟਿੰਗ 'ਵਿਲੇਜਰਸ ਗੋਇੰਗ ਟੂ ਮਾਰਕਿਟ' ਵੱਖਰੇ ਸੁਭਾਅ ਵਾਲੀ ਹੈ। ਲੰਬੇ ਰੁਖ ਬਣੇ ਕੰਮ ਵਿਚ ਬੱਚਿਆਂ-ਔਰਤਾਂ ਦੇ ਸਮੂਹ 'ਚ ਭੂਰੇ-ਸਿਆਹ ਨਾਲ ਦੂਜੇ ਰੰਗ ਵੀ ਦਿਸਦੇ ਹਨ। ਹਰੇਕ ਜੀਵ ਦੇ ਹੱਥਾਂ 'ਚ ਜਾਂ ਸਿਰ ਉੱਪਰ ਕੋਈ ਨਾ ਕੋਈ ਵਸਤੂ ਹੈ। ਸਮੂਹ ਤੁਰਦਾ ਹੋਣ ਦੇ ਬਾਵਜੂਦ ਠਹਿਰਿਆ ਲੱਗਦਾ ਹੈ ਕਿਉਂਕਿ ਹਿਲਜੁਲ ਵਾਲੀ ਹਰਕਤ ਉਭਰੀ ਹੋਈ ਨਹੀਂ ਲੱਗਦੀ। ਮਾਡਲ ਦੀ ਮਦਦ ਲੈ ਕੇ ਤਿਆਰ ਹੋਈ ਪੇਂਟਿੰਗ ਪਹਿਲੀਆਂ ਦੋ ਤੋਂ ਭਿੰਨ ਇਸ ਕਰਕੇ ਵੀ ਹੈ ਕਿ ਇਹ ਸਜਾਵਟੀ ਜ਼ਿਆਦਾ ਹੈ।



**(ਵਿਲੇਜ ਸੀਨ)**

ਕੰਮ ਦੀ ਇਸ ਤਿਕੜੀ ਪੂਰੀ ਹੋਣ ਵੇਲੇ ਅੰਮ੍ਰਿਤਾ ਖੰਡਾਲਵਾਲਾ ਨੂੰ ਅਪ੍ਰੈਲ 1938 ਨੂੰ ਲਿਖਦੀ ਹੈ, "ਮੈਂ ਨਹੀਂ ਜਾਣਦੀ ਇਹ ਪੜਾਅ ਗੁਜ਼ਰ ਜਾਣ ਵਾਲਾ ਹੈ ਜਾਂ ਟਿਕਿਆ ਰਹਿਣ ਵਾਲਾ। ਮੈਂ ਇਸ ਨੂੰ ਪਹਿਲਾਂ ਨਾਲੋਂ ਜ਼ਿਆਦਾ ਵਿੱਥ ਤੋਂ ਦੇਖਦੀ ਹਾਂ। ਇਹਨਾਂ 'ਚ ਮਾਨਵੀ ਪੱਖ ਦਾ ਦਖਲ ਘਟ ਹੈ ਅਤੇ ਰੋਮਾਂਟਿਕ ਵੀ ਘਟ ਹੈ। ਏਸ ਵੇਲੇ ਮੈਨੂੰ ਰਾਜਪੂਤ ਚਿਤਰਾਂ ਦੀ ਬਜਾਏ ਮੁਗਲ-ਸ਼ੈਲੀ ਚੰਗੀ ਲੱਗਦੀ ਹੈ।"

ਨਵੰਬਰ 1937 ਨੂੰ ਅੰਮ੍ਰਿਤਾ ਸ਼ੇਰਗਿੱਲ ਪਹਿਲੀ ਵਾਰ ਲਾਹੌਰ ਵਲ ਮੂੰਹ ਕਰਦੀ ਹੈ। 21 ਨਵੰਬਰ 1937 ਨੂੰ ਫਲੈਟੀਜ਼ ਹੋਟਲ ਦੇ ਬਾਲਰੂਮ ਵਿਚ ਉਸ ਦੀਆਂ ਤੀਹ ਕਲਾ-ਕਿਰਤਾਂ ਦੀ ਨੁਮਾਇਸ਼ ਲਾਈ ਜਾਂਦੀ ਹੈ। ਜ਼ਿਆਦਾ ਕਲਾ ਕਿਰਤਾਂ ਦੱਖਣੀ ਸ਼ੈਲੀ ਵਿਚ ਹਨ ਅਤੇ ਵੱਡ ਆਕਾਰੀ। ਇਸ ਪ੍ਰਦਰਸ਼ਨੀ ਨੂੰ ਦੇਖਣ ਉਪਰੰਤ ਪ੍ਰਸਿੱਧ ਕਲਾ ਸਮੀਖਿਆਕਾਰ ਚਾਰਲਸ ਫਾਬਰੀ, ਜਿਹੜਾ ਅੰਮ੍ਰਿਤਾ ਨੂੰ ਛੇ ਵਰ੍ਹਿਆਂ ਦੀ ਉਮਰ ਤੋਂ ਜਾਣਦਾ ਹੈ, ਕਹਿੰਦਾ ਕਿ ਇਹ ਨੁਮਾਇਸ਼ ਇਕ ਰਹੱਸ ਨੂੰ ਪ੍ਰਗਟ ਕਰਦੀ ਲੱਗਦੀ ਹੈ। ਇਹ ਦਿਨ ਅੰਮ੍ਰਿਤਾ ਲਈ ਅਭੁੱਲ ਦਿਨ ਬਣ ਜਾਂਦਾ ਹੈ।

ਅੰਮ੍ਰਿਤਾ ਸ਼ੇਰਗਿੱਲ ਦਾ ਵਿਆਹ 18 ਜੁਲਾਈ 1938 ਨੂੰ ਆਪਣੀ ਮਾਸੀ ਦੇ ਲੜਕੇ ਡਾ: ਵਿਕਟਰ ਈਗਾਨ ਨਾਲ ਹੁੰਦਾ ਹੈ। ਇਹ ਵਿਆਹ ਕਾਫੀ ਵਿਰੋਧ ਦੇ ਬਾਵਜੂਦ ਸਿਰੇ ਚੜ੍ਹਦਾ ਹੈ ਅਤੇ ਅੰਮ੍ਰਿਤਾ ਦੀ ਜ਼ਿੱਦ ਪੁੱਗਦੀ ਹੈ। ਉਹ ਖੁਦ ਸਵੀਕਾਰਦੀ ਹੈ ਕਿ ਇਸ ਤੋਂ ਚੰਗੀ ਚੋਣ ਕੋਈ ਹੋਰ ਨਹੀਂ ਸੀ ਹੋਣੀ। ਇਕ ਵਾਰ ਏਗਾਨ ਉਸ ਤੋਂ ਪੁੱਛਦਾ ਹੈ – "ਤੂੰ ਕਈ ਤਰ੍ਹਾਂ ਦੇ ਲੋਕਾਂ ਨੂੰ ਮਿਲਦੀ ਏਂ, ਉਹਨਾਂ ਨੂੰ ਅੰਦਰੋ-ਬਾਹਰੋਂ ਜਾਣਦੀ ਏਂ, ਤਾਂ ਵੀ ਤੂੰ ਮੇਰੇ ਨਾਲ ਹੀ ਵਿਆਹ ਕਿਉਂ ਕਰਨਾ ਚਾਹੁੰਦੀ ਏਂ।"

ਇਸ ਦੇ ਜਵਾਬ ਵਿਚ ਅੰਮ੍ਰਿਤਾ ਖਤ ਵਿਚ ਲਿਖਦੀ ਹੈ – "ਮੈਂ ਤੇਰੇ ਇਲਾਵਾ ਹੋਰ ਕਿਸੇ ਨਾਲ ਰਹਿਣ ਦੀ ਕਲਪਨਾ ਵੀ ਨਹੀਂ ਕਰ ਸਕਦੀ। ਕਿਉਂਕਿ ਅਸੀਂ ਇਕ ਦੂਜੇ ਨਾਲ ਕੁਝ ਅਜਿਹੇ 'ਫਿਟ' ਹੋ ਗਏ ਹਾਂ ਜਿਹਦੇ ਬਾਰੇ ਸੋਚ ਕੇ ਮੈਨੂੰ ਖੁਦ ਹੈਰਾਨੀ ਹੁੰਦੀ ਹੈ।"

ਏਗਾਨ ਵਿਆਹ ਪਿਛੋਂ ਅੰਮ੍ਰਿਤਾ ਨਾਲ ਰਹਿਣ ਲਈ ਸ਼ਿਮਲੇ ਆ ਜਾਂਦਾ ਹੈ ਅਤੇ ਡਾਕਟਰੀ ਦੀ ਪ੍ਰੈਕਟਿਸ ਸ਼ੁਰੂ ਕਰਦਾ ਹੈ, ਪਰ ਇਹ ਜ਼ਿਆਦਾ ਚਲਦੀ ਨਹੀਂ। ਹਾਰ ਕੇ ਉਹ ਸਰਾਇਆ ਜਾਣ ਦਾ ਫੈਸਲਾ ਕਰਦੇ ਹਨ। ਉਥੇ ਅੰਮ੍ਰਿਤਾ ਦੇ ਚਾਚਾ ਸਰ ਸੁੰਦਰ ਸਿੰਘ ਮਜੀਠੀਆ ਦਾ ਖੰਡ ਬਣਾਉਣ ਦਾ ਕਾਰਖਾਨਾ ਸੀ। ਡਾ: ਈਗਾਨ ਨੂੰ ਇਥੇ ਇਕ ਮੈਡੀਕਲ ਅਧਿਕਾਰੀ ਵਜੋਂ ਰੱਖ ਲਿਆ ਜਾਂਦਾ ਹੈ। ਉਹਦੀ ਪ੍ਰੈਕਟਿਸ ਵੀ ਤੁਰ ਪੈਂਦੀ ਹੈ। ਡਾ: ਈਗਾਨ ਨੇ ਅੰਮ੍ਰਿਤਾ ਦੇ ਅੰਤਿਮ ਸਾਹ ਤਕ ਉਸ ਦੀ ਜੀਵਨ-ਵਿਧੀ, ਦੂਜਿਆਂ ਨਾਲ ਸਰੀਰਕ ਸੰਬੰਧਾਂ, ਮੇਲ-ਜੋਲ ਬਾਰੇ, ਕਦੇ ਕਿੰਤੂ ਨਾ ਕੀਤਾ। ਕਦੇ ਪੁੱਛਿਆ ਤੱਕ ਵੀ ਨਹੀਂ।

ਏਥੇ ਰਹਿੰਦਿਆ ਹੋਇਆਂ ਅੰਮ੍ਰਿਤਾ ਨੇ ਕਈ ਚਿਤਰ ਪੇਂਟ ਕੀਤੇ ਜਿਵੇਂ ਪ੍ਰਾਚੀਨ ਕਥਾ ਵਾਚਕ (1940), ਪੀਂਘ (1940), ਦੁਲਹਨ, ਊਠ ਆਦਿ। ਇਨ੍ਹਾਂ ਕਿਰਤਾਂ ਵਿਚ ਉਹ ਜੋਸ਼ ਅਤੇ ਰੰਗਾਂ ਦੀ ਵਰਤੋਂ ਵੇਖਣ ਨੂੰ ਨਹੀਂ ਮਿਲਦਾ ਜੋ ਪਹਿਲਾਂ ਮੌਜੂਦ ਸੀ।

ਇਨ੍ਹਾਂ ਚਿਤਰਾਂ ਵਿਚੋਂ 'ਪ੍ਰਾਚੀਨ ਕਥਾ ਵਾਚਕ' ਪੇਂਟਿੰਗ ਬਾਰੇ ਗੱਲ ਕੀਤੀ ਜਾ ਸਕਦੀ ਹੈ। ਮੂਲ ਦ੍ਰਿਸ਼ ਘਰ ਦੀ ਚਾਰ ਦੀਵਾਰੀ ਦੇ ਅੰਦਰ ਦਾ ਹੈ। ਇਮਾਰਤ ਦੇ ਇਕ ਕੋਨੇ 'ਚ ਸਿਖਰ ਗੁੰਬਦ ਬਣਿਆ ਹੋਇਆ ਹੈ ਜਿਹੜਾ ਘਰ ਦੇ ਅਮੀਰ ਹੋਣ ਦੀ ਖਬਰ ਦੇਂਦਾ ਹੈ। ਖੱਬੇ ਪਾਸੇ ਤੋਂ ਤੁਰ ਕੇ ਸੱਜੇ ਪਾਸੇ ਵਲ ਖਤਮ ਹੁੰਦੀ ਸਫੈਦ ਉੱਚੀ ਚਾਰ ਦੀਵਾਰੀ ਦੇ ਵਿਚਾਲੇ ਬਣੇ ਦਰਵਾਜ਼ੇ ਇਸ 'ਮਨਾਟਨੀ' ਨੂੰ ਭੰਗ ਕਰਦੇ ਹਨ। ਥੱਲੇ ਬੈਠਾ ਇਕ ਸਿੱਖ ਬਜ਼ੁਰਗ ਤਿੰਨ ਬੱਚਿਆਂ ਨੂੰ ਕਹਾਣੀ ਸੁਣਾਉਣ ਵਿਚ ਮਗਨ ਹੈ। ਸਰੋਤਾ ਬਣੇ ਬੈਠੇ ਬੱਚੇ ਧਿਆਨ ਨਾਲ ਕਹੀ ਗੱਲ ਸੁਣ ਰਹੇ ਹਨ। ਬਜ਼ੁਰਗ ਨੂੰ ਪਿੱਠ ਕਰੀ ਬੈਠੀ ਇਕ ਔਰਤ ਲੱਸੀ ਰਿੜਕ ਰਹੀ ਹੈ। ਕੰਧ ਤੋਂ ਪਾਰ ਬਾਹਰਵਲ ਰੁੱਖਾਂ ਦਾ ਝੁਰਮੁਟ ਹੈ। ਇਕ ਦਰ ਦੇ ਕੋਲ ਦੋ ਔਰਤਾਂ ਗੱਲਾਂ ਕਰਦੀਆਂ ਜਾਪਦੀਆ ਹਨ। ਸਾਰਾ ਕੁਝ ਗਹਰੇ ਭੂਰੇ ਰੰਗ 'ਚ ਲਿਪਟਿਆ ਲੱਗਦਾ ਹੈ ਜਿਸ ਵਿਚੋਂ ਸਫੈਦ, ਲਾਲ, ਹਰਾ ਉਭਰ ਕੇ ਚਿਤਰ ਨੂੰ ਦੇਖਣ ਯੋਗ ਕਰਦਾ ਹੈ। ਕਿਸੇ ਵੀ ਕਿਰਦਾਰ ਦੇ ਨੈਣ-ਨਕਸ਼ ਸਾਫ ਨਿਤਰੇ ਹੋਏ ਨਹੀਂ। ਸਭ ਕੁਝ ਸੰਕੇਤਕ ਹੈ।

ਸਰਾਇਆ ਸ਼ੂਗਰ ਮਿਲ 'ਚ ਵੱਡੀ ਗਿਣਤੀ ਵਿਚ ਕਾਮੇ ਕੰਮ ਕਰਦੇ ਸਨ। ਇਹਨਾਂ ਵਿਚੋਂ ਕੋਈ ਵੀ ਅੰਮ੍ਰਿਤਾ ਦੀ ਪੇਂਟਿੰਗ ਵਿਚ ਦਾਖਲ ਨਹੀਂ ਹੁੰਦਾ। ਉਥੇ ਦੋ ਤਰ੍ਹਾਂ ਦੀਆਂ ਜੀਵਨ ਵਿਧੀਆਂ ਸਨ। ਇਕ ਕਾਰਖਾਨੇ ਦੀ ਚਾਰਦੀਵਾਰੀ ਦੇ ਅੰਦਰ ਸੀ ਅਤੇ ਦੂਜੀ ਉਸ ਦੇ ਬਾਹਰ। ਇਹ ਕਿਹਾ ਜਾਂਦਾ ਹੈ ਕਿ ਕਲਾਕਾਰ ਅੰਮ੍ਰਿਤਾ ਨੂੰ ਗਰੀਬ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਸੀ। ਦਿਨ ਨੂੰ ਉਹ 'ਭੈੜਾ ਵੀ ਸੁੰਦਰ ਹੋ ਸਕਦਾ ਹੈ' ਨੂੰ ਪੇਂਟ ਕਰਦੀ ਅਤੇ ਸ਼ਾਮ ਨੂੰ ਸਜ-ਸੰਵਰ ਕੇ ਪਾਰਟੀਆਂ ਦੀ ਖਿੱਚ ਦਾ ਬਿੰਦੂ ਬਣ ਜਾਂਦੀ।

ਇਸ ਦੇ ਬਾਵਜੂਦ ਉਸ ਦੇ ਕੰਮ ਦੇ ਪਾਤਰਾਂ ਵਿਚੋਂ ਉਦਾਸੀ, ਭੈ ਮਿਸ਼੍ਰਿਤ ਭਵਿੱਖ, ਆਤਮ ਚਿੰਤਨ, ਅੰਤਰ ਮੁਖੀ ਹੋਣ ਦੀ ਝਲਕ ਮਿਲਦੀ ਹੈ। ਸਭ ਤੋਂ ਮਹੱਤਵਪੂਰਨ ਕਿਰਤ 'ਤਿੰਨ ਕੁੜੀਆਂ' ਹੈ। ਅੱਗੜ-ਪਿਛੜ ਬੈਠੀਆਂ ਇਹ ਕੁੜੀਆ ਆਪੋ ਆਪਣੇ ਕਾਰਨਾਂ ਕਰਕੇ ਉਦਾਸ ਹਨ। ਉਹਨਾਂ ਦੀਆ ਨਜ਼ਰਾਂ ਝੁਕੀਆਂ ਹੋਈਆਂ ਹਨ। ਲੱਗਦਾ ਹੈ ਜਿਵੇਂ ਉਹ ਬਾਹਰ ਵਲ ਨਹੀਂ ਬਲਕਿ ਅੰਦਰ ਵਲ ਨੂੰ ਝਾਕ ਰਹੀਆਂ ਹਨ। ਇਹ ਵੀ ਕਹਿ ਸਕਦੇ ਹਾਂ ਕਿ ਜਿਸਮ ਪੱਖੋਂ ਭਾਵੇਂ ਉਹ ਭਿੰਨ ਇਕਾਈਆਂ ਹਨ, ਪਰ ਉਹਨਾਂ ਦੀ ਉਦਾਸੀ ਦਾ ਕਾਰਨ ਇਕ ਹੈ।

ਅੰਮ੍ਰਿਤਾ ਦੇ ਹੋਰ ਕੰਮ ਵਿਚ ਵੀ ਇਸੇ ਤਥ ਨੂੰ ਥਾਂ ਮਿਲੀ ਜਿੱਥੇ ਕਿਤੇ ਵੀ ਚਿਹਰਿਆਂ ਨੂੰ ਬਾਰੀਕੀ ਨਾਲ ਬਣਾਇਆ ਗਿਆ ਹੈ। ਇਹ ਉਸ ਦੇ ਕੰਮ ਦੀ ਪਛਾਣ ਅਤੇ ਪਹਿਲ ਕਦਮੀ ਕਹੀ ਜਾ ਸਕਦੀ ਹੈ ਕਿ ਉਹ ਸਿੱਧਾ ਵਿਸ਼ੇ 'ਤੇ ਖੁਦ ਨੂੰ 'ਫੋਕਸ' ਕਰਦੀ ਹੈ। ਫਾਲਤੂ ਦਾ ਦਖਲ ਬੇਰਹਿਮੀ ਨਾਲ ਛਾਂਗ ਦਿੱਤਾ ਜਾਂਦਾ ਹੈ ਤਾਂ ਕਿ ਦੇਖਣ ਵਾਲੇ ਦੀ ਦ੍ਰਿਸ਼ਟੀ ਭਟਕੇ ਨਾ। ਇਥੇ ਤਿੰਨ ਕੁੜੀਆਂ ਦੀ ਜਿਸ ਤਰ੍ਹਾਂ ਅਕਾਸੀ ਕੀਤੀ ਗਈ ਹੈ ਉਥੇ ਕਿਸੇ ਹੋਰ ਵੇਰਵੇ ਲਈ ਥਾਂ ਨਹੀਂ ਬਚਦੀ।

ਉਸ ਨੇ ਕੁਦਰਤ ਦੇ ਨਜ਼ਾਰਿਆਂ ਨੂੰ ਵੀ ਪੇਂਟ ਕੀਤਾ ਹੈ। ਇਹ ਥਾਵਾਂ ਹੰਗਰੀ ਅਤੇ ਸ਼ਿਮਲੇ ਨਾਲ ਜੁੜੀਆਂ ਹਨ। ਉਸ ਦੀ ਇਕ ਪੇਂਟਿੰਗ 'ਸਨੋ ਸਕੇਪ' (1939, ਹੰਗਰੀ) ਹੈ ਜਿੱਥੇ ਸਭ ਕੁਝ ਬਰਫ਼ ਨਾਲ ਕੱਜਿਆ ਹੋਇਆ ਹੈ। ਦੂਰ ਘਰਾਂ ਦੀਆਂ ਢਾਲਵੀਆਂ ਛੱਤਾਂ ਵੀ ਇਹਦਾ ਅੱਪਵਾਦ ਨਹੀਂ। ਅੱਪਵਾਦ ਹੈ ਤਾਂ ਸਿੱਧੇ ਖੜੇ ਨਿਪੱਤਰੇ ਰੁੱਖ ਜਾਂ ਬਿਜਲੀ ਦੀਆਂ ਤਾਰਾਂ ਵਾਲੇ ਖੰਬੇ। ਇਕ ਰੁੱਖ ਦੀ ਟਹਿਣ 'ਤੇ ਬੈਠਾ ਕਾਂ, ਲੱਗਦਾ ਹੈ, ਇਸ ਉਦਾਸੀ/ਸੰਨਾਟੇ ਨੂੰ ਵੰਗਾਰ ਰਿਹਾ ਹੈ।

ਅੰਮ੍ਰਿਤਾ ਸ਼ੇਰਗਿੱਲ ਉਪਰ ਪ੍ਰਸਿੱਧ ਚਿਤਰਕਾਰ ਗੋਗਾਂ ਦੇ ਅਸਰ ਦੀ ਗੱਲ ਕਈ ਵਾਰ ਦੋਹਰਾ ਦਿੱਤੀ ਜਾਂਦੀ ਹੈ। ਇਹ ਪ੍ਰਭਾਵ ਵਿਚਾਰ ਅਤੇ ਰੂਪ ਪੱਖੋਂ ਸੀ। ਪੈਰਿਸ ਵਿਚ ਰਹਿੰਦਿਆਂ ਹੋਇਆਂ ਅੰਮ੍ਰਿਤਾ ਪ੍ਰਭਾਵਵਾਦ ਦੇ ਬਾਅਦ ਦੇ ਪ੍ਰਸਿੱਧ ਚਿਤਰਕਾਰ ਪੌਲ ਗੋਗਾਂ ਨੂੰ ਮਿਲੀ। ਗੋਗਾਂ ਦਾ ਜੀਵਨ ਰਹੱਸਪੂਰਨ ਕਿਹਾ ਜਾ ਸਕਦਾ ਹੈ। ਚਾਲ੍ਹੀ ਸਾਲ ਦੀ ਉਮਰ ਤੱਕ ਉਹ ਇਕ ਸਫ਼ਲ ਸਟੌਕ ਬਰੋਕਰ ਅਤੇ ਸੰਤੋਖਪੂਰਨ ਪਰਵਾਰਕ ਜੀਵਨ ਜੀਅ ਰਿਹਾ ਸੀ। ਪਰ ਇਕ ਦਿਨ ਸਭ ਕੁਝ ਦਾ ਤਿਆਗ ਕਰਕੇ ਪੂਰੀ ਤਰ੍ਹਾਂ ਪੇਂਟਿੰਗ ਨੂੰ ਸਮਰਪਿਤ ਹੋ ਗਿਆ। ਉਹ ਵੈੱਸਟ ਇੰਡੀਜ਼ ਦੇ ਤਾਹਿਤੀ ਦੀਪ ਦੇ ਆਦਿਵਾਸੀਆਂ ਨਾਲ ਜਾ ਰਹਿਣ ਲੱਗਾ। ਉਹ ਲੋਕ ਉਹਦੀ ਕਲਾ ਦਾ ਆਧਾਰ ਬਣੇ। ਉਥੋਂ ਦੀਆਂ ਸੁੰਦਰੀਆਂ ਦੀ ਨਗਨਤਾ, ਮਾਂਸਲਤਾ ਨੂੰ ਚਿਤਰ ਕੇ ਉਸ ਨੇ ਕਲਾ-ਜਗਤ ਵਿਚ ਖਲਬਲੀ ਪੈਦਾ ਕਰ ਦਿੱਤੀ ਅਤੇ ਪ੍ਰਤੀਕਵਾਦ ਦਾ ਪਰਵਰਤਕ ਬਣ ਗਿਆ।

ਜਿਵੇਂ ਗੋਗਾਂ ਸਭ ਕੁਝ ਛੱਡ ਕੇ ਤਾਹਿਤੀ ਜਾ ਵੱਸਿਆ ਸੀ, ਅੰਮ੍ਰਿਤਾ ਸ਼ੇਰਗਿੱਲ ਵੀ ਪੱਛਮੀ ਕਲਾ ਜਗਤ ਦਾ ਤਿਆਗ ਕਰ ਕੇ ਭਾਰਤ ਆ ਗਈ। ਗੋਗਾਂ ਤਾਂ ਵੈੱਸਟ ਇੰਡੀਜ਼ ਦੇ ਲੋਕਾਂ ਨਾਲ 'ਪਾਣੀ ਵਿਚ ਪਾਣੀ ਵਾਂਗ' ਮਿਲ ਗਿਆ। ਉਥੇ ਹੀ ਇਕ ਆਦਿਵਾਸੀ ਕੁੜੀ ਨਾਲ ਵਿਆਹ ਕਰ ਲਿਆ, ਕੁਸ਼ਟ ਰੋਗ ਦਾ ਸ਼ਿਕਾਰ ਹੋ ਗਿਆ, ਹੱਦ ਦੀ ਗਰੀਬੀ ਅਤੇ ਬੀਮਾਰੀ ਨੂੰ ਝਲਦਾ ਖਤਮ ਹੋ ਗਿਆ, ਪਰ ਉਸ ਨੇ ਕਲਾ ਸਾਧਨਾ ਦਾ ਤਿਆਗ ਨਾ ਕੀਤਾ। ਅੰਮ੍ਰਿਤਾ ਨੇ ਭਾਰਤ ਰਹਿ ਕੇ ਕੰਮ ਕਰਨ ਦਾ ਨਿਰਣਾ ਤਾਂ ਲੈ ਲਿਆ, ਪਰ ਰਹੀ ਉਹ ਪੂਰੀ ਸ਼ਾਨ ਅਤੇ ਸਜ-ਧਜ ਨਾਲ। ਉਹ ਆਪਣੇ 'ਸਬਜੈਕਟਸ' ਨਾਲ ਕਦੇ ਵੀ ਇਕਮਿਕ ਨਹੀਂ ਹੋਈ। ਦੋਹਾਂ ਵਿਚਾਲੇ ਇਕ ਵਿੱਥ ਸਦਾ ਕਾਇਮ ਰਹੀ।

ਅੰਮ੍ਰਿਤਾ ਨੇ ਸ਼ਿਮਲੇ ਦੇ ਗਰੀਬ ਲੋਕਾਂ ਦੀ ਗਰੀਬੀ, ਤੰਗੀ, ਉਦਾਸੀ ਨੂੰ ਗਹਿਰਾਈ ਨਾਲ ਪਕੜਿਆ। ਬਾਅਦ ਵਿਚ ਇਹ ਗਹਿਰਾਈ ਘਟ ਜਾਂਦੀ ਹੈ। ਕੁਝ ਦੀ ਰਾਏ ਇਹ ਬਣੀ ਕਿ ਅੰਮ੍ਰਿਤਾ ਭਾਰਤੀ ਲੋਕਾਂ ਵਿਚੋਂ ਸਿਰਫ਼ ਗਰੀਬੀ ਵੇਖਦੀ ਹੈ ਜਿਵੇਂ ਪੱਛਮੀ ਲੋਕ ਦੇਖਦੇ ਹਨ। ਅਮਿਤ ਕੁਮਾਰ ਹਲਧਰ ਤਾਂ ਅਕਸਰ ਇਹ ਕਹਿੰਦਾ ਸੀ ਕਿ ਜਿਸ ਤਰ੍ਹਾਂ ਅੰਗਰੇਜ਼ ਭਾਰਤੀਆ ਨੂੰ 'ਆਇਆ ਅਤੇ ਮਾਸ਼ਕੀਆਂ' ਦੇ ਰੂਪ ਵਿਚ ਹੀ ਵੇਖ ਸਕੇ ਹਨ, ਅੰਮ੍ਰਿਤਾ ਵੀ ਆਪਣੇ ਯੂਰੋਪੀ ਸੰਸਕਾਰਾਂ ਕਰਕੇ ਪਹਾੜੀ ਲੋਕਾਂ ਦੀਆਂ ਥੁੜ੍ਹਾਂ ਨੂੰ ਹੀ ਵੇਖ ਸਕੀ ਹੈ।

ਘੋਖਵੀਂ ਨਜ਼ਰ ਨਾਲ ਵੇਖਣ ਉਪਰੰਤ ਪਤਾ ਲੱਗਦਾ ਹੈ ਕਿ ਅੰਮ੍ਰਿਤਾ ਦਾ ਆਦਰਸ਼ ਭਾਵੇਂ ਗੋਗਾਂ ਹੈ, ਪਰ ਉਹ ਗੋਗਾਂ ਜਿਹਾ ਜੀਉ ਨਾ ਸਕੀ ਅਤੇ ਨਾ ਹੀ ਉਸ ਜਿਹਾ ਕੰਮ ਹੀ ਕਰ ਸਕੀ।

ਇਸ ਦੇ ਬਾਵਜੂਦ ਉਹ ਆਪਣੇ ਸਮਕਾਲੀਆਂ ਅਤੇ ਬਾਅਦ ਦੀ ਪੀੜ੍ਹੀ ਦੇ ਕਲਾਕਾਰਾਂ ਲਈ ਇਕ ਆਦਰਸ਼ ਬਣ ਗਈ। ਬਾਅਦ ਵਿਚ ਆਉਣ ਵਾਲੇ ਕਈ ਕਲਾਕਾਰਾਂ ਨੇ ਉਸ ਜਿਹਾ ਕੰਮ ਕੀਤਾ। ਕਈਆਂ ਨੇ ਉਸ ਦੇ ਕੰਮ ਦੀਆਂ ਇਕ ਦੋ ਵਿਸ਼ੇਸ਼ਤਾਵਾਂ ਨੂੰ ਚੁਣ ਆਪਣਾ ਸਾਰਾ ਜੀਵਨ ਗੁਜ਼ਾਰ ਦਿਤਾ। ਬੀ. ਪ੍ਰਭਾ ਦੇ ਕੰਮ ਉੱਪਰ ਇਹ ਗੱਲ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ।

ਅੰਮ੍ਰਿਤਾ ਦੇ ਕੰਮ ਦੀ ਇਕ ਹੋਰ ਵਿਸ਼ੇਸ਼ਤਾ ਰਹੀ ਹੈ। ਉਸ ਨੇ ਆਪਣੀਆਂ ਪੇਂਟਿੰਗਾਂ ਲਈ ਮਾਡਲਾਂ ਦਾ ਆਸਰਾ ਲਿਆ ਹੈ। ਮਾਡਲ ਨੂੰ ਸਾਹਮਣੇ ਬਿਠਾ ਕੇ/ਸਜਾ ਕੇ ਉਸ ਦੀ ਛੱਬ ਉਤਾਰਣੀ ਕੋਈ ਭੈੜੀ ਗੱਲ ਨਹੀਂ। ਪੱਛਮ ਵਿਚ ਇਸ ਦੀ ਰੀਤ ਤਾਂ ਸਦੀਆਂ ਪੁਰਾਣੀ ਹੈ। ਅੰਮ੍ਰਿਤਾ ਬਚਪਨ ਵਿਚ ਸਾਹਮਣੇ ਪਈਆਂ ਵਸਤਾਂ ਨੂੰ ਪੈਂਸਿਲ/ਜਲ-ਰੰਗਾਂ ਵਿਚ ਬਣਾਂਦੀ ਰਹੀ ਸੀ। ਵਿਧੀਵਤ ਕਲਾ ਸਿੱਖਿਆ ਵਿਚ ਸਾਹਮਣੇ ਵਾਲੇ ਮਾਡਲਾਂ ਨੂੰ ਵੇਖ ਕੇ ਉਹਨਾਂ ਨੂੰ ਕੈਨਵਸ ਉਤੇ ਹੂਬਹੂ ਉਤਾਰਨਾ ਇਕ ਜ਼ਰੂਰੀ ਵਿਸ਼ਾ ਹੁੰਦਾ ਹੈ।

ਅੰਮ੍ਰਿਤਾ ਸ਼ੇਰਗਿੱਲ ਦੇ ਕਈ ਅਜਿਹੇ ਫੋਟੋਗ੍ਰਾਫ਼ ਵੇਖਣ ਨੂੰ ਮਿਲੇ ਹਨ ਜਿੱਥੇ ਇਕ ਪਾਸੇ ਲੋਕ ਮਾਡਲ ਰੂਪ ਵਿਚ ਬੈਠੇ ਹੋਏ ਹਨ ਜਾਂ ਕਿਸੇ ਕਾਰਜ ਵਿਚ ਰੁਝੇ ਹੋਏ ਹਨ ਅਤੇ ਦੂਜੇ ਪਾਸੇ ਅੰਮ੍ਰਿਤਾ ਸਾਹਮਣੇ ਈਜ਼ਲ 'ਤੇ ਪਏ ਕੈਨਵਸ ਉੱਪਰ ਆਪਣੇ 'ਵਿਸ਼ੇ' ਨੂੰ ਪੇਂਟ ਕਰ ਰਹੀ ਹੈ। ਮਾਰਕੀਟ ਨੂੰ ਜਾਂਦੇ ਹੋਏ ਪੇਂਡੂ, ਤਿੰਨ ਕੁੜੀਆਂ, ਸੰਗੀਤਕਾਰ, ਹੰਗਰੀ ਦੀ ਮਾਰਕੀਟ, ਹਾਥੀ ਦੀ ਸਵਾਰੀ ਅਤੇ ਹੋਰ ਕਈ ਫੋਟੋਗ੍ਰਾਫਾਂ ਦੇ ਨਾਂ, ਇਸ ਸੰਦਰਭ ਵਿਚ ਗਿਣਾਏ ਜਾ ਸਕਦੇ ਹਨ।

ਉਸ ਦਾ ਸਮੁੱਚਾ ਕੰਮ ਇਕ ਸ਼ੈਲੀ ਵਿਚ ਬਣਿਆ ਹੋਇਆ ਨਹੀਂ। ਲੱਗਦਾ ਹੈ ਨਿੱਕੇ ਜਿਹੇ ਕਲਾ-ਸਫ਼ਰ ਦੌਰਾਨ ਉਹ ਆਪਣੀ ਸ਼ੈਲੀ ਹੀ ਤਲਾਸ਼ਦੀ ਰਹੀ। ਕਿਸੇ ਵੀ ਕਲਾ ਦੇ ਗਿਆਤਾ ਲਈ ਅਜਿਹੀ ਨਿਸ਼ਾਨਦੇਹੀ ਕਰਨੀ ਅਸੰਭਵ ਨਹੀਂ।

ਅੰਮ੍ਰਿਤਾ ਨੇ ਕਈ ਆਤਮ-ਚਿਤਰ ਬਣਾਏ ਹਨ। ਇਹ ਨਗਨ, ਅਰਧ ਨਗਨ ਹਨ। ਉਹ ਖੁਦ ਏਨੀ ਸੁਹਣੀ ਸੁਨੱਖੀ ਸੀ ਕਿ ਆਪਣੇ ਨੂੰ ਸ਼ੀਸ਼ੇ ਵਿੱਚ ਵੇਖਦੀ ਹੋਈ ਪੇਂਟਿੰਗ ਤਿਆਰ ਕਰ ਲੈਂਦੀ ਸੀ। ਕਲਾ ਦੇ ਜਾਣਕਾਰਾਂ ਨੇ ਇਹਦੇ ਭਿੰਨ ਭਿੰਨ ਅਰਥ ਕਿਆਸੇ ਹਨ। ਉਹ ਆਪਣੇ ਖਤਾਂ ਵਿਚ ਆਪਣੇ ਬਾਹਰਲੇ ਵਿਹਾਰ ਅਤੇ ਅੰਦਰਲੀ ਪੀੜ/ਉਦਾਸੀ ਦਾ ਜ਼ਿਕਰ ਕਰਦੀ ਹੈ। ਉਹ ਦੋਹਾਂ ਵਿਚਾਲੇ ਸੰਤੁਲਨ ਕਾਇਮ ਰੱਖਣਾ ਚਾਹੁੰਦੀ ਹੈ। ਜਦ ਏਦਾਂ ਨਹੀਂ ਹੁੰਦਾ ਉਹ ਖਿੱਝਦੀ ਹੈ। ਖਿੱਝ ਤੋਂ ਬਚਣ ਵਾਸਤੇ ਉਹ ਪੇਂਟਿੰਗ ਦਾ ਆਸਰਾ ਲੈਂਦੀ ਹੈ।

1939 ਵਿਚ ਬਣਾਇਆ ਇਕ ਆਤਮ-ਚਿਤਰ ਉਸ ਦੇ ਆਪਣੇ ਰਚਨਾ ਜਗਤ ਵਿਚ ਵਿਸ਼ੇਸ਼ ਥਾਂ ਰੱਖਦਾ ਹੈ। ਹਲਕਾ ਜਿਹਾ ਅੱਗੇ ਝੁਕਿਆ ਜਿਸਮ ਅਤੇ ਮੁਸਕਰਾਂਦਾ ਚਿਹਰਾ ਸਾਹਮਣਿਓਂ ਚਿਤਰਿਆ ਗਿਆ ਹੈ। ਉਸ ਦੇ ਬਾਕੀ ਦੇ ਕੰਮ ਵਿਚ ਖੁਸ਼ੀ ਖੇੜੇ ਦੀ ਸਦਾ ਤੋਟ ਰਹੀ ਹੈ। ਇਹ ਕਲਾ-ਕਿਰਤ ਉਹਦੇ ਸਾਰੇ ਕੰਮ 'ਤੇ ਹੋਇਆ ਇਕ ਪੁੱਠਾ ਹਸਤਾਖਰ ਪ੍ਰਤੀਤ ਹੁੰਦਾ ਹੈ। ਖੁਲ੍ਹੇ ਵਾਲ, ਹਲਕੇ ਜੇਵਰਾਂ ਨਾਲ ਸਜੇ ਪਿੰਡੇ ਨੂੰ ਹਲਕੀ ਗੂੜ੍ਹੀ ਨੀਲੀ ਪਿੱਠਭੂਮੀ ਪੂਰੇ ਜਿਸਮ ਨੂੰ ਉਛਾਲ ਦੇਂਦੀ ਹੈ। ਰੰਗਾਂ ਦੀ ਉੱਗੜ-ਦੁੱਗੜ ਵਰਤੋਂ ਉਹਦੇ ਸੁਭਾਅ (ਤੇਜ਼, ਤਿੱਖਾਪਣ, ਅਸਾਵਾਂਪਣ) ਦੇ ਅਨੁਕੂਲ ਹੈ। ਇਹ ਚਿਤਰ ਵੀ ਉਹਨੇ ਸ਼ੀਸ਼ੇ ਸਾਹਮਣੇ ਬੈਠ ਕੇ ਬਣਾਇਆ ਹੈ।

ਜੇ ਅੰਮ੍ਰਿਤਾ ਸ਼ੇਰਗਿੱਲ ਨੇ ਕਲਾ, ਸ਼ੈਲੀ, ਜੀਵਨ 'ਚ ਹਲਚਲ ਪੈਦਾ ਕੀਤੀ ਸੀ ਤਾਂ 5 ਦਸੰਬਰ 1941 ਨੂੰ ਹੋਈ ਉਸ ਦੀ ਅਚਾਨਕ ਮੌਤ ਨੇ ਸਭਨਾਂ ਨੂੰ ਹੈਰਾਨ ਕਰ ਦਿੱਤਾ। ਇਹ ਹਾਦਸਾ ਬਿਲਕੁਲ ਅਚਾਨਕ ਵਾਪਰਿਆ ਸੀ। ਉਹ ਆਪਣੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਹੀ ਲਾਹੌਰ, ਡਾ: ਏਗਾਨ ਨਾਲ, ਰਹਿਣ ਲਈ ਪਹੁੰਚੀ ਸੀ। ਲਾਹੌਰ ਸ਼ਹਿਰ ਉਸ ਵੇਲੇ ਕਲਾ, ਗਿਆਨ ਤੇ ਸਿਆਸਤ ਦੀ ਹਲਚਲ ਨਾਲ ਭਰਪੂਰ ਸੀ। ਲਾਹੌਰ ਉਦੋਂ ਕੁਝ ਅਜਿਹੇ ਨੌਜਵਾਨਾਂ ਨਾਲ ਦਹਿਕ ਰਿਹਾ ਸੀ ਜੋ ਅੰਗਰੇਜ਼ ਸਰਕਾਰ ਨੂੰ ਸਬਕ ਸਿਖਾਣਾ ਚਾਹੁੰਦੇ ਸਨ।

ਅੰਮ੍ਰਿਤਾ ਦੇ ਪ੍ਰਸੰਸਕਾਂ ਵਿਚ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਤੋਂ ਲੈ ਕੇ ਜਨ-ਸਾਧਾਰਣ ਤੱਕ ਸ਼ਾਮਲ ਸਨ। ਆਪਣੇ ਸੰਪਰਕ ਵਿਚ ਆਉਣ ਵਾਲਿਆਂ ਨੂੰ ਉਹ ਆਸਾਨੀ ਨਾਲ ਮੋਹ ਲੈਂਦੀ ਸੀ।

ਉਸ ਦੇ ਮਾਂ-ਪਿਉ ਨੇ ਵੀ ਆਪੋ-ਆਪਣੇ ਅੰਦਾਜ਼ ਵਿਚ ਆਪਣਾ ਦੁੱਖ ਪ੍ਰਗਟ ਕੀਤਾ। ਉਮਰਾਓ ਸਿੰਘ ਨੇ ਆਪਣੀ ਬੇਟੀ ਦੀ ਮੌਤ ਨੂੰ ਆਤਮਾ ਦੀ ਅਮਰਤਾ ਨਾਲ ਮੇਲ ਕੇ ਦੇਖਣ ਦਾ ਯਤਨ ਕੀਤਾ। ਦਰਸ਼ਨ ਪ੍ਰਤੀ ਉਸ ਦੇ ਝੁਕਾਅ ਦੀ ਝਲਕ ਉਸ ਦੇ ਇਸ ਕਥਨ 'ਚ ਮਿਲਦੀ ਹੈ – "ਇਕ ਪ੍ਰਸ਼ਨ ਰਹਿ ਰਹਿ ਕੇ ਮੇਰੇ ਦਿਮਾਗ 'ਤੇ ਦਸਤਕ ਦੇਂਦਾ ਹੈ: ਕੀ ਅੰਮ੍ਰਿਤਾ ਈਜ਼ਲ ਉੱਪਰ, ਜਿੱਥੇ ਉਹ ਪੇਂਟ ਕਰਦੀ, ਹੁਣ ਬਿਲਕੁਲ ਨਹੀਂ ਆਵੇਗੀ? ਜਦ ਮੈਂ ਉਹਦੀ ਕੋਈ ਕਲਾ-ਕਿਰਤ ਟਿਕਾਅ ਕੇ ਦੇਖਦਾ ਹਾਂ ਤਾਂ ਲੱਗਦਾ ਹੈ ਜਿਵੇਂ ਕੋਈ ਮੈਨੂੰ ਅੰਦਰੋਂ ਨਿਚੋੜ ਰਿਹਾ ਹੈ... ਮੈਨੂੰ ਪਿਛਲੇ ਕੁਝ ਦਿਨਾਂ ਤੋਂ ਅੰਮ੍ਰਿਤਾ ਦੇ ਸੁਫਨੇ ਆ ਰਹੇ ਹਨ। ਮੈਂ ਸੋਚਦਾ ਹਾਂ ਲੋਕੀ ਯਾਦਗਾਰਾਂ ਸੁਰੱਖਿਅਤ ਕਿਉਂ ਰੱਖਣੀਆਂ ਚਾਹੁੰਦੇ ਹਨ ਜਦ ਕਿ ਇਸ ਨਾਲ ਉਨ੍ਹਾ ਨੂੰ ਤਕਲੀਫ ਹੀ ਹੁੰਦੀ ਹੈ?"




(***ਫ਼ਿਲਹਾਲ***-ਪੁਸਤਕ ਲੜੀ –4 ਵਿੱਚੋਂ ਧੰਨਵਾਦ ਸਹਿਤ)

ਫ਼ਿਲਹਾਲ ਦਾ ਸੰਪਰਕ ਪਤਾ:
ਸੰਪਾਦਕ: ਗੁਰਬਚਨ; ਈ-ਮੇਲ: guru534@gmail.com
3139 ਸੈਕਟਰ 20 ਡੀ (ਟੌਪ ਫਲੋਰ), ਚੰਡੀਗੜ੍ਹ – 160020

**ਵਿਅੰਗ**

# ਆਓ ਜਾਨੀ ਦੇ ਪੈਰ ਚੁੰਮੀਏ

ਸਵੇਰੇ ਸਵੇਰੇ ਕਿਸੇ ਨੇ ਬੂਹਾ ਖੜਕਾਇਆ। ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਸਾਹਮਣੇ ਇਕ ਬਹੁਤ ਹੀ ਬਣਦਾ ਫਬਦਾ ਜੋੜਾ ਖੜ੍ਹਾ ਸੀ। ਪਹਿਲਾਂ ਮਰਦ ਬੋਲਿਆ:

ਗੁਰਦੇਵ: "ਹੈਲੋ ਜੀ! ਮੇਰਾ ਨਾਂਅ ਗੁਰਦੇਵ ਹੈ ਤੇ ਇਹ ਦੇਵੀ ਹੈ।"

ਦੇਵੀ: "ਹੈਲੋ ਜੀ! ਅਸੀਂ ਤੁਹਾਨੂੰ ਇਸ ਗੱਲ ਦਾ ਸੱਦਾ ਦੇਣ ਆਏ ਆਂ ਕਿ ਤੁਸੀਂ ਸਾਡੇ ਨਾਲ ਆ ਕੇ ਜਾਨੀ ਜੀ ਦੇ ਪੈਰ ਚੁੰਮੋ।"

ਮੈਂ: "ਮੁਆਫ ਕਰਨਾ? ਮੇਰੇ ਕੁਛ ਪੱਲੇ ਨਈ ਪਿਆ? ਇਹ ਜਾਨੀ ਜੀ ਕੌਣ ਆਂ ਤੇ ਮੈਂ ਕਿਉਂ ਜਾ ਕੇ ਉਹਦੇ ਪੈਰ ਚੁੰਮਾਂ?"

ਗੁਰਦੇਵ: "ਜੇ ਤੁਸੀਂ ਜਾਨੀ ਦੇ ਪੈਰ ਚੁੰਮੋਗੇ ਤਾਂ ਉਹ ਤੁਹਾਨੂੰ ਮਿਲੀਅਨ ਡਾਲਰ ਦੇਵੇਗਾ; ਤੇ ਜੇ ਤੁਸੀਂ ਉਹਦੇ ਪੈਰ ਨਾ ਚੁੰਮੇ ਤਾਂ ਉਹ ਤੁਹਾਡਾ ਮਲੀਆ ਮੇਟ ਕਰ ਦਊ।"

ਮੈਂ: "ਕੀ ਕਿਹਾ? ਕੀ ਇਹ ਕੋਈ ਕਿਸੇ ਗੈਂਗ ਵਲੋਂ ਡਰਾਉਣ ਧਮਕਾਉਣ ਦਾ ਨਵਾਂ ਚੱਕਰ ਆ?"

ਗੁਰਦੇਵ: "ਜਾਨੀ ਇਕ ਅਰਬਾਂ ਪਤੀ ਪਰਉਪਕਾਰੀ ਹੈ। ਜਾਨੀ ਨੇ ਹੀ ਇਹ ਸ਼ਹਿਰ ਵਸਾਇਆ ਹੈ। ਜਾਨੀ ਇਸ ਸ਼ਹਿਰ ਦਾ ਮਾਲਕ ਹੈ। ਉਹ ਜੋ ਵੀ ਚਾਹੇ ਕਰ ਸਕਦਾ ਹੈ। ਉਹ ਤੁਹਾਨੂੰ ਮਿਲੀਅਨ ਡਾਲਰ ਦੇਣਾ ਚਾਹੁੰਦਾ, ਪਰ ਉਹ ਉਨਾਂ ਚਿਰ ਨਹੀਂ ਦੇ ਸਕਦਾ ਜਿੰਨਾ ਚਿਰ ਤੁਸੀਂ ਜਾ ਕੇ ਉਹਦੇ ਪੈਰ ਨਈਂ ਚੁੰਮਦੇ।"

ਮੈਂ: "ਮੈਨੂੰ ਤਾਂ ਇਸ ਗੱਲ 'ਚ ਕੋਈ ਤੁਕ ਨਈਂ ਲਗਦੀ। ਮੈਂ ਭਲਾ ਕਿਉਂ..."

ਦੇਵੀ: "ਓ ਭਾਈ ਤੂੰ ਕੌਣ ਹੁੰਨਾ ਏਂ ਜਾਨੀ ਜੀ ਦੇ ਤੋਹਫੇ 'ਤੇ ਕਿੰਤੂ ਕਰਨ ਵਾਲਾ? ਤੈਨੂੰ ਮਿਲੀਅਨ ਡਾਲਰ ਨਈਂ ਚਾਹੀਦੇ? ਕੀ ਇਹਦੇ ਲਈ ਤੂੰ ਮਾੜੇ ਜਿਹੇ ਪੈਰ ਨਈਂ ਚੁੰਮ ਸਕਦਾ?"

ਮੈਂ: "ਅੱਛਾ, ਚਲੋ, ਜੇ ਇਹ ਕੋਈ ਗੈਰ-ਕਾਨੂੰਨੀ ਗੱਲ ਨਈਂ ਤਾਂ, ਪਰ...।"

ਗੁਰਦੇਵ: "ਚੱਲ ਫੇਰ ਸਾਡੇ ਨਾਲ ਆ ਕੇ ਜਾਨੀ ਦੇ ਪੈਰ ਚੁੰਮ।"

ਮੈਂ: "ਕੀ ਤੁਸੀਂ ਅਕਸਰ ਜਾਨੀ ਦੇ ਪੈਰ ਚੁੰਮਦੇ ਰਹਿੰਦੇ ਓ?"

ਦੇਵੀ: "ਹਾਂ ਹਾਂ, ਹਮੇਸ਼ਾ...।"

ਮੈਂ: "ਉਹਨੇ ਤੁਹਾਨੂੰ ਮਿਲੀਅਨ ਡਾਲਰ ਦੇ ਦਿੱਤੇ?"

ਗੁਰਦੇਵ: "ਨਹੀਂ! ਦਰਅਸਲ ਗੱਲ ਇਹ ਆ ਪਈ ਤੁਹਾਨੂੰ ਉਨਾਂ ਚਿਰ ਪੈਸੇ ਨਈਂ ਮਿਲਦੇ ਜਿੰਨਾਂ ਚਿਰ ਤੁਸੀਂ ਸ਼ਹਿਰ ਛੱਡ ਕੇ ਨਹੀਂ ਜਾਂਦੇ।"

ਮੈਂ: "ਤਾਂ ਫੇਰ ਤੁਸੀਂ ਹੁਣ ਸ਼ਹਿਰ ਛੱਡ ਕਿਉਂ ਨਈਂ ਦਿੰਦੇ?"

ਦੇਵੀ: "ਤੁਸੀਂ ਉਨਾਂ ਚਿਰ ਨਹੀਂ ਜਾ ਸਕਦੇ ਜਿੰਨਾਂ ਚਿਰ ਜਾਨੀ ਜੀ ਤੁਹਾਨੂੰ ਜਾਣ ਲਈ ਨਾ ਕਹਿਣ। ਉਹਦੀ ਆਗਿਆ ਬਿਨਾਂ ਜਾਣ ਨਾਲ ਤੁਹਾਨੂੰ ਪੈਸੇ ਨਹੀਂ ਮਿਲਦੇ ਤੇ ਨਾਲੇ ਉਹ ਤੁਹਾਡਾ ਮਲੀਆ ਮੇਟ ਕਰ ਦਿੰਦੇ ਹਨ।"

ਮੈਂ: "ਤੁਸੀਂ ਕਿਸੇ ਨੂੰ ਜਾਣਦੇ ਓ ਜਿਹਨੇ ਜਾਨੀ ਦੇ ਪੈਰ ਚੁੰਮੇ ਹੋਣ ਤੇ ਫੇਰ ਸ਼ਹਿਰ ਛੱਡਣ 'ਤੇ ਉਹਨੂੰ ਮਿਲੀਅਨ ਡਾਲਰ ਮਿਲ ਗਏ ਹੋਣ?"

ਗੁਰਦੇਵ: "ਮੇਰੀ ਮਾਂ ਬਹੁਤ ਸਾਲ ਜਾਨੀ ਦੇ ਪੈਰ ਚੁੰਮਦੀ ਰਹੀ। ਉਹ ਪਿਛਲੇ ਸਾਲ ਹੀ ਸ਼ਹਿਰ ਛੱਡ ਕੇ ਗਈ ਹੈ, ਮੈਨੂੰ ਪੱਕਾ ਯਕੀਨ ਹੈ ਕਿ ਉਹਨੂੰ ਜ਼ਰੂਰ ਪੈਸੇ ਮਿਲੇ ਹੋਣਗੇ।"

ਮੈਂ: "ਕੀ ਤੁਸੀਂ ਉਦੋਂ ਦੀ ਉਹਦੇ ਨਾਲ ਗੱਲ ਨਹੀਂ ਕੀਤੀ?"

ਗੁਰਦੇਵ: "ਬਿਲਕੁਲ ਨਹੀਂ, ਜਾਨੀ ਇਸ ਦੀ ਇਜਾਜ਼ਤ ਨਹੀਂ ਦਿੰਦਾ।"

ਮੈਂ: "ਤਾਂ ਫੇਰ ਤੁਹਾਨੂੰ ਇਸ ਗੱਲ ਦਾ ਕਿਦਾਂ ਯਕੀਨ ਆ ਕਿ ਉਹ ਸੱਚੀਂ ਪੈਸੇ ਦੇ ਦੇਵੇਗਾ, ਜੇ ਤੁਸੀਂ ਕਦੇ ਕਿਸੇ ਨਾਲ ਗੱਲ ਈ ਨਈਂ ਕੀਤੀ ਜਿਹਨੂੰ ਪੈਸੇ ਮਿਲੇ ਹੋਣ?"

ਗੁਰਦੇਵ: "ਦਰਅਸਲ, ਉਹ ਪੈਰ ਚੁੰਮਣ ਬਦਲੇ ਤੁਹਾਨੂੰ ਥੋੜ੍ਹੇ ਜਿਹੇ ਪੈਸੇ ਤਾਂ ਦੇ ਈ ਦਿੰਦਾ ਹੈ। ਹੋ ਸਕਦਾ ਉਹਦੀ ਮਿਹਰਬਾਨੀ ਨਾਲ ਤੁਹਾਡੀ ਤਨਖਾਹ ਵਿਚ ਵਾਧਾ ਹੋ ਜਾਵੇ, ਹੋ ਸਕਦਾ ਹੈ ਤੁਹਾਡੀ ਨਿੱਕੀ ਜਿਹੀ ਲਾਟਰੀ ਨਿਕਲ ਆਵੇ, ਜਾਂ ਸ਼ਾਇਦ ਤੁਹਾਨੂੰ ਤੁਰਿਆਂ ਜਾਂਦਿਆਂ ਨੂੰ ਵੀਹਾਂ ਡਾਲਰਾਂ ਦਾ ਨੋਟ ਲੱਭ ਪਵੇ।"

ਮੈਂ: "ਇਸ ਗੱਲ ਦਾ ਜਾਨੀ ਨਾਲ ਕੀ ਸਬੰਧ ਆ?"

ਦੇਵੀ: "ਜਾਨੀ ਦੀ ਵੱਡੇ ਵੱਡੇ ਬੰਦਿਆਂ ਨਾਲ ਵਾਕਫੀ ਹੈ।"

ਮੈਂ: "ਮੁਆਫ ਕਰਨਾ, ਪਰ ਮੈਨੂੰ ਤਾਂ ਇਹ ਕੋਈ ਅਜੀਬ ਜਿਹੀ ਹੇਰਾ ਫੇਰੀ ਦੀ ਸਕੀਮ ਲਗਦੀ ਆ।"

ਦੇਵੀ: "ਪਰ ਦੇਖ ਲੈ ਮਿਲੀਅਨ ਡਾਲਰਾਂ ਦੀ ਗੱਲ ਹੈ, ਕੀ ਤੂੰ ਸੱਚ ਮੁੱਚ ਗੁਆਉਣ ਦਾ ਰਿਸਕ ਲੈ ਸਕਦਾ ਏਂ? ਨਾਲ ਇਹ ਵੀ ਚੇਤੇ ਰੱਖੀਂ ਪਈ ਜੇ ਤੂੰ ਜਾਨੀ ਜੀ ਦੇ ਪੈਰ ਨਾ ਚੁੰਮੇ ਤਾਂ ਉਹਨਾਂ ਤੇਰਾ ਮਲੀਆ ਮੇਟ ਕਰ ਦੇਣਾ।"

ਮੈਂ: "ਜੇ ਮੈਂ ਜਾਨੀ ਨੂੰ ਦੇਖ ਸਕਾਂ, ਮਿਲ ਸਕਾਂ, ਉਹਦੇ ਨਾਲ ਗੱਲਾਂ ਕਰ ਸਕਾਂ, ਸਾਰੀ ਗੱਲ ਦਾ ਸਿੱਧਾ ਉਹਦੇ ਕੋਲੋਂ ਪਤਾ ਲੈ ਸਕਾਂ...।"

ਗੁਰਦੇਵ: "ਖਬਰਦਾਰ, ਜਾਨੀ ਨੂੰ ਕੋਈ ਨਹੀਂ ਦੇਖ ਸਕਦਾ, ਨਾ ਹੀ ਜਾਨੀ ਨਾਲ ਕੋਈ ਗੱਲ ਕਰ ਸਕਦਾ ਹੈ।"

ਮੈਂ: "ਫੇਰ ਤੁਸੀਂ ਉਹਦੇ ਪੈਰ ਕਿੱਦਾਂ ਚੁੰਮਦੇ ਓ?"

ਦੇਵੀ: "ਕਈ ਵਾਰੀ ਅਸੀਂ ਉਦਾਂ ਹੀ ਹਵਾ ਵਿਚ ਚੁੰਮਣ ਸੁੱਟ ਦਿੰਦੇ ਹਾਂ ਅਤੇ ਉਹਨਾਂ ਦੇ ਪੈਰਾਂ ਦਾ ਧਿਆਨ ਧਾਰ ਲੈਂਦੇ ਹਾਂ। ਤੇ ਕਈ ਵਾਰੀ ਅਸੀਂ ਗੁਰਜੰਟ ਦੇ ਪੈਰ ਚੁੰਮ ਲੈਂਦੇ ਹਾਂ ਤੇ ਉਹ ਅੱਗੇ ਜਾਨੀ ਨੂੰ ਦੱਸ ਦਿੰਦਾ ਹੈ।"

ਮੈਂ: "ਇਹ ਗੁਰਜੰਟ ਕੌਣ ਆਂ?"

ਗੁਰਦੇਵ: "ਉਹ ਸਾਡਾ ਦੋਸਤ ਹੈ। ਉਹਨੇ ਹੀ ਸਾਨੂੰ ਜਾਨੀ ਦੇ ਪੈਰ ਚੁੰਮਣ ਬਾਰੇ ਸਾਰੀ ਸਿੱਖਿਆ ਦਿੱਤੀ ਹੈ। ਅਸੀਂ ਬਸ ਕਦੇ ਕਦੇ ਉਹਦੀ ਟਹਿਲ ਸੇਵਾ ਕਰ ਦਿੰਦੇ ਹਾਂ।"

ਮੈਂ: "ਤੇ ਤੁਸੀਂ ਗੁਰਜੰਟ ਦੀਆਂ ਸਾਰੀਆਂ ਗੱਲਾਂ ਸੱਚ ਮੰਨ ਲਈਆਂ ਪਈ ਜਾਨੀ ਨਾਂ ਦਾ ਕੋਈ ਹੈ ਤੇ ਉਹ ਚਾਹੁੰਦਾ ਆ ਕਿ ਤੁਸੀਂ ਉਹਦੇ ਪੈਰ ਚੁੰਮੋ ਤੇ ਬਦਲੇ 'ਚ ਉਹ ਤੁਹਾਨੂੰ ਇਨਾਮ ਦੇਵੇਗਾ?"

ਗੁਰਦੇਵ: "ਨਹੀਂ ਨਹੀਂ! ਗੁਰਜੰਟ ਕੋਲ ਇਕ ਚਿੱਠੀ ਹੈ ਜਿਹੜੀ ਉਹਨੂੰ ਜਾਨੀ ਨੇ ਬਹੁਤ ਦੇਰ ਪਹਿਲਾਂ ਦਿੱਤੀ ਸੀ। ਉਸ ਵਿਚ ਸਭ ਕੁਝ ਲਿਖਿਆ ਹੋਇਆ ਹੈ। ਆਹ ਮੇਰੇ ਕੋਲ ਇਕ ਕਾਪੀ ਹੈਗੀ ਆ ਆਪ ਈ ਪੜ੍ਹ ਲੈ।"

**ਗੁਰਜੰਟ ਦੇ ਡੈਸਕ ਤੋਂ**

1. **ਜਾਨੀ ਦੇ ਪੈਰ ਚੁੰਮੋ ਤੇ ਜਦੋਂ ਤੁਸੀਂ ਸ਼ਹਿਰ ਛੱਡ ਕੇ ਜਾਵੋਗੇ ਉਹ ਤੁਹਾਨੂੰ ਮਿਲੀਅਨ ਡਾਲਰ ਦੇਵੇਗਾ।**
2. **ਸ਼ਰਾਬ ਸਮਝ ਨਾਲ ਪੀਵੋ।**
3. **ਜਿਹੜੇ ਲੋਕ ਤੁਹਾਡੇ ਵਰਗੇ ਨਹੀਂ ਉਨ੍ਹਾਂ ਦਾ ਮਲੀਆ ਮੇਟ ਕਰ ਦੇਵੋ।**
4. **ਖਾਣਾ ਸਹੀ ਖਾਵੋ।**
5. **ਇਹ ਗੱਲਾਂ ਜਾਨੀ ਨੇ ਖੁਦ ਲਿਖਵਾਈਆਂ ਹਨ।**
6. **ਚੰਦ ਹਰੇ ਮੱਖਣ ਦਾ ਬਣਿਆ ਹੋਇਆ ਹੈ।**
7. **ਜਾਨੀ ਜੋ ਕੁਛ ਵੀ ਕਹਿੰਦਾ ਹੈ ਉਹ ਸੱਚ ਹੈ।**
8. **ਬਾਥਰੂਮ ਜਾਣ ਬਾਅਦ ਆਪਣੇ ਹੱਥ ਜ਼ਰੂਰ ਧੋਵੋ।**
9. **ਸ਼ਰਾਬ ਦੀ ਵਰਤੋਂ ਬਿਲਕੁਲ ਨਾ ਕਰੋ।**
10. **ਮੀਟ ਦੀ ਵਰਤੋਂ ਨਾ ਕਰੋ, ਨਾ ਹੀ ਖਾਣੇ 'ਚ ਕੋਈ ਮਸਾਲੇ ਵਗੈਰਾ ਵਰਤੋ।**
11. **ਸ਼ਰਧਾ ਨਾਲ ਜਾਨੀ ਦੇ ਪੈਰ ਚੁੰਮੋ ਨਹੀਂ ਤਾਂ ਉਹ ਤੁਹਾਡਾ ਮਲੀਆ ਮੇਟ ਕਰ ਦੇਵੇਗਾ।**

ਮੈਂ: "ਇਹ ਤਾਂ ਗੁਰਜੰਟ ਦੇ ਲੈਟਰਹੈੱਡ 'ਤੇ ਲਿਖਿਆ ਲੱਗਦਾ ਆ।"

ਦੇਵੀ : "ਹਾਂ ਜੀ, ਜਾਨੀ ਜੀ ਕੋਲ ਕੋਈ ਕਾਗਜ਼ ਵਗੈਰਾ ਨਹੀਂ ਸਨ।"

ਮੈਂ: "ਮੈਨੂੰ ਤਾਂ ਸ਼ੱਕ ਜਿਹੀ ਆ। ਏਦਾਂ ਲਗਦਾ ਪਈ ਜਿੱਦਾਂ ਇਹ ਸਭ ਕੁਝ ਗੁਰਜੰਟ ਨੇ ਆਪ ਹੀ ਹੱਥ ਨਾਲ ਲਿਖਿਆ ਹੋਵੇ।"

ਗੁਰਦੇਵ: "ਸਹੀ ਗੱਲ ਹੈ, ਪਰ ਇਹ ਸੱਭ ਕੁਝ ਲਿਖਵਾਇਆ ਜਾਨੀ ਹੋਰਾਂ ਨੇ ਹੀ ਸੀ।"

ਮੈਂ: "ਪਰ ਹੁਣੇ ਤੁਸੀਂ ਕਹਿੰਦੇ ਸੀ ਪਈ ਜਾਨੀ ਨੂੰ ਤਾਂ ਕੋਈ ਦੇਖ ਜਾਂ ਮਿਲ ਹੀ ਨਹੀਂ ਸਕਦਾ?"

ਦੇਵੀ: "ਹੁਣ ਨਹੀਂ ਮਿਲ ਸਕਦਾ। ਪਰ ਪਹਿਲਾਂ ਜਾਨੀ ਜੀ ਕਿਸੇ ਕਿਸੇ ਬੰਦੇ ਨਾਲ ਗੱਲ ਕਰ ਲੈਂਦੇ ਸਨ।"

ਮੈਂ: "ਅੱਛਾ, ਨਾਲੇ ਤਾਂ ਤੁਸੀਂ ਕਹਿੰਨੇ ਆਂ ਪਈ ਉਹ ਬਹੁਤ ਵੱਡਾ ਪਰਉਪਕਾਰੀ ਆ ਤੇ ਨਾਲੇ ਕਹਿੰਨੇ ਆਂ ਪਈ ਜਿਹੜਾ ਉਹਦੇ ਪੈਰ ਨਾ ਚੁੰਮੇ ਉਹਦਾ ਮਲੀਆ ਮੇਟ ਕਰ ਦਿੰਦਾ ਆ। ਕਿੱਦਾਂ ਦਾ ਪਰਉਪਕਾਰੀ ਆ ਉਹੋ?"

ਦੇਵੀ: "ਜਾਨੀ ਜੀ ਇਹੀ ਚਾਹੁੰਦੇ ਹਨ, ਅਤੇ ਜਾਨੀ ਜੀ ਹਮੇਸ਼ਾ ਸਹੀ ਹੁੰਦੇ ਹਨ।"

ਮੈਂ: "ਇਹ ਤੁਸੀਂ ਕਿੱਦਾਂ ਕਹਿ ਸਕਦੇ ਆਂ?"

ਦੇਵੀ: "ਉਹਦੀ ਸੂਚੀ 'ਚੋਂ ਨੰਬਰ 7 ਸਾਨੂੰ ਦੱਸਦਾ ਹੈ ਪਈ 'ਜਾਨੀ ਜੀ ਜੋ ਵੀ ਕਹਿੰਦੇ ਹਨ ਉਹ ਸਹੀ ਹੈ'। ਸਾਡੇ ਲਈ ਤਾਂ ਇਹ ਸਬੂਤ ਕਾਫੀ ਹੈ!"

ਮੈਂ: "ਹੋ ਸਕਦਾ ਆ ਪਈ ਤੁਹਾਡੇ ਦੋਸਤ ਗੁਰਜੰਟ ਨੇ ਇਹ ਸਭ ਕੁਝ ਐਂਵੇਂ ਘੜ ਲਿਆ ਹੋਵੇ।"

ਗੁਰਦੇਵ: "ਨਹੀਂ, ਇਹ ਨਹੀਂ ਹੋ ਸਕਦਾ! ਨੰਬਰ 5 'ਚ ਲਿਖਿਆ ਹੈ ਕਿ 'ਜਾਨੀ ਨੇ ਇਹ ਗੱਲਾਂ ਖੁਦ ਲਿਖਵਾਈਆਂ ਹਨ।' ਨੰਬਰ 2 ਕਹਿੰਦਾ ਹੈ ਕਿ 'ਸ਼ਰਾਬ ਸਮਝ ਨਾਲ ਪੀਵੋ'। ਨੰਬਰ 4 ਕਹਿੰਦਾ ਹੈ ਕਿ 'ਖਾਣਾ ਸਹੀ ਖਾਵੋ' ਅਤੇ ਨੰਬਰ 8 ਕਹਿੰਦਾ ਹੈ ਕਿ 'ਬਾਥਰੂਮ ਜਾਣ ਬਾਅਦ ਆਪਣੇ ਹੱਥ ਜ਼ਰੂਰ ਧੋਵੋ'। ਹੁਣ ਇਨ੍ਹਾਂ ਗੱਲਾਂ ਬਾਰੇ ਸਾਰਿਆਂ ਨੂੰ ਪਤਾ ਹੈ ਪਈ ਇਹ ਠੀਕ ਹਨ। ਜਦ ਇਹ ਠੀਕ ਆ ਤੇ ਫੇਰ ਬਾਕੀ ਦੀਆਂ ਵੀ ਠੀਕ ਹੀ ਹੋਣਗੀਆਂ, ਕਿ ਨਹੀਂ?"

ਮੈਂ: "ਪਰ ਨੰਬਰ 9 ਕਹਿੰਦਾ ਆ ਕਿ 'ਸ਼ਰਾਬ ਬਿਲਕੁਲ ਨਾ ਵਰਤੋ' ਤੇ 2 ਕਹਿੰਦਾ ਆ ਪਈ 'ਸ਼ਰਾਬ ਸਮਝ ਨਾਲ ਪੀਵੋ'। ਨੰਬਰ 6 ਅਨੁਸਾਰ 'ਚੰਦ ਹਰੇ ਮੱਖਣ ਦਾ ਬਣਿਆ ਹੋਇਆ ਹੈ', ਇਹ ਤਾਂ ਸ਼ਰੇਆਮ ਗਲਤ ਗੱਲ ਆ।"

ਗੁਰਦੇਵ: "ਦੇਖੋ ਭਾਈ, ਗੱਲ ਸਮਝਣ ਦੀ ਕੋਸ਼ਸ਼ ਕਰੋ, ਨੰਬਰ 2 ਤੇ 9 ਵਿਚਾਲੇ ਕਿਸੇ ਕਿਸਮ ਦਾ ਕੋਈ ਮਤਭੇਦ ਨਹੀਂ, ਨੰਬਰ 9 ਨੰਬਰ 2 ਵਿਚਲੀ ਗੱਲ ਨੂੰ ਹੋਰ ਸਾਫ ਕਰਦਾ ਹੈ। ਜਿੱਥੇ ਤੱਕ ਨੰਬਰ 6 ਦਾ ਸਬੰਧ ਹੈ, ਤੂੰ ਆਪ ਕਦੇ ਚੰਦ 'ਤੇ ਨਹੀਂ ਗਿਆ, ਇਸ ਲਈ ਤੈਨੂੰ ਕੀ ਪਤਾ ਚੰਦ ਕਿੱਦਾਂ ਦਾ ਹੈ।"

ਮੈਂ: "ਵਿਗਿਆਨੀਆਂ ਨੇ ਇਹ ਗੱਲ ਕਾਫੀ ਪੱਕੇ ਤੌਰ 'ਤੇ ਸਾਬਤ ਕਰ ਦਿੱਤੀ ਆ ਕਿ ਚੰਦ ਵੀ ਧਰਤੀ ਵਾਂਗ ਪੱਥਰ ਦਾ ਬਣਿਆ ਹੋਇਆ ...।"

ਦੇਵੀ: "ਪਰ ਵਿਗਿਆਨੀਆਂ ਨੂੰ ਇਸ ਗੱਲ ਦਾ ਨਹੀਂ ਪਤਾ ਕਿ ਪੱਥਰ ਧਰਤੀ ਤੋਂ ਆਏ ਹਨ ਜਾਂ ਬਾਹਰੋਂ ਖਿਲਾਅ ਵਿੱਚੋਂ, ਇਸ ਕਰਕੇ ਇਹ ਹਰੇ ਮੱਖਣ ਦਾ ਬਣਿਆਂ ਵੀ ਹੋ ਸਕਦਾ ਹੈ।"

ਮੈਂ: "ਮੈਂ ਇਸ ਗੱਲ ਬਾਰੇ ਪੂਰਾ ਮਾਹਰ ਤਾਂ ਨਹੀਂ ਪਰ ਮੇਰਾ ਖਿਆਲ ਆ ਕਿ ਇਹ ਥਿਊਰੀ ਪਈ ਧਰਤੀ ਨੇ ਚੰਦ ਕਿਸੇ ਤਰ੍ਹਾਂ 'ਕਾਬੂ' ਕਰ ਲਿਆ ਸੀ ਹੁਣ ਕੰਡਮ ਹੋ ਚੁੱਕੀ ਆ। ਨਾਲੇ, ਸਿਰਫ ਇਸ ਲਈ ਕਿ ਪਤਾ ਨਹੀਂ ਪੱਥਰ ਆਇਆ ਕਿੱਥੋਂ ਆ, ਇਸ ਨਾਲ ਉਹ ਮੱਖਣ ਨਹੀਂ ਬਣ ਜਾਂਦਾ।"

ਗੁਰਦੇਵ: "ਹਾ ਹਾ! ਹੁਣ ਤੂੰ ਆਪ ਹੀ ਇਹ ਗੱਲ ਮੰਨ ਲਈ ਹੈ ਕਿ ਵਿਗਿਆਨੀ ਵੀ ਗਲਤੀਆਂ ਕਰਦੇ ਹਨ, ਪਰ ਸਾਨੂੰ ਪਤਾ ਹੈ ਕਿ ਜਾਨੀ ਹਮੇਸ਼ਾ ਸਹੀ ਹੁੰਦਾ ਹੈ।"

ਮੈਂ: "ਸੱਚੀਂ?"

ਦੇਵੀ: "ਹਾਂ ਹਾਂ ਬਿਲਕੁਲ ਆਪਾਂ ਨੂੰ ਪਤਾ ਹੈ ਕਿਉਂਕਿ ਸੂਚੀ ਵਿੱਚੋਂ ਨੰਬਰ 7 ਇਹ ਗੱਲ ਸਾਫ ਕਹਿੰਦੀ ਹੈ।"

ਮੈਂ: "ਤੁਸੀਂ ਕਹਿ ਰਹੇ ਓ ਕਿ ਜਾਨੀ ਹਮੇਸ਼ਾ ਸਹੀ ਹੁੰਦਾ ਆ ਕਿਉਂਕਿ ਸੂਚੀ ਇਹ ਕਹਿ ਰਹੀ ਆ, ਤੇ ਸੂਚੀ ਇਸ ਕਰਕੇ ਸਹੀ ਆ ਕਿਉਂਕਿ ਜਾਨੀ ਨੇ ਲਿਖਵਾਈ ਆ, ਤੇ ਸਾਨੂੰ ਇਸ ਗੱਲ ਦਾ ਇਸ ਕਰਕੇ ਪਤਾ ਆ ਕਿ ਸੂਚੀ ਏਦਾਂ ਕਹਿੰਦੀ ਆ। ਇਹ ਤਾਂ ਬੜਾ ਗੋਲ ਜਿਹਾ ਤਰਕ ਲਗਦਾ ਆ। ਇਹ ਤਾਂ ਏਦਾਂ ਲਗਦਾ ਪਈ ਆਪਾਂ ਸਿੱਧਾ ਕਹਿ ਰਹੇ ਆਂ ਕਿ 'ਜਾਨੀ ਸਹੀ ਹੈ ਕਿਉਂਕਿ ਉਹ ਕਹਿੰਦਾ ਹੈ ਕਿ ਉਹ ਸਹੀ ਹੈ'।"

ਗੁਰਦੇਵ: "ਹਾਂ ਹੁਣ ਤੈਨੂੰ ਗੱਲ ਦੀ ਸਮਝ ਲੱਗਣ ਲੱਗੀ ਹੈ! ਵਾਹ, ਇਹ ਗੱਲ ਕਿੰਨੀ ਤਸੱਲੀ ਵਾਲੀ ਹੈ ਕਿ ਕੋਈ ਸਾਡੇ ਸਾਹਮਣੇ ਜਾਨੀ ਦੀ ਸੋਚ ਅਪਣਾ ਰਿਹਾ ਹੈ, ਵਾਹ।"

ਮੈਂ: "ਪਰ ... ਚਲੋ ਛੱਡੋ। ਇਹ ਮੀਟ ਨਾ ਖਾਣ ਵਾਲਾ ਕੀ ਮਸਲਾ ਆ?"

ਦੇਵੀ: ਦੇਵੀ ਘਬਰਾ ਜਾਂਦੀ ਹੈ।

ਗੁਰਦੇਵ: "ਸਿਰਫ ਸਬਜ਼ੀ ਹੀ ਖਾਣੀ ਹੈ ਬਿਨਾਂ ਲਸਣ ਜਾਂ ਅਦਰਕ ਦੇ। ਜਾਨੀ ਨੇ ਇਹੀ ਤਰੀਕਾ ਦੱਸਿਆ ਹੈ। ਬਾਕੀ ਸਭ ਕੁਝ ਗਲਤ ਹੈ।"

ਮੈਂ: "ਪਰ ਜੇ ਸਬਜ਼ੀ ਨਾ ਹੋਵੇ ਜਾਂ ਮਸਾਲਿਆਂ ਬਿਨਾਂ ਖਾਣ ਨੂੰ ਜੀਅ ਨਾ ਕਰੇ?"

ਗੁਰਦੇਵ: "ਬਸ ਮੀਟ ਨਹੀਂ ਖਾਣਾ। ਗਊ-ਮਾਸ ਤਾਂ ਬਿਲਕੁਲ ਹੀ ਨਹੀਂ।"

ਮੈਂ: "ਸਬਜ਼ੀ 'ਚ ਕੋਈ ਵੀ ਮਸਾਲਾ ਵੀ ਨਹੀਂ?"

ਦੇਵੀ: ਪੂਰੀ ਤਰ੍ਹਾਂ ਦੁਖੀ ਤੇ ਹੈਰਾਨ ਹੋਈ ਗੁੱਸੇ ਵਿਚ ਖੜ੍ਹੀ ਹੈ।

ਗੁਰਦੇਵ: ਹੁਣ ਉੱਚੀ ਆਵਾਜ਼ ਵਿਚ ਬੋਲਣ ਲੱਗਾ ਹੈ। "ਦੇਖੋ ਜੀ ਏਦਾਂ ਦੀਆਂ ਗੰਦੀਆਂ ਗੱਲਾਂ ਕਰਨ ਦੀ ਕੋਈ ਲੋੜ ਨਹੀਂ! ਜਦ ਕਹਿ ਦਿੱਤਾ ਪਈ ਮੀਟ ਨਹੀਂ ਖਾਣਾ ਤੇ ਕਿਸੇ ਕਿਸਮ ਦੇ ਮਸਾਲੇ ਵੀ ਨਹੀਂ ਵਰਤਣੇ!"

ਮੈਂ: "ਇਹਦਾ ਮਤਲਬ ਆ ਪਈ ਮਸਾਲੇ ਲਾ ਕੇ ਭੁੰਨਿਆ ਹੋਇਆ ਮੁਰਗਾ ਜਾਂ ਪ੍ਰੀਤ ਨਾਲ ਬਣਾਇਆ ਹੈਮਬਰਗਰ ਨਹੀਂ ਖਾਧਾ ਜਾ ਸਕਦਾ?"

ਦੇਵੀ: ਆਪਣੇ ਕੰਨਾਂ ਵਿਚ ਉਂਗਲਾਂ ਦੇ ਕੇ ਕੰਨ ਬੰਦ ਕਰਦੀ ਹੈ। "ਮੈਂ ਇਹ ਬਕਵਾਸ ਨਹੀਂ ਸੁਣ ਸਕਦੀ। ਲਾ ਲਾ ਲਾ ਲਾ ਲਾ ਲਾ ਲਾ ...।"

ਗੁਰਦੇਵ: "ਕਿੰਨਾ ਗੰਦਾ ਏਂ ਤੂੰ। ਕੋਈ ਬਹੁਤ ਹੀ ਘਟੀਆ ਗਿਰਿਆ ਹੋਇਆ ਹੈਵਾਨ ਹੀ ਏਦਾਂ ਦੀਆਂ ਚੀਜ਼ਾਂ ਖਾਵੇਗਾ ...।"

ਮੈਂ: "ਭਾਈ ਸਾਹਿਬ ਮੀਟ ਬਹੁਤ ਵਧੀਆ ਸ਼ੈਅ ਹੁੰਦੀ ਆ। ਮੈਂ ਤਾਂ ਹਮੇਸ਼ਾ ਖਾਂਦਾ ਆਂ।"

ਦੇਵੀ: ਸੁਣ ਕੇ ਬੇਹੋਸ਼ ਹੋ ਜਾਂਦੀ ਹੈ।

ਗੁਰਦੇਵ: ਉਹ ਦੇਵੀ ਨੂੰ ਸੰਭਾਲਦਾ ਹੈ। "ਹੂੰਅ, ਜੇ ਮੈਨੂੰ ਪਤਾ ਹੁੰਦਾ ਪਈ ਤੂੰ ਨਾਸਤਿਕਾਂ 'ਚੋਂ ਹੈਂ ਤਾਂ ਮੈਂ ਕਦੇ ਵੀ ਤੇਰੇ ਨਾਲ ਗੱਲ ਨਾ ਕਰਦਾ। ਤੈਨੂੰ ਪਤਾ ਲੱਗੂ ਜਦੋਂ ਜਾਨੀ ਨੇ ਤੇਰਾ ਮਲੀਆ ਮੇਟ ਕੀਤਾ। ਅਸੀਂ ਨਾਲੇ ਆਪਣੇ ਪੈਸੇ ਗਿਣਾਂਗੇ ਤੇ ਨਾਲੇ ਤੇਰੀ ਹਾਲਤ 'ਤੇ ਹੱਸਾਂਗੇ। ਤੂੰ ਮੀਟ ਖਾਣ ਵਾਲਾ ਬਹੁਤ ਹੀ ਘਟੀਆ ਨਾਸਤਿਕ ਬੰਦਾ ਏਂ।"

ਇਹ ਕਹਿੰਦਿਆਂ ਗੁਰਦੇਵ ਨੇ ਦੇਵੀ ਨੂੰ ਸਹਾਰਾ ਦੇ ਕੇ ਕਾਰ 'ਚ ਬਿਠਾਇਆ। ਉਹ ਫੁਰਤੀ ਨਾਲ ਕਾਰ ਦੌੜਾ ਕੇ ਲੈ ਗਏ।

*Translation/adaptation* of 'Kissing Hanks Ass' by **James Huber**. (www.jhuger.com)

**– ਸਾਧੂ ਬਿਨਿੰਗ**

ਟਿੱਪਣੀ

# ਮਦਰਜ਼ ਡੇਅ

## ਬਲਰਾਜ ਚੀਮਾ

ਮਾਂ ਦੇ ਰਿਸ਼ਤੇ ਤੇ ਇਸ ਦੀ ਮਹਾਨਤਾ ਤੋਂ ਸ਼ਾਇਦ ਹੀ ਕੋਈ ਇਨਕਾਰ ਕਰ ਸਕਦਾ ਹੈ। ਇਸ ਤੋਂ ਮੂੰਹ ਮੋੜਨਾ ਮੂਲੋਂ ਅਣਹੋਣੀ ਗੱਲ ਲੱਗਦੀ ਹੈ; ਪਰ ਇਸ ਰਿਸ਼ਤੇ ਦੀ ਅੰਤਰੀਵ ਪਾਵਨ ਹੋਂਦ ਦੁਆਲੇ ਡਾਲਰ ਸਟੋਰਾਂ ਤੋਂ ਖ਼ਰੀਦੇ ਨਿਗੂਣੇ ਕਾਰਡ ਜਾਂ ਕੋਈ ਸਾੜ੍ਹੀ-ਸੂਟ ਲਪੇਟ ਦੇਣ ਨਾਲ ਮਾਂ ਦੀ ਮਮਤਾ ਦਾ ਮੁੱਲ ਨਹੀਂ ਤਾਰਿਆ ਜਾ ਸਕਦਾ। ਇਸ ਰਿਸ਼ਤੇ ਦੀਆਂ ਤੰਦਾਂ ਨੂੰ ਸ਼ਾਬਦਕ ਫ਼ੀਤਿਆਂ ਨਾਲ ਨਹੀਂ ਮਿਨਿਆ ਜਾ ਸਕਦਾ ਤੇ ਨਾ ਹੀ ਤੁਹਫ਼ਿਆਂ ਦੇ ਢੇਰਾਂ ਦੇ ਤਰਾਜੂ 'ਤੇ ਜੋਖਿਆ ਜਾ ਸਕਦਾ ਹੈ; ਨਾ ਹੀ ਮਾਂ ਦੀ ਮਹਿਮਾਂ ਨੂੰ ਦੁਨੀਆਵੀ ਪੈਮਾਨਿਆਂ ਰਾਹੀਂ ਮਾਪਿਆ/ਤੋਲਿਆ ਜਾ ਸਕਦਾ ਹੈ; ਅਸਲ ਵਿੱਚ ਕਿਸੇ ਵੀ ਤਰ੍ਹਾਂ ਉਸ ਦੇ ਅਹਿਸਾਨ ਨੂੰ ਮੋੜਿਆ ਨਹੀਂ ਜਾ ਸਕਦਾ।

"ਮਾਵਾਂ ਦੀਆਂ ਗਾਹਲ੍ਹਾਂ , ਘਿਓ ਦੀਆਂ ਨਾਲ੍ਹਾਂ" (ਇਹ ਗੱਲਾਂ ਉਸ ਸਮੇਂ ਬਣੀਆਂ ਸਨ ਜਦੋਂ ਘਿਓ ਨੂੰ ਕੁਲੈਸਟ੍ਰਲ ਦਾ ਸਰਾਪ ਨਹੀਂ ਸੀ ਲੱਗਾ ਜਾਂ ਕਹੋ ਕਿ ਘਿਓ ਕੁਲੈਸਟ੍ਰਲ ਦੀ ਬੱਜ ਤੋਂ ਬਚਿਆ ਹੋਇਆ ਸੀ) ਤੇ "ਮਾਵਾਂ ਠੰਡੀਆਂ ਛਾਵਾਂ;" ਜਿਹੇ ਕਈ ਰਸਮੀ ਤੇ ਗ਼ੈਰ-ਰਸਮੀ ਗੀਤ ਮਾਂ ਦੇ ਨ੍ਹਾਤੇ ਧੋਤੇ ਇਮੇਜ ਨੂੰ ਵਿਸ਼ੇਸ਼ਤਾਵਾਂ ਨਾਲ ਸਜਾਉਣ ਦੇ ਤਰਲੇ ਲੈਂਦੇ ਹਨ।

ਜਨ-ਸਾਧਾਰਨ ਨੇ ਨਿੱਜ ਤੇ ਲੱਗ-ਲਿਬੇੜ ਤੋਂ ਰਹਿਤ ਅਖਾਉਤਾਂ, ਮੁਹਾਵਰਿਆਂ, ਬੋਲੀਆਂ ਰਾਹੀਂ ਮਾਂ ਦੀ ਮਮਤਾ ਨੂੰ ਮਾਪਣ ਦੇ ਸੁਹਿਰਦ ਯਤਨ ਕੀਤੇ ਹਨ; ਕਈ ਕਿਸਮਾਂ ਦੀਆਂ ਉਪਮਾਵਾਂ ਨਾਲ ਸ਼ਿੰਗਾਰਿਆ ਹੈ ਤੇ ਆਪਣੀ ਆਪਣੀ ਧਰਤੀ, ਕਲਚਰ ਅਤੇ ਵਿੱਤ ਮੁਤਾਬਕ ਮਾਂ ਦੀ ਮਹੱਬਤ ਦੇ ਮੁਜੱਸਮੇਂ ਸਿਰਜੇ ਹਨ।

ਸ਼ਾਇਰਾਂ ਤੇ ਅਦੀਬਾਂ ਵੱਲੋਂ ਨਜ਼ਮ ਨਸਰ ਵਿੱਚ ਬੰਦ ਕੀਤੇ ਸ਼ਲਾਘਾ ਦੇ ਢੇਰਾਂ ਦੇ ਢੇਰ ਲਾ ਦਿੱਤੇ ਗਏ ਹਨ। ਧਾਰਮਕ ਗਰੰਥ ਅਤੇ ਪੁਸਤਕਾਂ ਵੀ ਇੱਸ ਪੱਖੋਂ ਪਿੱਛੇ ਨਹੀਂ ਰਹੀਆਂ। ਪਰ ਮਾਂ ਦੇ ਰੁਤਬੇ ਦੀ ਟੀਸੀ ਨੂੰ ਕੋਈ ਛੋਹ ਨਹੀਂ ਸਕਿਆ। ਇਹ ਸਾਰੇ ਯਤਨ ਮਾਂ ਦੀ ਅਕੱਥ ਕਾਇਨਾਤ ਦੀ ਪਰਿਭਾਸ਼ਾ ਅੰਕਤ ਕਰਨ ਦੇ ਸਫ਼ਲ/ਅਸਫ਼ਲ ਯਤਨ ਮੰਨੇ ਜਾ ਸਕਦੇ ਹਨ ਪਰ ਇਨ੍ਹਾਂ ਵਿੱਚੋਂ ਬਹੁਤੇ ਭਾਵੁਕਤਾ ਦੀ ਭਾਵਨਾ ਵੱਸ ਰਚੇ ਗਏ ਹਨ। ਇਨ੍ਹਾਂ ਵਿੱਚੋਂ ਮਾਂ ਦੀ ਅੰਤਰੀਵ ਘਾਲ ਦੇ ਥੌਹ ਨੂੰ ਕੋਈ ਨਹੀਂ ਪਾ ਸਕਿਆ।

ਕੈਨੇਡਾ ਅਮਰੀਕਾ ਵਿੱਚ ਮਦਰਜ਼ ਡੇਅ ਮਨਾਇਆ ਜਾਂਦਾ ਹੈ ਜਿਸ ਵਿੱਚ ਸਾਲ ਵਿੱਚ ਇੱਕ ਵਾਰੀ ਕਈ ਮਾਵਾਂ ਨੂੰ ਤੁਹਫ਼ਿਆਂ ਨਾਲ ਨਿਹਾਲ ਕੀਤਾ ਜਾਂਦਾ ਹੈ; ਉਨ੍ਹਾਂ ਨੂੰ ਲੰਚ/ਡਿਨਰ 'ਤੇ ਲਿਜਾਇਆ ਜਾਂਦਾ ਹੈ ਜਾਂ ਕਿਸੇ ਨਾ ਕਿਸੇ ਤਰ੍ਹਾਂ ਦਾ ਦਿਲੋਂ/ਅੱਧੇ ਦਿਲੋਂ ਇਸ ਰਸਮ ਨੂੰ ਪੂਰਿਆ ਕੀਤਾ ਜਾਂਦਾ ਹੈ। ਪਰ ਕੀ ਸਾਲ ਵਿੱਚ ਇੱਕ ਵਾਰੀ ਇਹ ਰਸਮ ਮਾਂ ਦੀ ਸਾਲਾਂ ਦੀ ਮੁਸ਼ੱਕਤ ਦਾ ਸਿਲ੍ਹਾ ਤਾਰ ਸਕਦੀ ਹੈ? ਨਹੀਂ, ਬਿਲਕੁਲ ਨਹੀਂ।

ਰਸਮਾਂ ਰਾਹੀਂ ਪਿਆਰ ਮੁਹੱਬਤ ਨਹੀਂ ਪਾਲਿਆ ਜਾ ਸਕਦਾ ਤੇ ਇਸੇ ਤਰ੍ਹਾਂ ਮਾਂ ਦਾ ਪਿਆਰ ਵੀ ਰਸਮਾਂ ਰਾਹੀਂ ਨਹੀਂ ਵੇਖਿਆ ਜਾ ਸਕਦਾ; ਉਹ ਵੀ ਸਾਲ ਵਿੱਚ ਇੱਕ ਦਿਨ।

ਮਦਰਜ਼ ਡੇਅ ਬਾਰੇ ਹਰ ਸਾਲ ਬਹੁਤ ਕੁਝ ਲਿਖਿਆ/ਬੋਲਿਆ/ਸੁਣਿਆ ਜਾਂਦਾ ਹੈ ਅਤੇ ਹਰ ਸਾਲ ਵਾਂਗ, ਸਾਲ ਵਿੱਚ ਇੱਕ ਵਾਰੀ ਇੱਕ ਦਿਨ ਵਾਂਗ ਪਿਛਲੇ ਦਿਨਾਂ ਵਿੱਚ ਵੀ ਇਹ ਹੀ ਵਰਤਾਰਾ ਵੇਖਣ ਵਿੱਚ ਆਇਆ ਸੀ। ਆਮ ਵਾਂਗ ਇਸ ਵਿੱਚ ਬਹੁਤਾ ਕੁਝ ਟੂਕਾਂ ਵਾਲੀਆਂ ਪੁਸਤਕਾਂ ਦੀ ਚੋਣਵੀ ਸਮਗਰੀ ਹੀ ਦਹੁਰਾਈ ਜਾਂਦੀ ਹੈ। ਉਧਾਰ ਲਈਆਂ ਇਨ੍ਹਾਂ ਟੂਕਾਂ ਵਿੱਚੋਂ ਅਸਲ ਭਾਵਨਾਵਾਂ ਗ਼ਾਇਬ ਹੁੰਦੀਆਂ ਹਨ। ਵਪਾਰਕ ਬੁਛਾੜ ਥੱਲੇ ਮਾਂ ਦੀ ਮਹੱਤਤਾ ਅਤੇ ਸ਼ੋਭਾ ਦੇ ਸੋਹਲੇ ਤੇ ਗੀਤ ਗਾਏ ਜਾ ਰਹੇ ਹੁੰਦੇ ਹਨ; ਉਸ ਸਮੇਂ ਇਸ ਦਿਨ ਦੀ ਅਸਲੀ ਅਹਿਮੀਅਤ ਬਾਰੇ ਗੱਲ ਸੁਣਨ ਲਈ ਕੋਈ ਤਿਆਰ ਨਹੀਂ ਹੁੰਦਾ। ਇਸ ਦਿਨ ਵਿਸ਼ੇਸ਼ ਦੇ ਜਸ਼ਨਾਂ ਦੇ ਜੋਸ਼ੀਲੇ ਢੋਲ਼ ਢਮੱਕੇ ਵਿੱਚ ਲੋਕ ਦਲੀਲ ਦੀ ਗੱਲ ਸੁਣ ਕੇ ਖ਼ੁਸ਼ ਨਹੀਂ ਹੁੰਦੇ ਸਗੋਂ ਭਾਵਾਤਮਕ ਹੁਲਾਰੇ ਵਿੱਚ ਗਵਾਚੇ ਅਤੇ ਚਾਵਾਂ-ਮਲ੍ਹਾਰਾਂ ਵਿੱਚ ਰੁੱਝੇ ਉਹ ਅਸਲੀਅਤ ਤੋਂ ਅੱਖਾਂ ਬੰਦ ਰੱਖ ਕੇ ਹੀ ਸੰਤੁਸ਼ਟ ਹੁੰਦੇ ਹਨ।

ਇਸੇ ਕਰਕੇ ਮੈਂ ਇਸ ਦਿਨ ਦੀ ਗਰਮੀ ਤੇ ਜੋਸ਼ ਠੰਡਾ ਪੈ ਲੈਣ ਦੀ ਉਡੀਕ ਵਿੱਚ ਪੱਛੜ ਕੇ ਇਹ ਸਤਰਾਂ ਲਿਖ ਰਿਹਾ ਹਾਂ।

"ਮਿਜ਼" ਮੈਗਜ਼ੀਨ ਦੀ ਬਾਨੀ, ਸੰਪਾਦਕ ਅਤੇ ਔਰਤਾਂ ਦੀ ਆਜ਼ਾਦੀ ਦੀ ਝੰਡਾਬਰਦਾਰ ਯੋਧਾ *ਗਲੋਰੀਆ ਸਟਾਈਨਮ* ਅਨੁਸਾਰ: "1870 ਵਿੱਚ ਘਰੋਗੀ ਜੰਗ ਅਤੇ ਦਹਿਸ਼ਤ ਖ਼ਿਲਾਫ਼ ਇੱਕ ਰੋਸ ਤੇ ਵਿਦਰੋਹ ਵਜੋਂ ਮੂਲ ਤੌਰ ਤੇ ਜੂਲੀਅ ਵਾਰਡ

ਹਾਓ ਵੱਲੋਂ **"Mother's Day Proclamation**," (**ਮਦਰਜ਼ ਡੇਅ ਘੋਸ਼ਣਾਂ**) ਮਦਰਜ਼ ਡੇਅ ਦਾ ਮੁੱਢ ਬੱਝਿਆ ਸੀ। ਇਸ ਨੂੰ ਮਨਾਉਣ ਪਿੱਛੇ ਜੂਲੀਆ ਵਾਰਡ ਦਾ ਘਰੋਗੀ ਖ਼ਾਨਾ ਜੰਗੀ ਖ਼ਿਲਾਫ਼ ਵਿਰੋਧ ਦਾ ਪ੍ਰਗਟਾਵਾ ਸੀ। ਜੰਗ ਕਾਰਨ ਹੁੰਦੀ ਅਜਾਂਈ ਜਾਨੀ-ਮਾਲੀ ਹਾਨੀ ਵੱਲ ਸਖ਼ਤ ਸੰਕੇਤ ਸੀ।"

ਇਹ ਘੋਸ਼ਣਾ ਜੰਗਾਂ ਦੇ ਨਿਰਾਰਥਕ ਖ਼ੂਨ ਖ਼ਰਾਬੇ ਦੇ ਵਿਰੁੱਧ ਇੱਕ ਬਿਆਨ ਸੀ। ਜੂਲੀਆ ਵੱਲੋਂ ਜੀਵਨ ਨੂੰ ਨਸ਼ਟ ਕਰਨ, ਤਬਾਹ ਕਰਨ ਖ਼ਿਲਾਫ਼ ਦੁਨੀਆ ਦੀਆਂ ਔਰਤਾਂ ਨੂੰ ਆਵਾਜ਼ ਉਠਾਉਣ ਦਾ ਸੱਦਾ ਸੀ। ਬੁਨਿਆਦੀ ਰੂਪ ਵਿੱਚ ਇੱਕ ਤਰ੍ਹਾਂ ਨਾਲ ਇਹ ਜੰਗਾਂ ਖ਼ਿਲਾਫ਼ ਪੁਕਾਰ ਸੀ। ਇਸ ਨਾਅਰੇ ਨੂੰ ਹਰ ਮਾਂ ਤੀਕ ਪਹੁੰਚਾਉਣ ਲਈ ਉਸ ਨੇ ਜੰਗ ਵਿਰੋਧੀ ਘੋਸ਼ਣਾ ਪੱਤਰ ਤਿਆਰ ਕੀਤਾ ਸੀ। ਇਸ ਦਾ ਮਾਂਵਾਂ ਨੂੰ ਤੁਹਫ਼ੇ ਦੇਣ ਨਾਲ ਜਾਂ ਉਸ ਦਿਨ ਵਿਸ਼ੇਸ਼ ਸਮੇਂ ਸਿਫ਼ਤ ਸਲਾਹਾਂ ਕਰਨ ਨਾਲ ਰਤੀ ਵੀ ਰਿਸ਼ਤਾ ਨਹੀਂ ਸੀ।

ਪਿੱਛਲੇ ਦਿਨਾਂ ਵਿੱਚ ਰਾਬਰਟ ਗਰੀਨਵਾਲਡ ਵੱਲੋਂ ਇਸੇ ਸੰਬੰਧੀ ਇੱਕ ਲਘੂ ਫਿਲਮ ਵੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਜੂਲੀਅ ਵਾਰਡ ਹਾਓ ਵੱਲੋਂ ਘੋਸ਼ਤ "Mother's Day Proclamation," ਵਿੱਚੋਂ ਲੱਈਆਂ ਲਾਈਨਾਂ ਵੱਖ ਵੱਖ ਐਕਟਰਾਂ ਵੱਲੋਂ ਨਾਟਕੀ ਅੰਦਾਜ਼ ਵਿੱਚ ਪੜ੍ਹੀਆਂ ਗਈਆਂ ਹਨ।

ਪਰ ਇਸ ਮੂਲ ਮਕਸਦ ਨੂੰ ਤਜ ਕੇ, ਅਮਰੀਕਨ ਵਪਾਰਕ ਕਲਚਰ ਅਧੀਨ ਹੁਣ ਵਪਾਰੀਆਂ ਨੇ ਇਸ ਦਿਨ ਨੂੰ ਵੀ ਆਪਣੇ ਹੱਥ ਚਾੜ੍ਹ ਲਿਆ ਹੋਇਆ ਹੈ। ਅਸੀਂ ਵੇਖਦੇ ਹਾਂ ਕਿ ਵਪਾਰਕ ਜੰਗਲ ਜੀਵਨ ਦੇ ਹਰ ਸੁੰਦਰ ਤਿਉਹਾਰ ਨੂੰ ਆਪਣੀ ਪਕੜ ਵਿੱਚ ਲਈ ਬੈਠਾ ਹੈ; ਮਦਰਜ਼ ਡੇਅ ਵੀ ਇਸ ਦੀ ਜ਼ਦ ਤੋਂ ਬਚ ਨਹੀਂ ਸਕਿਆ।ਵਪਾਰ ਨੇ ਅਮਰੀਕੀ ਜੀਵਨ ਦੇ ਸਾਰੇ ਪੱਖਾਂ - ਧਰਮ, ਵਿਦਿਆ, ਬੱਚੇ ਦਾ ਜਨਮ, ਉਸ ਦੀ ਪਰਵਰਿਸ਼, ਖੇਡਾਂ, ਦੇਸ਼ ਭਗਤੀ- ਅਤੇ ਉਹਨਾਂ ਨਾਲ ਸੰਬੰਧਤ ਸਾਜ਼ੋ-ਸਮਾਨ, ਭਾਵ ਹਰ ਪਹਿਲੂ ਉੱਤੇ ਵਪਾਰਕ ਮੁਲੰਮਾ ਚਾੜ੍ਹ ਦਿੱਤਾ ਹੋਇਆ ਹੈ। ਮਦਰਜ਼ ਡੇਅ ਵੀ ਇਸੇ ਹੀ ਵਪਾਰਕ ਆਕਰਮਣ ਦਾ ਇੱਕ ਬੇਬਸ ਜੀਵ ਬਣ ਕੇ ਰਹਿ ਗਿਆ ਹੈ।

ਲਾਲਸਾ ਵਿੰਨ੍ਹੀ ਦੁਨੀਆ ਵਿੱਚ ਅਵਾਜ਼ ਉਨ੍ਹਾਂ ਦੀ ਸੁਣੀਂਦੀ ਹੈ ਜੋ ਜੰਗਾਂ ਦੀ ਖੱਟੀ ਖਾਂਦੇ ਹਨ। ਉਹ ਘਾਤਕ ਹਥਿਆਰ ਬਣਵਾਉਂਦੇ ਹਨ; ਫ਼ਿਰ ਬਣ ਚੁੱਕੇ ਹਥਿਆਰਾਂ ਨੂੰ ਵੇਚਣ ਲਈ ਲੜਾਈਆਂ ਲਵਾਉਂਦੇ ਹਨ। ਮੁੜ ਕੇ ਇਨ੍ਹਾਂ ਹਥਿਆਰਾਂ ਨੂੰ ਲੜਾਈ ਦੀਆਂ ਦੋਹਾਂ ਧਿਰਾਂ ਨੂੰ ਵੇਚਦੇ ਹਨ। ਉਨ੍ਹਾਂ ਧਿਰਾਂ ਦੇ ਜੁਆਨ ਮੁੰਡੇ ਕੁੜੀਆਂ ਜੰਗ ਦੀ ਬਲ਼ੀ ਚੜ੍ਹਾਏ ਜਾਂਦੇ ਹਨ ਤੇ ਹਥਿਆਰ ਵੇਚਣ ਵਾਲੀਆਂ ਕੰਪਨੀਆਂ (ਉਨ੍ਹਾਂ ਦੀਆਂ ਹਿੱਸੇਦਾਰ ਸਰਕਾਰਾਂ ਸਮੇਤ) ਗੁਲਛੱਰੇ ਉਡਾਅ ਰਹੀਆਂ ਹੁੰਦੀਆਂ ਹਨ, ਉਨ੍ਹਾਂ ਦੇ ਸਟਾਕ ਦੇ ਸ਼ੇਅਰ ਉਪੱਰ ਜਾਂਦੇ ਹਨ ਤੇ ਲੋਕਾਂ ਦਾ ਜੀਵਨ ਪੱਧਰ ਥੱਲੇ ਜਾਂਦਾ ਹੈ। ਅਮਰੀਕਨ ਕਾਰਪੋਰੇਟ ਜਗਤ ਦਾ ਇਹ ਹੀ ਵਰਤਾਰਾ ਦੁਨੀਆ ਦੇ ਬਾਕੀ ਦੇਸ਼ਾਂ ਦੇ ਟਾਕਰੇ ਵਿੱਚ ਸਿਰ ਕੱਢ ਮਿਸਾਲ ਹੈ। ਇਹ ਕਾਰਪੋਰੇਸ਼ਨਾਂ ਲੜਾਈਆਂ ਲਵਾਉਣ ਤੇ ਫ਼ਿਰ ਉਨ੍ਹਾਂ ਨੂੰ ਜਾਰੀ ਰੱਖਣ ਵਿੱਚ ਨਿਰਦਈ ਮੁਹਾਰਤ ਹਾਸਲ ਕਰ ਚੁਕੀਆਂ ਹਨ; ਤਰਾਸਦੀ ਇਹ ਕਿ ਸਰਕਾਰਾਂ ਵੀ ਲੜਾਈਆਂ ਵਿੱਚ ਸ਼ਮਲ ਹੋ ਕੇ ਇਨ੍ਹਾਂ ਨੂੰ ਲੋੜ ਨਾਲੋਂ ਵੱਧ ਸਮਰਥਣ ਅਤੇ ਸਹਾਇਤਾ ਬਖ਼ਸ਼ਦੀਆਂ ਹਨ।

ਮਾਂ ਧੀਆਂ/ਪੁੱਤ ਇਸ ਕਰ ਕੇ ਨਹੀਂ ਜਨਮਦੀ ਕਿ ਉਹ ਕੁਝ ਧਨਾਢ ਤੇ ਨਿਰਦਈ ਜਾਨਵਰਾਂ ਜਿਹੇ ਮਨੁੱਖਾਂ ਦੇ ਲਾਲਚ ਦਾ ਖਾਜਾ ਬਣਨ, ਜਾਂ ਸਿਆਸਤਦਾਨਾਂ ਤੇ ਉਨ੍ਹਾਂ ਦੇ ਝੋਲ਼ੀਚੁੱਕਾਂ ਵੱਲੋਂ ਛੇੜੀਆਂ ਨਿਰਾਰਥਕ ਜੰਗਾਂ ਵਿੱਚ ਗੋਲੇ, ਬਰੂਦ ਅਤੇ ਬੰਬਾਂ ਦਾ ਨਿਸ਼ਾਨਾ ਬਣਨ। ਮਾਂ ਨੇ ਧੀਆਂ/ਪੁੱਤ ਜੀਵਨ ਦੇ ਮਹਾਨ ਮੰਤਵ ਲਈ ਜੰਮੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਅਜਾਂਈ ਮੌਤ ਦੇ ਮੂੰਹ ਝੌਂਕ ਦੇਣਾ ਮਾਂ ਦੀ ਲਾਸਾਨੀ ਮੁਸ਼ੱਕਤ ਤੇ ਮੁਤਬਰਕ ਸੰਕਲਪ ਨਾਲ ਘੋਰ ਅਨਿਆਂ ਹੈ। ਮਾਂ ਦੀ ਮਮਤਾ ਨੂੰ ਸ਼ਬਦਾਂ ਦੇ ਫੁੱਲਾਂ ਨਾਲ ਜਾਂ ਗ਼ਜ਼ਲਾਂ ਗਾਂ ਕੇ ਜਾ ਟੂਕਾਂ ਦਹੁਰਾਅ ਕੇ ਨਹੀਂ ਰਝਾਇਆ ਜਾ ਸਕਦਾ। ਮਾਂ ਦੇ ਜਨਮੇਂ ਧੀਆਂ/ਪੁੱਤਰਾਂ ਨੂੰ ਸੋਹਣੇ, ਸੁਚੱਜੇ ਜੀਵਨ ਜਿਊਣ ਲਈ ਮੌਕੇ ਮੁਹਈਆ ਕਰ ਕੇ ਹੀ ਮਦਰਜ਼ ਡੇਅ ਮਨਾਇਆ ਜਾ ਸਕਦਾ ਹੈ ਨਾ ਕਿ ਝੂਠੀ ਦੇਸ਼ ਭਗਤੀ ਦੇ ਨਾਂ 'ਤੇ ਉਨ੍ਹਾਂ ਨੂੰ ਬਲ਼ੀ ਚੜ੍ਹਾਅ ਕੇ। ਮਾਂ ਦੀ ਲਾਸਾਨੀ ਘਾਲ ਨੂੰ ਮਿੱਟੀ ਵਿੱਚ ਅਜਾਂਈ ਰੋਲਣਾ ਉਸ ਦੀ ਲਾਸਾਨੀ ਹੋਂਦ ਅਤੇ ਅਨੂਠੀ ਹੋਣੀ ਨਾਲ ਭਾਰੀ ਧਰੋਹ ਹੈ। ਹਰ ਮਾਂ ਦੀ ਸਦੀਵੀ ਇੱਛਾ ਹੁੰਦੀ ਹੈ ਕਿ ਮੇਰੇ ਧੀਆਂ/ਪੁੱਤਰ ਫੁਲ ਬਣ ਕੇ ਖਿੜਣ ਅਤੇ ਜਗ ਵਿੱਚ ਖ਼ੁਸ਼ਬੂਆਂ ਫ਼ਲਾਉਣ ਨਾ ਕਿ ਪਾਖੰਡੀ ਪਾਲੀਟੀਸ਼ਨਾਂ ਦੇ ਪਖੰਡਾਂ ਦੀ ਥਾਲੀ ਵਿੱਚ ਪਰੋਸੇ ਜਾਣ।

ਸੰਸਾਰ ਵਿੱਚ ਲੱਗਦੀਆਂ ਜੰਗਾਂ ਦੇ ਸਰਾਪ ਨੂੰ ਸਿਰਫ਼ ਮਾਂ ਨੇ ਹੀ ਹੰਢਾਇਆ ਹੈ, ਇਸੇ ਲਈ ਹੁਣ ਉਹ ਵਿਦਰੋਹ ਵਜੋਂ ਜੰਗ ਵਿਰੁੱਧ ਕੂਕ ਰਹੀ ਹੈ। ਉਹ ਆਪਣੀ ਰਚਣਾ ਨੂੰ ਜੰਗੀ ਮੁਨਾਫ਼ਾਖ਼ੋਰਾਂ ਦੇ ਪੰਜਿਆਂ ਤੋਂ ਛੁਡਾਉਣਾ ਚਾਹੁੰਦੀ ਹੈ।

ਵਪਾਰੀਆਂ ਨੇ ਕਰੋੜਾਂ ਡਾਲਰਾਂ ਦੇ ਤੁਹਫ਼ੇ ਤੇ ਸੌਦੇ ਵੇਚਣੇ ਹੁੰਦੇ ਹਨ। ਆਪਣੇ ਵਪਾਰ ਵਿੱਚ ਵਿਘਣ ਪੈਂਦਾ ਵੇਖ ਕੇ ਉਹ ਹਰ ਬਹਾਨੇ ਅਜਿਹੀ ਦਲੀਲ ਨੂੰ ਕੱਟਣ ਦੀ ਕੋਸ਼ਿਸ਼ ਕਰਦੇ ਹਨ ਜਿਹੜੀ ਉਨ੍ਹਾਂ ਦੇ ਧੰਦੇ ਦੇ ਨਿਰਵਿਘਣ ਚੱਲਣ ਵਿੱਚ ਰੋੜਾ ਬਣਦੀ ਹੋਵੇ। ਇਹ ਹੀ ਵਜ੍ਹਾ ਹੈ ਕਿ ਇਸ ਦਿਨ ਅਖ਼ਬਾਰਾਂ ਅਤੇ ਬਾਕੀ ਦੇ ਮੀਡੀਏ ਵਿੱਚ ਖੁੱਲ੍ਹ ਕੇ ਐਡਾਂ ਰਾਹੀਂ ਮਦਰਜ਼ ਡੇਅ ਦੇ ਤੁਹਫ਼ਿਆਂ ਦਾ ਪਰਚਾਰ ਕੀਤਾ ਜਾਂਦਾ ਹੈ। ਲੱਗਦਾ ਇੰਜ ਹੈ ਜਿਵੇਂ ਅਮਰੀਕਨ ਸਿਰਫ਼ ਇੱਕ ਦਿਨ ਹੀ ਮਾਂ ਨੂੰ ਪ੍ਰਸੰਨ ਤੇ ਸੰਤੁਸ਼ਟ ਵੇਖਣਾ ਚਾਹੁੰਦੇ ਹਨ, ਸਾਲ ਦੇ ਬਾਕੀ ਦਿਨ ਉਨ੍ਹਾਂ ਕੋਲ ਮਾਵਾਂ ਨੂੰ ਮਿਲਣ ਦਾ ਸਮਾਂ ਵੀ ਨਹੀਂ ਹੁੰਦਾ। ਉੱਤਰੀ ਅਮਰੀਕਾ ਕਲਚਰ

ਦੇ ਪ੍ਰਭਾਵ ਅਧੀਨ ਕੁਝ ਘਾਟੇ ਵਾਧਿਆਂ ਨਾਲ ਪੰਜਾਬੀ ਵੀ ਇਨ੍ਹਾਂ ਦਿਨਾਂ ਨੂੰ ਓਸੇ ਹੀ ਢੰਗ ਤੇ ਉਨ੍ਹਾਂ ਹੀ ਤੌਰ ਤਰੀਕਿਆਂ ਨਾਲ ਮਨਾਉਣ ਲੱਗ ਪਏ ਹਨ। ਪਰ ਇਸ ਦਿਨ ਦੀ ਅਸਲ ਅਹਿਮੀਅਤ ਤੇ ਮੂਲ ਮਹੱਤਤਾ ਦਾ ਪਤਾ ਘੱਟ ਹੀ ਲੋਕਾਂ ਨੂੰ ਹੁੰਦਾ ਹੈ।

ਮਦਰਜ਼ ਡੇਅ ਦੇ ਰਸਮੀ ਰੌਲੇ-ਰੱਪੇ ਵਿੱਚ ਇਹ ਅਹਿਮ ਨੁਕਤਾ ਵਸਾਰ ਦਿੱਤਾ ਜਾਂਦਾ ਹੈ ਕਿ ਮਾਂ ਧਰਤੀ, ਉਤਪਤੀ, ਬੇਪਨਾਹ ਮੁਹੱਬਤ, ਇਕੌਲੋਜੀ, ਮਨੁੱਖੀ ਨਸਲ ਦੀ ਸਰਵਾਈਵਲ ਦਾ ਚਿੰਨ੍ਹ ਵੀ ਹੈ। ਜਿਹੜੀ ਮਾਂ ਆਪਣੇ ਬੱਚੇ/ਬੱਚੀ ਨੂੰ ਲੱਗਦੀ ਤੱਤੀ ਵਾਅ ਨਹੀਂ ਸਹਿਣ ਕਰ ਸਕਦੀ ਉਹ ਜਾਨੋਂ ਪਿਆਰੀਆਂ ਇਨ੍ਹਾਂ ਜਾਨਾਂ ਨੂੰ ਬੇਕਾਰ ਜੰਗਾਂ ਵਿੱਚ ਜ਼ਾਇਆ ਹੁੰਦਾ ਵੀ ਨਹੀਂ ਵੇਖ ਸਕਦੀ। ਸੋ, ਸੋਚਣ ਦੀ ਲੋੜ ਹੈ ਕਿ ਅੱਜ ਦੀਆਂ ਜੰਗਾਂ ਦਾ ਮਕਸਦ ਜ਼ਮੀਨਾਂ ਜਾਂ ਹੱਦਾਂ ਉੱਤੇ ਕਬਜ਼ਾ ਕਰ ਕੇ ਰਿਆਸਤ ਜਾਂ ਸਲਤਨਤ ਵਿੱਚ ਵਾਧਾ ਕਰਨਾ ਨਹੀਂ ਰਿਹਾ ਸਗੋਂ ਦੂਜੀਆਂ ਧਰਤੀਆਂ ਦੇ ਕਮਜ਼ੋਰ ਲੋਕਾਂ ਦੇ ਸਾਧਨਾਂ ਉੱਤੇ ਕਬਜ਼ਾ ਕਰਨਾ ਹੁੰਦਾ ਹੈ। ਅਮਰੀਕਾ ਅੰਦਰ ਮਨੁੱਖ ਵੈਰੀ ਤੇ ਘਾਤਕ ਹਥਿਆਰ ਬਣਾਉਣ ਵਾਲੀਆਂ ਕਾਰਪੋਰੇਸ਼ਨਾਂ ਦੀ ਹੋਂਦ ਅਤੇ ਖੁਸ਼ਹਾਲੀ ਵੱਧ ਘਾਤਕ ਹਥਿਆਰ ਬਣਾਉਣ ਅਤੇ ਵੇਚਣ 'ਤੇ ਨਿਰਭਰ ਕਰਦੀ ਹੈ। ਇਸ ਲਈ ਉਹ ਜੰਗਾਂ ਲਵਾਉਣ ਲਈ ਸਿਆਸਦਾਨਾਂ ਨੂੰ ਅੰਦਰਗਤੀ ਭੜਕਾਉਂਦੇ ਰਹਿੰਦੇ ਹਨ। ਇਹ ਮਾਸ ਖੋਰੇ ਦੈਂਤ, ਮਾਵਾਂ ਦੇ ਬੱਚਿਆਂ ਨੂੰ ਮੌਤ ਦੇ ਮੂੰਹ ਪਾਉਣ ਵਾਲੇ ਨਿਰਦਈ ਸ਼ੈਤਾਨ ਆਪਣੀ ਅਯਾਸ਼ੀ ਲਈ ਲੜਾਈਆਂ ਲਵਾਈ ਰੱਖਦੇ ਹਨ ਅਤੇ ਮਰਨ ਵਾਲਿਆਂ ਦੀਆਂ ਲਾਸ਼ਾਂ ਦੇ ਲਹੂ 'ਤੇ ਪਲਦੇ ਤੇ ਖੁਸ਼ੀਆ ਮਨਾਉਂਦੇ ਹਨ। ਆਮ ਬੰਦੇ ਦੀ ਮੌਤ ਇਨ੍ਹਾਂ ਦਾ ਜੀਵਨ ਹੁੰਦਾ ਹੈ। ਜਿੰਨੀ ਦੇਰ ਤਾਂਈਂ ਅਸੀਂ ਸ਼ੈਤਾਨਾਂ ਦੀਆਂ ਖੂਨੀ ਚਾਲਾਂ ਨੂੰ ਲਗਾਮ ਨਹੀਂ ਪਾਉਂਦੇ ਓਨੀ ਦੇਰ ਇਹ ਨਹੱਕੀਆਂ ਜਾਨਾਂ ਜਾਂਦੀਆ ਰਹਿਣਗੀਆਂ ਤੇ ਇਹ ਵਹਿਸ਼ੀ ਈਦਾਂ ਮਨਾਉਂਦੇ ਰਹਿਣਗੇ।

******

ਜੂਲੀਆ ਵਾਰਡ ਹਾਓ ਵੱਲੋਂ **"Mother's Day Proclamation**," (**ਮਦਰਜ਼ ਡੇਅ ਘੋਸ਼ਣਾਂ**) ਦੇ ਸੁਨੇਹੇ ਦੇ ਕੁੱਝ ਅੰਸ਼ ਹੇਠ ਦਿੱਤੇ ਜਾਂਦੇ ਹਨ:

*"ਇਸ ਯੁਗ ਦੀਆਂ ਔਰਤੋ ! ਜਾਗੋ !*
*ਭਾਵੇਂ ਤੁਹਾਡੀ ਪੌਹਲ ਪਾਣੀ ਨਾਲ ਜਾਂ ਅੱਥਰੂਆਂ ਰਾਹੀਂ ਨਿਭਾਈ ਗਈ ਹੋਵੇ !*
*"ਸਾਡੇ ਪ੍ਰਸ਼ਨਾਂ ਦੇ ਉੱਤਰ ਅਕਰਾਥ ਏਜੰਸੀਆਂ ਵੱਲੋਂ ਦੇਣੇ ਨਹੀਂ ਬਣਦੇ*
*ਲਾਡ-ਪਿਆਰ ਤੇ ਪ੍ਰਸੰਸਾ ਲੈਣ ਲਈ ਸਾਡੇ ਘਰਾਂ ਵਾਲੇ*
*ਸਾਡੇ ਪਾਸ ਖੂੰਨ ਵਿੱਚ ਲੱਥ-ਪੱਥ ਨਹੀਂ ਆਉਣਗੇ*
*ਨਿਸ਼ੱਸਤਰਹੀਣ ਹੋਵੋ !*
*ਕਤਲ ਕਰਨ ਵਾਲੀ ਤਲਵਾਰ ਇਨਸਾਫ਼ ਦੀ ਤੱਕੜੀ ਨਹੀਂ ਬਣਦੀ*
*ਤੇ ਨਾਂ ਹੀ ਹਿੰਸਾ ਕਬਜ਼ੇ ਦਾ ਪ੍ਰਗਟਾਵਾ*
*ਜਿਵੇਂ ਪੁਰਸ਼ਾਂ ਨੇ ਜੰਗ ਦੇ ਸੱਦੇ 'ਤੇ ਅਕਸਰ ਹਲ਼-ਪੰਜਾਲੀ ਨੂੰ ਤਿਲਾਂਜਲ਼ੀ ਦਿੱਤੀ ਸੀ*
*ਇਕ ਮਹਾਨ ਅਤੇ ਸੁਹਿਰਦ ਮਸ਼ਵਰੇ ਮੁਤਾਬਕ*
*ਜੋ ਕੁਝ ਘਰ ਬਚਿਆ ਹੈ ਓਵੇਂ ਹੀ ਔਰਤਾਂ ਵੀ ਉਸ ਨੂੰ ਤਜ ਦੇਣ*
*ਔਰਤ ਹੋਣ ਨਾਤੇ, ਮ੍ਰਿਤਕਾਂ 'ਤੇ ਉਨ੍ਹਾਂ ਦੇ ਵਰਲਾਪ ਕਰਨ ਅਤੇ ਸਮਾਰਕ ਹੋਣ*
*ਇੱਕ ਦੂਜੀ ਨਾਲ ਸਿਰ ਜੋੜ ਕੇ ਅਜਿਹੀ ਵਿਉਂਤ ਘੜਣ*
*ਜਿਸ ਰਾਹੀਂ ਮਹਾਨ ਮਨੁੱਖੀ ਪਰਿਵਾਰ ਸ਼ਾਂਤੀ ਨਾਲ ਜੀਅ ਸਕੇ*
*ਔਰਤ ਜ਼ਾਤ ਅਤੇ ਮਨੁੱਖਤਾ ਦੇ ਨਾਂ 'ਤੇ*
*ਮੈਂ ਸੁਹਿਰਦਤਾ ਨਾਲ ਮੰਗਦੀ ਹੈ*
*ਕਿ ਅਮਨ ਦੇ ਮਹਾਂ ਹਿੱਤ ਵਿੱਚ ਅੰਤਰਰਾਸ਼ਟਰੀ ਮਸਲਿਆਂ ਨੂੰ*
*ਦੋਸਤਾਨਾ ਢੰਗ ਰਾਹੀਂ ਸੁਲਝਾਉਣ ਲਈ*
*ਵੱਖ ਵੱਖ ਕੌਮਾਂ ਵਿੱਚ ਸਾਂਝ ਸਿਰਜਣ ਲਈ*
*ਦੇਸ਼ਾਂ ਦੀਆਂ ਹੱਦਾਂ ਬੰਨਿਆਂ ਤੋਂ ਮੁਕਤ ਔਰਤਾਂ ਦਾ ਸਮੂਹਕ ਮਹਾਂਸਮੇਲਣ ਕੀਤਾ ਜਾਵੇ।"*

**ਪੁਸਤਕ ਰੀਵੀਊ**

# ਹੀਰਾ ਮੰਡੀ ਲਾਹੌਰ ਦੀ



(ਲਾਹੌਰ ਦੀ ਹੀਰਾ ਮੰਡੀ ਦਾ ਇਕ ਦ੍ਰਿਸ਼)

ਗਰਮੀਆਂ ਦੀਆਂ ਛੁੱਟੀਆਂ ਵਿੱਚ ਪੜ੍ਹੀਆਂ ਕੁੱਝ ਕਿਤਾਬਾਂ ਵਿੱਚੋਂ ਇਕ ਕਿਤਾਬ ਨੇ ਮਨ ਨੂੰ ਟੁੰਬਿਆ ਅਤੇ ਸੋਚਣ ਲਈ ਕੁੱਝ ਨਵਾਂ ਪੇਸ਼ ਕੀਤਾ। ਇਹ ਕਿਤਾਬ ਸੀ ਪਾਕਿਸਤਾਨੀ ਲੇਖਕਾ ਫੌਜ਼ੀਆ ਸਈਦ ਵਲੋਂ ਅੰਗਰੇਜ਼ੀ ਵਿੱਚ ਲਿਖੀ ਕਿਤਾਬ *ਟੈਬੂ: ਦੀ ਹਿਡਨ ਕਲਚਰ ਆਫ ਰੈੱਡ ਲਾਈਟ ਏਰੀਆ* ਦਾ ਪੰਜਾਬੀ ਅਨੁਵਾਦ *ਹੀਰਾ ਮੰਡੀ ਲਾਹੌਰ ਦੀ,* ਜਿਹੜੀ ਲੋਕਗੀਤ ਪ੍ਰਕਾਸ਼ਨ ਵੱਲੋਂ 2006 ਵਿੱਚ ਛਾਪੀ ਗਈ।

ਇਸ ਕਿਤਾਬ ਵਿੱਚ ਫੌਜੀਆ ਸਈਦ ਨੇ ਲਾਹੌਰ ਦੇ ਲਾਲ ਬੱਤੀ ਖੇਤਰ ਵਿੱਚ ਸਥਿੱਤ ਸ਼ਾਹੀ ਮੁਹੱਲੇ ਵਿੱਚ ਕੰਮ ਕਰਦੇ ਲੋਕਾਂ - ਨਾਚੀਆਂ, ਵੇਸਵਾਵਾਂ, ਦੱਲਿਆਂ, ਸਾਜ਼ਿੰਦਿਆਂ - ਦੀ ਜ਼ਿੰਦਗੀ ਬਾਰੇ ਲਿਖਿਆ ਹੈ। ਇਸ ਕਿਤਾਬ ਦੀ ਖੋਜ ਦੌਰਾਨ ਸਈਦ ਨੇ ਲੰਮਾ ਸਮਾਂ ਇਸ ਲਾਲ ਬੱਤੀ ਖੇਤਰ ਵਿੱਚ ਬਿਤਾਇਆ। ਉਸ ਨੇ ਇਸ ਖੇਤਰ ਵਿੱਚ ਕੰਮ ਕਰਦੀਆਂ ਵੇਸਵਾਵਾਂ ਅਤੇ ਸੰਗੀਤਕਾਰਾਂ (ਉਸਤਾਦਾਂ ਅਤੇ ਸ਼ਗਿਰਦਾਂ) ਨਾਲ ਸਹੇਲਪੁਣਾ ਅਤੇ ਦੋਸਤੀ ਪਾਈ ਅਤੇ ਉਹਨਾਂ ਦੀ ਰੋਜ਼ਾਨਾ ਜ਼ਿੰਦਗੀ ਦੀਆਂ ਗਤੀਵਿਧੀਆਂ ਵਿੱਚ ਸ਼ਿਰਕਤ ਕੀਤੀ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਈਦ ਨੇ ਇਸ ਖੇਤਰ ਵਿੱਚ ਕੰਮ ਕਰਦੇ ਲੋਕਾਂ ਨਾਲ ਆਮ ਇਨਸਾਨਾ ਵਾਂਗ ਵਰਤਿਆ, ਉਹਨਾਂ ਬਾਰੇ ਕੋਈ ਮੰਦੀ ਪੂਰਵਧਾਰਨਾਂ ਬਣਾਉਣ ਤੋਂ ਬਿਨਾਂ। ਨਤੀਜੇ ਵੱਜੋਂ ਉਹ ਉਹਨਾਂ ਲੋਕਾਂ ਦਾ ਵਿਸ਼ਵਾਸ ਜਿੱਤਣ ਵਿੱਚ ਅਤੇ ਉਹਨਾਂ ਨੂੰ ਆਮ ਇਨਸਾਨਾਂ ਵਾਂਗ ਪੇਸ਼ ਕਰਨ ਵਿੱਚ ਕਾਮਯਾਬ ਹੋਈ ਹੈ।

ਇਹ ਕਿਤਾਬ ਪੜ੍ਹਦਿਆਂ ਲਾਹੌਰ ਦੇ ਲਾਲ ਬੱਤੀ ਇਲਾਕੇ ਵਿੱਚ ਕੰਮ ਕਰਦੀਆਂ ਔਰਤਾਂ ਦੇ ਦੁੱਖ ਦਰਦ, ਖੁਸ਼ੀਆਂ (ਬੇਸ਼ੱਕ ਬਹੁਤ ਥੋੜ੍ਹੀਆਂ), ਸੁਫਨਿਆਂ, ਸੁਫਨਿਆਂ ਨੂੰ ਸਾਕਾਰ ਕਰਨ ਦੀਆਂ ਕੋਸ਼ਿਸ਼ਾਂ ਅਤੇ ਚਕਨਾਚੂਰ ਹੁੰਦੇ ਸੁਫਨਿਆਂ ਦੀਆਂ ਕਹਾਣੀਆਂ ਬਹੁਤ ਹੀ ਸਿੱਧੇ ਪਰ ਦਿਲਟੁੰਬਵੇਂ ਸ਼ਬਦਾਂ ਵਿੱਚ ਸਾਡੇ ਦਰਪੇਸ਼ ਹੁੰਦੀਆਂ ਹਨ। ਉਦਾਹਰਨ ਲਈ ਇਕ ਬਾਰਾਂ-ਤੇਰਾਂ ਸਾਲ ਦੀ ਕੁੜੀ ਸੋਨੀਆ ਜਦੋਂ ਆਪਣੇ ਸਮੇਂ ਤੋਂ ਪਹਿਲਾਂ ਦੇਹ-ਵਪਾਰ ਦਾ ਧੰਦਾ ਸ਼ੁਰੂ ਕਰਦੀ ਹੈ ਤਾਂ ਉਸ ਬਾਰੇ ਅਸੀਂ ਇਹ ਪੜ੍ਹਦੇ ਹਾਂ:

> ਇਕ ਹੀ ਰਾਤ ਵਿੱਚ ਉਹ ਬੱਚੇ ਤੋਂ ਬਾਲਗ ਹੋ ਗਈ ਸੀ। ਉਹਨੂੰ ਸ਼ਾਮ ਨੂੰ ਭੈਣਾਂ ਨਾਲ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ। ਹਾਲਾਂਕਿ ਮੁਹੱਲੇ ਦੀਆਂ ਛੋਟੀਆਂ ਕੁੜੀਆਂ ਨੂੰ ਵੀ ਸੈਕਸ ਬਾਰੇ ਪਤਾ ਹੁੰਦਾ ਏ ਪਰ ਸੋਨੀ ਇਸ ਤਣਾਉ ਕਾਰਨ ਬੜੀ ਦੁਚਿੱਤੀ ਵਿੱਚ ਸੀ ਜੋ ਉਹ ਹਰ ਸਮੇਂ ਝੱਲ ਰਹੀ ਸੀ। ਉਹ ਆਪਣੇ ਛੋਟੇ ਭੈਣ-ਭਰਾਵਾਂ ਅਤੇ ਖਿਡੌਣਿਆਂ ਨਾਲ ਖੇਡਣ ਅਤੇ ਬੰਦਿਆਂ ਨਾਲ ਇਕ ਬਾਲਗ ਵਾਂਗ ਵਿਹਾਰ ਕਰਨ ਲਈ ਵਿਚਕਾਰੋਂ ਟੁੱਟੀ ਪਈ ਸੀ। ਇਕ ਗੱਲ ਸਾਫ ਸੀ ਉਹਦੀ ਰੂਹ ਮਰ ਚੁੱਕੀ ਸੀ ਤੇ ਉਹ ਚੁੱਪ ਵਿੱਚ ਗੜੁੰਮ ਹੋ ਗਈ ਸੀ। (ਸਫਾ 260)

ਸਮਾਜ ਵਿੱਚ ਵੇਸਵਾਗਮਨੀ ਦੀ ਹੋਂਦ ਦੇ ਕਾਰਨਾਂ ਦਾ ਕੀਤਾ ਵਿਸ਼ਲੇਸ਼ਣ ਇਸ ਕਿਤਾਬ ਦੀ ਸਭ ਤੋਂ ਵੱਡੀ ਖੂਬੀ ਹੋ ਨਿਬੜਦਾ ਹੈ। ਸਈਦ ਦਾ ਦਾਅਵਾ ਹੈ ਕਿ ਵੇਸਵਾਗਮਨੀ ਸਮਾਜ ਵਿੱਚ ਮਰਦ-ਪ੍ਰਧਾਨਤਾ (ਪੈਟਰੀਆਰਕੀ) ਦਾ ਨਤੀਜਾ ਹੈ। ਇਸ ਦੇ ਨਾਲ ਹੀ ਉਹ ਇਤਿਹਾਸਕ ਤੱਥਾਂ ਨੂੰ ਆਧਾਰ ਬਣਾ ਕੇ ਕਹਿੰਦੀ ਹੈ ਕਿ ਸਾਡੇ ਸਮਾਜ ਵਿੱਚ ਵੇਸਵਾਗਮਨੀ ਨੂੰ ਇਕ ਸੰਸਥਾ ਵਜੋਂ ਸਥਾਪਤ ਕਰਨ ਵਿੱਚ ਸਟੇਟ ਦਾ ਵੱਡਾ ਹੱਥ ਰਿਹਾ ਹੈ। ਉਸਦਾ ਕਹਿਣਾ ਹੈ ਕਿ "ਦੱਖਣੀ ਏਸ਼ੀਆ ਵਿੱਚ ਰੰਡੀਗਿਰੀ ਨੂੰ ਹਾਕਮ ਜਮਾਤ ਨੇ ਵਿਕਸਿਤ ਅਤੇ ਸੰਸਥਾਗਤ ਕੀਤਾ ਏ, ਇਸ ਲਈ ਸਾਨੂੰ ਇਨ੍ਹਾਂ ਦੋਹਾਂ ਵਿਚਕਾਰ ਸੰਬੰਧਾਂ ਦਾ ਹੀ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।" (ਸਫਾ 294) ਉਸ ਦਾ ਇਹ ਵੀ ਕਹਿਣਾ ਹੈ ਕਿ ਵੇਸਵਾਗਮਨੀ ਨੂੰ ਸਥਾਪਤ ਕਰਨ ਵਿੱਚ ਹਾਕਮ ਜਮਾਤਾਂ ਨੂੰ ਧਾਰਮਕ ਆਗੂਆਂ ਦਾ ਵੀ ਵੱਡਾ ਸਹਿਯੋਗ ਰਿਹਾ ਹੈ।

ਸਮੁੱਚੇ ਰੂਪ ਵਿੱਚ ਇਹ ਕਿਤਾਬ ਇਕ ਜ਼ਰੂਰ ਹੀ ਪੜ੍ਹੀ ਜਾਣ ਵਾਲੀ ਕਿਤਾਬ ਹੈ। ਇਹ ਸਾਨੂੰ ਵੇਸਵਾਗਮਨੀ ਬਾਰੇ ਸੋਚਣ ਲਈ ਇਕ ਨਵਾਂ ਨਜ਼ਰੀਆ ਦਿੰਦੀ ਹੈ। ਇਹ ਦਸਦੀ ਹੈ ਕਿ ਜੇ ਅਸੀਂ ਇਸ ਸਮੱਸਿਆ ਦੇ ਅਸਲ ਕਾਰਨਾਂ ਨੂੰ ਸਮਝਣਾ ਹੈ ਤਾਂ ਸਾਨੂੰ ਆਪਣਾ ਧਿਆਨ ਕਾਮ ਦੀ ਸੇਵਾ ਦੇਣ ਵਾਲਿਆਂ ਉੱਤੇ ਕੇਂਦਰਿਤ ਕਰਨ ਦੀ ਥਾਂ ਕਾਮ ਦੀ ਸੇਵਾ ਖ੍ਰੀਦਣ ਵਾਲਿਆਂ ਉੱਤੇ ਕੇਂਦਰਿਤ ਕਰਨਾ ਚਾਹੀਦਾ ਹੈ।

ਪੜ੍ਹਨ ਲਈ ਇਹ ਕਿਤਾਬ ਕਿੱਥੋਂ ਮਿਲ ਸਕਦੀ ਹੈ? ਇਸ ਦੇ ਅੰਗਰੇਜ਼ੀ ਅਤੇ ਪੰਜਾਬੀ ਐਡੀਸ਼ਨ ਕੈਨੇਡਾ ਦੇ ਪਬਲਿਕ ਲਾਇਬ੍ਰੇਰੀ ਪ੍ਰਬੰਧ ਵਿੱਚ ਮੌਜੂਦ ਹਨ। ਜਿਹੜੇ ਲੋਕ ਇਸ ਨੂੰ ਖ੍ਰੀਦਣਾ ਚਾਹੁੰਦੇ ਹਨ ਉਹ ਇਸ ਦਾ ਅੰਗਰੇਜ਼ੀ ਐਡੀਸ਼ਨ ਐਮਾਜ਼ੋਨ ਕਾਮ ਦੇ ਵੈੱਬਸਾਈਟ (http://www.amazon.ca/) ਤੋਂ 15-20 ਡਾਲਰ ਵਿੱਚ ਖ੍ਰੀਦ ਸਕਦੇ ਹਨ ਅਤੇ ਇਸ ਨੂੰ ਪੰਜਾਬੀ ਵਿੱਚ ਖ੍ਰੀਦਣ ਲਈ ਉਹ ਲੋਕਗੀਤ ਪ੍ਰਕਾਸ਼ਨ ਨਾਲ ਸੰਪਰਕ ਕਰ ਸਕਦੇ ਹਨ। **-ਸੁਖਵੰਤ ਹੁੰਦਲ**